# ਚਿਰਾਗ

ਜੁਲਾਈ-ਸਤੰਬਰ 2006

**July - September 2006**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਿਰਾਗ



ਮੁੱਲ : 15 ਰੁਪਏ 57 ਜੁਲਾਈ-ਸਤੰਬਰ 2006

# ਚਿਰਾ.ਗ ਤਿਮਾਹੀ

ਜੁਲਾਈ-ਸਤੰਬਰ 2006



ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


| | |
|---|---|
| ✦ ਸੰਪਾਦਕੀ ਟਿੱਪਣੀਆਂ | 1. ਕਿਉਂ ਮੁੜਦੇ ਹਾਂ ਬਾਰ ਬਾਰ ਪਿੱਛੇ ਵੱਲ<br>2. ਡਾ. ਓਮ ਪ੍ਰਕਾਸ਼ ਗ੍ਰੇਵਾਲ ਦੀ ਯਾਦ ਵਿਚ |
| ✦ ਇਸ ਵਾਰ ਦਾ ਵਿਸ਼ੇਸ਼ ਕਵੀ | ਨਿਜ਼ਾਰ ਕੁਬਾਨੀ (ਇਰਾਕ ਬਾਰੇ ਲੰਮੀ ਕਵਿਤਾ) |
| ✦ ਉਰਦੂ ਕਵਿਤਾ | ਤੰਨਮ ਰਿਆਜ਼ ਦੀਆਂ ਚਾਰ ਨਜ਼ਮਾਂ |
| ✦ ਹਿੰਦੀ ਕਵਿਤਾ | ਬੱਤੀ ਸਾਲ ਦੀ ਕੁਆਰੀ ਲੜਕੀ (ਦੇਵਾਸ਼.ਪਾਲੀ) |
| ✦ ਪੰਜਾਬੀ ਕਵਿਤਾਵਾਂ | ਦਰਸ਼ਨ ਬੁੱਟਰ |
| ✦ ਬਿਨਾਂ ਟਿੱਪਣੀ ਤੋਂ | ਡਾ. ਜਗਤਾਰ ਦੀ ਟਿੱਪਣੀ ਤੇ ਸੂਫੀ ਅਮਰਜੀਤ ਦਾ ਪ੍ਰਤੀਕਰਮ |
| ✦ ਵਾਘਿਓਂ ਪਾਰ | ਗੀਤ (ਸਾਈਂ ਅਖ਼ਤਰ ਲਾਹੌਰੀ) ਰੌਂਦ (ਕਹਾਣੀ) ਜ਼ਬੀਰ ਅਹਿਮਦ, ਪੰਜਾਬ ਵਿਚ ਜ਼ੁਬਾਨ ਦੀ ਮਸਲਾ (ਆਬਦ ਅਮੀਨ) ਕਹਾਣੀ ਦਾ ਪਾਸਪੋਰਟ (ਅਫ਼ਜ਼ਲ ਤੌਸੀਫ਼) |
| ✦ ਅੰਗ੍ਰੇਜ਼ੀ ਕਹਾਣੀ | ਪੂਛ ਵਾਲਾ ਤਾਰਾ ( ਡਾ. ਜੇਅੰਤ ਕਾਰਨੀਕਰ) |
| ✦ ਮੁਲਾਂਕਣ | ਸੰਤੋਖ ਸਿੰਘ ਧੀਰ (ਡਾ. ਚਮਨ ਲਾਲ) |
| ✦ ਯਾਦਾਂ | ਡੀਗਰੋ ਰਿਵੇਰਾ ਅਤਰਜੀਤ) (ਅਣਖ ਦੇ ਬੀਜ) |
| ✦ ਵਿਸ਼ਵ ਸਾਹਿਤ | ਮਹਿਮੂਦ ਦਰਵੇਸ਼ (ਆਤਮਾ ਰਾਮ) |
| ✦ ਪੁਸਤਕ ਪੜਚੋਲ | ਇੱਕ ਲੱਪ ਲਾਵਾ, ਮੈਂ ਮੁਹਾਜਰ ਹਾਂ (ਸੁਲੱਖਣ ਸਰਹੱਦੀ)<br>ਮੋਤੀਆਂ ਵਰਗੇ ਅੱਖਰ ( ਡਾ. ਕੁਲਦੀਪ ਸਿੰਘ ਧੀਰ) |
| ✦ ਪੁਸਤਕ ਪ੍ਰਾਪਤੀ | ••• |
| ✦ ਕਹਾਣੀ ਅੰਕ ਬਾਰੇ | ਸ਼ਫ਼ਕਤ ਤਨਵੀਰ ਮਿਰਜ਼ਾ (ਲਾਹੌਰ) |
| ✦ ਮੁੱਖ ਚਿਤਰ | ਟੀਨਾ ਮਾਦੋਤੀ ਦੀ ਖਿੱਚੀ ਤਸਵੀਰ |



Postal Address:
Harbhajan Singh Hundal,
V. Fatu Chak,
P.O. Dhilwan
Distt. Kapurthala -144804
(Pb.) India
Phone No. 01822-273188



| ਚੰਦਿਆਂ ਦਾ ਵੇਰਵਾ | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ।

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰਜ਼ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਢੰਨ ਰੋਡ, ਜਲੰਧਰ (ਫੋਨ- 98150-44338) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - 31 ਜੁਲਾਈ 2006


ਸੰਪਾਦਕੀ ਟਿੱਪਣੀਆਂ

## 1. ਕਿਉਂ ਮੁੜਦੇ ਹਾਂ ਬਾਰ ਬਾਰ ਪਿੱਛੇ ਵੱਲ

### (ਆਗਾਹਾ ਕੁ ਤ੍ਰਾਘ ਪਿੱਛਾ ਫੇਰ ਨਾ ਮੋਹਡੜਾ)

ਪੰਜਾਬੀ ਸਾਹਿਤ ਬਾਰੇ ਜਦੋਂ ਵੀਹਵੀਂ ਸਦੀ ਵਿਚ ਆਲੋਚਨਾਤਮਕ ਪਿੜ ਭੱਖਿਆ ਤਾਂ ਮੁੱਢਲੇ ਦੌਰ ਦੇ ਉਹ ਸਾਰੇ ਪ੍ਰਸ਼ਨ ਉੱਠੇ ਜੋ ਉੱਠਣੇ ਸੁਭਾਵਕ ਸਨ। ਕਿਉਂਕਿ ਸਾਡੇ ਕੋਲ ਇਤਿਹਾਸਕ, ਸਮਾਜਿਕ ਅਤੇ ਸਭਿਆਚਾਰਕ ਚੇਤਨਾ ਦੀ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਸਮਝ ਨਹੀਂ ਸੀ। ਇਸ ਲਈ ਸਾਡੀ ਜੜ੍ਹ / ਖੜੋਤੀ ਸੋਚ ਦਾ ਵਿਗਿਆਨਿਕ ਸੋਚ ਨਾਲ ਟਾਕਰਾ ਹੋਣਾ ਵੀ ਸੁਭਾਵਕ ਸੀ। ਪਿੜ ਸਾਹਿਤ ਦਾ ਸੀ ਪਰ ਸਾਹਿਤ ਦੀ ਇਤਿਹਾਸਕਾਰੀ ਦੇ ਮਸਲੇ, ਭਾਸ਼ਾ ਲਿਪੀ ਦੇ ਮਸਲੇ ਅਤੇ ਖਰੜਿਆਂ / ਪੁਸਤਕਾਂ ਨੂੰ ਮਿਤੀ ਬੱਧ ਕਰਨ ਦੇ ਮਸਲਿਆਂ ਨੇ ਸਾਲਾਂ ਬੱਧੀ ਰਿੜਕਣਾ ਪਾ ਰੱਖਿਆ। ਬਹੁਤ ਸਾਰੇ ਮਸਲੇ ਸੁਲਝ ਗਏ। ਕਈ ਅਜੇ ਵੀ ਅਣਸੁਲਝੇ ਹੀ ਚਲੇ ਆ ਰਹੇ ਹਨ। ਪਰ ਦੁੱਖ ਉਦੋਂ ਹੁੰਦਾ ਹੈ ਜਦੋਂ ਇਨ੍ਹਾਂ ਮਸਲਿਆਂ ਨੂੰ ਵੀ ਦੁਬਾਰਾ ਉਲਝਣ ਵਿਚ ਪਾਇਆ ਜਾਂਦਾ ਹੈ। ਕੁਝ 'ਮੈਂ ਨਾ ਮਾਨੂੰ' ਮਾਰਕਾ ਪੁਰਾਣੇ ਖੁੰਡ ਆਪਣੇ ਚਲੇ ਕਾਰਤੂਸਾਂ ਨੂੰ ਦੁਬਾਰਾ ਵਰਤਣ ਲਈ ਬਜ਼ਿੱਦ ਹਨ ਅਤੇ ਇਉਂ ਮੈਗਜ਼ੀਨਾਂ, ਅਖ਼ਬਾਰਾਂ ਅਤੇ ਇੰਟਰਨੈੱਟ ਬੇਥਵੀਆਂ ਨਾਲ ਭਰੇ ਪਏ ਹਨ।

ਅਸੀਂ ਇੱਥੇ ਕੁਝ ਇਕ ਉਨ੍ਹਾਂ ਮਸਲਿਆਂ ਵਲ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ ਜੋ ਸੁਲਝ ਚੁੱਕੇ ਹਨ ਜਾਂ ਅੱਧ ਪਚੱਧ ਤਾਂ ਸੁਲਝੇ ਹੀ ਹੋਏ ਹਨ। ਇਹ ਇਸ ਲਈ ਜ਼ਰੂਰੀ ਹੈ ਕਿਉਂਕਿ ਜਦੋਂ ਵੀ ਬਹਿਸ ਸ਼ੁਰੂ ਕੀਤੀ ਜਾਵੇ ਤਾਂ ਉਸ ਤੋਂ ਅਗਾਂਹ ਤੁਰਿਆ ਜਾਵੇ। ਮੁੜ ਘਿੜ ਸਦੀਆਂ ਪਿੱਛਿਉਂ ਸ਼ੁਰੂਆਤ ਨਾ ਕੀਤੀ ਜਾਵੇ। ਕਾਫੀ ਰਿੜਕਣ ਤੋਂ ਬਾਅਦ ਹੁਣ ਇਹ ਸਹਿਮਤੀ ਹੋ ਗਈ ਹੈ ਕਿ ਪੰਜਾਬੀ ਸਾਹਿਤ ਦਾ ਮੁੱਢ ਬਾਬਾ ਫਰੀਦ ਨਾਲ ਬੱਝਾ, ਇਸ ਤੋਂ ਪਹਿਲਾਂ ਲੋਕ ਸਾਹਿਤ ਦਾ ਬੋਲ ਬਾਲਾ ਸੀ। ਸਾਹਿਤ ਦੇ ਇਤਿਹਾਸਾਂ ਵਿਚ ਜੋਗੀ / ਨਾਥਾਂ ਦਾ ਸਾਹਿਤ ਵਿਚਾਰਿਆ ਤਾਂ ਜਾਂਦਾ ਹੈ ਪਰ ਉਸ ਨੂੰ ਪੰਜਾਬੀ ਕਹਿਣ ਤੋਂ ਗੁਰੇਜ਼ ਹੀ ਕੀਤਾ ਜਾਂਦਾ ਹੈ। ਗੁਰਮੁਖੀ ਲਿਪੀ ਗੁਰੂ ਅੰਗਦ ਦੇਵ ਨੇ ਨਹੀਂ ਬਣਾਈ ਕਿਉਂਕਿ ਉਸ ਤੋਂ ਪਹਿਲਾਂ ਬਾਬੇ ਨਾਨਕ ਦੀ ਪੱਟੀ (ਪੈਂਤੀ ਅੱਖਰੀ) ਮੌਜੂਦ ਹੈ। ਉਸਤੋਂ ਵੀ ਪਹਿਲਾਂ ਫਿਨੀਸ਼ੀਅਨ ਲਿਪੀ ਦੇ ਅੱਖਰਾਂ ਦਾ ਭਾਰਤ ਵਿਚ ਆਗਮਨ ਤੇ ਬ੍ਰਹਮੀ ਲਿਪੀ ਵਿਚ ਉਸਦਾ ਵਿਕਾਸ ਗੁਰਮੁਖੀ ਲਿਪੀ ਤੱਕ ਆਉਂਦਾ ਹੈ। ਮਸਲਾ ਧਰਮ ਦਾ ਨਹੀਂ, ਵਿਗਿਆਨਕ ਖੋਜ ਦਾ ਹੈ। ਲਿਪੀ ਵਿਗਿਆਨੀਆਂ ਨੇ ਇਹ ਮਸਲਾ ਵੀ ਹੱਲ ਕਰ ਦਿੱਤਾ।

ਬੜੀ ਦੇਰ ਇਹ ਚਰਚਾ ਚਲਦੀ ਰਹੀ ਕਿ ਆਦਿ ਗ੍ਰੰਥ ਵਿਚ ਆਈ ਫ਼ਰੀਦ ਦੀ ਬਾਣੀ ਫ਼ਰੀਦ ਸ਼ਕਰਗੰਜ ਦੀ ਹੈ ਕਿ ਫ਼ਰੀਦ ਸਾਨੀ ਦੀ? ਹੁਣ ਫ਼ਰੀਦ ਸ਼ਕਰਗੰਜ ਤੋਂ ਇਲਾਵਾ ਕਿਸੇ ਹੋਰ ਨੂੰ ਇਸ ਬਾਣੀ ਦਾ ਕਰਤਾ ਨਹੀਂ ਮੰਨਿਆ ਜਾਂਦਾ। ਗੁਰੂ ਤੇਗ ਬਹਾਦਰ ਦੇ ਇਕ ਸਲੋਕ ਨੂੰ ਸਾਖੀਆਂ ਦੇ ਆਧਾਰ ਤੇ ਗੁਰੂ ਗੋਬਿੰਦ ਸਿੰਘ ਦਾ ਸ਼ਲੋਕ ਮੰਨਿਆ ਜਾਂਦਾ ਰਿਹਾ

ਹੈ ਪਰ ਹੁਣ ਛੇ ਗੁਰਾਂ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਮੰਨ ਲਿਆ ਗਿਆ ਹੈ। ਇਵੇਂ ਇਕ ਸੂਫੀ (ਜਿਸਨੂੰ ਅਜੇ ਭਗਤਾਂ ਵਿਚ ਹੀ ਗਿਣਿਆ ਜਾਂਦਾ ਹੈ) ਅਤੇ ਚੌਦਾਂ ਭਗਤਾਂ ਦੀ ਬਾਣੀ, ਗਿਆਰਾਂ ਭੱਟਾਂ (ਸਾਹਿਬ ਸਿੰਘ ਅਨੁਸਾਰ) ਪ੍ਰਵਾਣਿਤ ਹੋ ਚੁੱਕੀ ਹੈ। ਇੱਕ ਪੱਧਰ ਤੇ ਭਾਈ ਵੀਰ ਸਿੰਘ ਤੋਂ ਲੈ ਕੇ ਜੋਧ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ ਤੱਕ ਇਸ ਗੱਲ ਤੇ ਸਹਿਮਤ ਹੋ ਗਏ ਸਨ ਕਿ ਰਾਗ ਮਾਲਾ ਆਦਿ ਗ੍ਰੰਥ ਦਾ ਹਿੱਸਾ ਨਹੀਂ ਹੈ। ਤਰਕ ਵੀ ਤੇ ਬੀੜਾਂ ਦਾ ਇਤਿਹਾਸ ਵੀ ਇਹੀ ਸਿੱਧ ਕਰਦਾ ਹੈ। ਸ਼੍ਰੋਮਣੀ ਕਮੇਟੀ ਨੇ ਵੀ ਇਸ ਸਬੰਧੀ ਇਕ ਮਤਾ ਪਾਸ ਕੀਤਾ ਹੋਇਆ ਹੈ, ਪਰੰਤੂ ਧਾਰਮਿਕ ਧੜੇ ਅਜੇ ਵੀ ਇਸ ਮਸਲੇ ਨੂੰ ਰਾਜਨੀਤਕ ਰੰਗ ਦੇਈ ਜਾ ਰਹੇ ਹਨ। ਇਵੇਂ ਹੀ ਗੁਰੂ ਨਾਨਕ ਦਾ ਜਨਮ ਕੱਤਕ ਵਿਚ ਹੋਇਆ ਜਾਂ ਵਿਸਾਖ ਵਿਚ? ਦੇ ਪ੍ਰਸ਼ਨ ਨੂੰ ਵਿਗਿਆਨਕ ਖੋਜ ਨੇ ਵਿਸਾਖ ਨੂੰ ਸਹੀ ਸਿੱਧ ਕੀਤਾ ਹੈ ਪਰੰਤੂ ਪਰੰਪਰਾ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ। ਇਸ ਨਾਲ ਕਿਸੇ ਦਾ ਕੋਈ ਨੁਕਸਾਨ ਵੀ ਨਹੀਂ ਹੁੰਦਾ।

ਇਹ ਪ੍ਰਮਾਣਿਤ ਹੈ ਕਿ ਦਸਮ ਗ੍ਰੰਥ ਦੀ ਬਾਣੀ ਸਾਰੀ ਗੁਰੂ ਗੋਬਿੰਦ ਸਿੰਘ ਦੀ ਨਹੀਂ ਪਰ ਕੁਝ ਧੜੇ ਅਜੇ ਵੀ ਬਜ਼ਿਦ ਹਨ। ਜਨਮ ਸਾਖੀਆਂ ਦੰਤ ਕਥਾਵਾਂ ਹਨ। ਨਾ ਹੀ ਜੀਵਨੀਆਂ ਹਨ ਤੇ ਨਾ ਹੀ ਸਫ਼ਰਨਾਮਾ ਤੇ ਨਾ ਕੁਝ ਹੋਰ। ਪਰ ਇਤਿਹਾਸਕ ਦਸਤਾਵੇਜ਼ਾਂ ਦੀ ਅਣਹੋਂਦ ਵਿਚ ਇਨ੍ਹਾਂ ਉੱਪਰ ਅਧਾਰਿਤ ਹੋਣਾ ਸਿੱਖ ਵਿਦਵਾਨਾਂ ਦੀ ਮਜ਼ਬੂਰੀ ਹੈ। ਫਿਰ ਵੀ ਹੁਣ ਇਹ ਮਜਬੂਰੀ ਘਟੀ ਹੈ ਭਾਵੇਂ ਅੰਧ ਵਿਸ਼ਵਾਸੀਆਂ ਲਈ ਅੱਜ ਵੀ ਇਹ ਅੱਖਰ ਸੱਚ ਹੈ। ਇਥੋਂ ਤਕ ਕਿ ਹਰਿੰਦਰ ਸਿੰਘ ਮਹਿਬੂਬ ਵਰਗੇ ਵਿਦਵਾਨ ਵੀ ਇਨ੍ਹਾਂ ਨੂੰ ਉੱਚ ਪੱਧਰ ਦੀਆਂ ਦਾਰਸ਼ਨਿਕ ਰਚਨਾਵਾਂ ਮਨਵਾਉਣ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਜਨਮ ਸਾਖੀਆਂ ਦੇ ਖਰੜਿਆਂ ਦੇ ਸੰਨਾਂ ਬਾਰੇ ਕਾਫੀ ਮਤਭੇਦ ਹਨ। ਇਨ੍ਹਾਂ ਮਤਭੇਦਾਂ ਨੂੰ ਪ੍ਰਵਾਣ ਕਰਨਾ ਵੀ ਵਿਗਿਆਨਕ ਸੋਚ ਦਾ ਪ੍ਰਗਟਾਵਾ ਕਰਨਾ ਹੀ ਹੈ। ਆਧੁਨਿਕ ਕਾਲ ਦੀ ਗੱਲ ਕਰਦੇ ਹੋਏ ਪੁਰਾਤਨਪੰਥੀ ਕਹਾਣੀਆਂ, ਨਾਟਕਾਂ ਨੂੰ ਵੀ ਪੰਚ ਤੰਤਰ ਤੱਕ ਤੇ ਉਨ੍ਹਾਂ ਤੋਂ ਵੀ ਪਿਛਾਂਹ ਖਿੱਚ ਲਿਜਾਂਦੇ ਹਨ। ਪਰ ਇਹ ਸੱਚ ਹੁਣ ਪ੍ਰਵਾਨ ਹੋ ਗਿਆ ਹੈ ਕਿ ਆਧੁਨਿਕ ਸਾਹਿਤ ਦੇ ਬਹੁਤੇ ਰੂਪ ਅੰਗ੍ਰੇਜ਼ੀ ਸਾਹਿਤ ਦੇ ਪ੍ਰਭਾਵ ਦਾ ਨਤੀਜਾ ਹਨ, ਭਾਵੇਂ ਕਿ ਵਸਤੂ ਪੱਖੋਂ ਇਨ੍ਹਾਂ ਵਿਚ ਪੰਜਾਬੀ ਸੋਚ ਦਾ ਵਿਕਾਸ ਹੋਇਆ ਹੈ। ਤੱਥ ਤਾਂ ਤੱਥ ਹੈ। ਇਸ ਨੂੰ ਸਵੀਕਾਰ ਕਰਨ ਵਿਚ ਹੀ ਭਲਾ ਹੈ।

ਛਾਪੇਖਾਨੇ ਦੇ ਪਹਿਲੇ ਗੁਰਮੁਖੀ ਅੱਖਰ ਇਸਾਈ ਪਾਦਰੀਆਂ ਨੇ ਵਰਤੇ। ਪਹਿਲੀ ਪੁਸਤਕ ਦੀ ਫੋਟੋ ਕਾਪੀ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਮਿਲ ਜਾਂਦੀ ਹੈ। ਉਪਰੋਕਤ ਮਸਲਿਆਂ ਤੋਂ ਇਲਾਵਾ ਇਕ ਹੋਰ ਮਸਲਾ ਬੜੀ ਗੰਭੀਰਤਾ ਗ੍ਰਹਿਣ ਕਰ ਜਾਂਦਾ ਹੈ। ਉਹ ਹੈ ਛੰਦ ਬੱਧ ਤੇ ਖੁੱਲ੍ਹੀ ਕਵਿਤਾ ਦਾ। ਇਥੋਂ ਤੱਕ ਕਿ ਪੰਜਾਬੀ ਪਾਠਕਾਂ ਦੀ ਘਾਟ ਦਾ ਸਿਹਰਾ ਵੀ ਨਿਰੋਲ ਖੁੱਲ੍ਹੀ ਕਵਿਤਾ ਸਿਰ ਬੰਨ੍ਹ ਦਿੱਤਾ ਜਾਂਦਾ ਹੈ। ਜਦੋਂ ਇਹ ਪ੍ਰਸ਼ਨ ਕੀਤਾ ਜਾਂਦਾ ਹੈ ਕਿ ਛੰਦ ਬੱਧ ਕਵਿਤਾ (ਗ਼ਜ਼ਲ ਸਮੇਤ) ਨੂੰ ਕਿੰਨੇ ਕੁ ਪਾਠਕ ਪੜ੍ਹਦੇ ਹਨ? ਜਾਂ ਉਸਦੀਆਂ ਕਿੰਨੀਆਂ ਕੁ ਕਾਪੀਆਂ ਛਪਦੀਆਂ ਹਨ? ਤਾਂ ਘੇਸਲ ਵੱਟ



ਲਈ ਜਾਂਦੀ ਹੈ। ਖੁੱਲ੍ਹੀ ਕਵਿਤਾ ਵਿਸ਼ਵ ਦਾ ਵਰਤਾਰਾ ਹੈ। ਇਸ ਦੀ ਉੱਚੀ ਨੀਵੀਂ ਪੱਧਰ ਉੱਪਰ ਤਾਂ ਚਰਚਾ ਹੋ ਸਕਦੀ ਹੈ ਪਰ ਇਸ ਦੀ ਹੋਂਦ ਨੂੰ ਨਾ ਨਾਕਾਰਿਆ ਜਾ ਸਕਦਾ ਹੈ ਤੇ ਨਾ ਹੀ ਛੰਦ ਬੱਧ ਕਵਿਤਾ ਨੂੰ ਉਚੇਰਾ ਸਿੱਧ ਕੀਤਾ ਜਾ ਸਕਦਾ ਹੈ।

ਇਸ ਵਿਚਾਰ ਦਾ ਨਤੀਜਾ ਇਹ ਹੈ ਕਿ ਜਦੋਂ ਵੀ ਕਿਸੇ ਵਿਸ਼ੇ ਉੱਪਰ ਵਿਚਾਰ ਪ੍ਰਗਟਾਏ ਜਾਣ ਤਾਂ ਪਹਿਲਾਂ ਹੋ ਚੁੱਕੀ ਬਹਿਸ ਦੇ ਨਤੀਜਿਆਂ ਨੂੰ ਸਾਹਮਣੇ ਰੱਖ ਕੇ ਅਗਾਂਹ ਵਧਿਆ ਜਾਵੇ। ਇਸ ਤਰ੍ਹਾਂ ਬਹੁਤ ਸਾਰੀ ਮਨੁੱਖੀ ਸ਼ਕਤੀ ਤੇ ਸਮੇਂ ਦੀ ਬਚਤ ਹੁੰਦੀ ਹੈ। ਜੇ ਕੋਈ ਬਹੁਤ ਹੀ ਗੰਭੀਰ ਮੁੱਦਾ ਹੋਵੇ ਤਾਂ ਉਸਨੂੰ ਮੁੜ ਵਿਚਾਰਿਆ ਜਾ ਸਕਦਾ ਹੈ। ਪਰ ਉਪਰੋਕਤ ਸਿੱਟਿਆਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਹੀ ਅਜਿਹਾ ਹੋਣਾ ਚਾਹੀਦਾ ਹੈ। •

## 2. ਡਾ. ਓਮ ਪ੍ਰਕਾਸ਼ ਗ੍ਰੇਵਾਲ ਦੀ ਯਾਦ ਵਿਚ

ਹਰਿਆਣੇ ਦੇ ਭਿਵਾਨੀ ਜ਼ਿਲ੍ਹੇ ਵਿਚ ਬਾਮਲਾ ਪਿੰਡ ਦੇ ਸਧਾਰਣ ਪਰਿਵਾਰ ਵਿਚ ਪੈਦਾ ਹੋਏ ਡਾ. ਓਮ ਪ੍ਰਕਾਸ਼ ਗ੍ਰੇਵਾਲ ਵਿਲੱਖਣ ਪ੍ਰਤਿਭਾ ਦੇ ਮਾਲਿਕ ਪ੍ਰਾਧਿਆਪਕ ਚਿੰਤਕ, ਸਾਹਿਤ-ਸਮੀਖਿਅਕ ਅਤੇ ਸਭਿਆਚਾਰਕ ਕਰਮੀ ਸਨ। ਭਿਵਾਨੀ ਦੇ ਸਕੂਲ ਦੀ ਸਿੱਖਿਆ ਗ੍ਰਹਿਣ ਕਰਨ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਤੋਂ ਉਚੇਰੀ ਸਿੱਖਿਆ ਪ੍ਰਾਪਤ ਕੀਤੀ ਅਤੇ ਪੀ. ਐਚ. ਡੀ. ਦੀ ਡਿਗਰੀ ਰੋਚੈਸਟਰ ਯੂਨੀਵਰਸਿਟੀ ਅਮਰੀਕਾ ਤੋਂ ਲਈ। ਡਾ. ਗ੍ਰੇਵਾਲ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਅੰਗ੍ਰੇਜ਼ੀ ਵਿਭਾਗ ਵਿਚ ਪ੍ਰੋਫੈਸਰ, ਡੀਨ ਲੈਂਗੁਏਜ ਐਂਡ ਆਰਟਸ ਫੈਕਲਟੀ ਅਤੇ ਡੀਨ ਅਕੈਡਮਿਕ ਅਫੇਅਰਜ਼ ਦੇ ਅਹੁਦਿਆਂ ਦੇ ਕੰਮ ਕੀਤਾ। ਤੀਖਣ ਬੌਧਿਕਤਾ, ਡੂੰਘੇ ਸਰੋਕਾਰ, ਉਦਾਰ ਦ੍ਰਿਸ਼ਟੀ, ਸੰਵੇਦਨਸ਼ੀਲਤਾ, ਸੁਹਿਰਦਤਾ, ਆਦਰਸ਼ ਭਾਵਨਾ, ਨਿਮਰਤਾ, ਸਾਦਗੀ ਤੇ ਮਿਲਣਸਾਰਤਾ ਦੇ ਅਦਭੁੱਤ ਸੰਗਮ ਦੀ ਸਿਰਜਿਤ ਉਨ੍ਹਾਂ ਦੀ ਸ਼ਖ਼ਸੀਅਤ ਵਿਆਪਕ ਪ੍ਰਭਾਵ ਛੱਡਦੀ ਸੀ। ਹਰਿਆਣਾ ਅਤੇ ਭਾਰਤੀ ਪੱਧਰ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਪ੍ਰਭਾਵ ਖੇਤਰ ਦਾ ਦਾਇਰਾ ਵਸੀਹ ਹੈ। ਰਾਸ਼ਟਰੀ ਪੱਧਰ ਦੇ ਹਿੰਦੀ ਉਰਦੂ ਦੇ ਲੇਖਕਾਂ ਨੂੰ ਸੰਗਠਿਤ ਕਰਨ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ ਹੈ। ਸਾਹਿਤ ਆਲੋਚਕ ਦੇ ਰੂਪ ਵਿਚ ਦੇਸ਼ ਦੀਆਂ ਅਨੇਕਾਂ ਪ੍ਰਤਿਕਾਵਾਂ ਵਿਚ ਉਨ੍ਹਾਂ ਦੇ ਸਾਹਿਤ-ਸਭਿਆਚਾਰ, ਸਮਕਾਲੀਨ ਆਲੋਚਨਾ, ਕਹਾਣੀ ਉੱਤੇ ਗੰਭੀਰ ਖੋਜ-ਨਿਬੰਧ ਛਪੇ ਤੇ ਚਰਚਿਤ ਹੋਏ। ਉਹ ਪੜ੍ਹਾਉਂਦੇ ਅੰਗਰੇਜ਼ੀ ਸਨ ਪਰ ਲਿਖਦੇ ਹਿੰਦੀ ਵਿਚ ਸਨ। ਚਿਰਾਗ਼ ਨੂੰ ਮਾਣ ਹੈ ਕਿ ਉਨ੍ਹਾਂ ਦੇ ਇਸ ਵਿਚ ਛਪੇ ਕੁਝ ਲੇਖ ਹਿੰਦੀ ਵਿਚ ਵੀ ਪ੍ਰਾਪਤ ਨਹੀਂ। ਪੰਜਾਬੀ ਜਗਤ ਦਾ ਹਰ ਵਿਦਵਾਨ ਜੋ ਹਿੰਦੀ ਪ੍ਰਗਤੀਵਾਦੀ ਪ੍ਰਤਿਕਾਵਾਂ ਨਾਲ ਜੁੜਿਆ ਹੋਇਆ ਹੈ ਉਨ੍ਹਾਂ ਦੇ ਨਾਮ ਤੋਂ ਵਾਕਿਫ਼ ਹੈ।

ਡਾ. ਓਮ ਪ੍ਰਕਾਸ਼ ਗਰੇਵਾਲ ਨੇ ਅਖਿਲ ਭਾਰਤੀ ਜਨਵਾਦੀ ਲੇਖਕ ਸੰਘ ਦੇ ਰਾਸ਼ਟਰੀ ਉਪ-ਪ੍ਰਧਾਨ ਅਤੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੰਭਾਲੀ। 'ਨਯਾ ਪਥ' ਮੈਗਜ਼ੀਨ ਦੇ ਸੰਪਾਦਕ ਰਹੇ ਅਤੇ 'ਜਤਨ' ਮੈਗਜ਼ੀਨ, ਗਿਆਨ ਵਿਗਿਆਨ ਸਮਿਤੀ ਅਤੇ ਜਨਵਾਦੀ

ਸਾਂਸਕ੍ਰਿਤਕ ਮੰਚ ਹਰਿਆਣਾ ਦੇ ਉਹ ਸੰਸਥਾਪਕਾਂ ਵਿਚੋਂ ਸਨ। ਲੇਖਕਾਂ ਲਈ ਡਾ. ਗ੍ਰੇਵਾਲ ਮਾਰਗ ਦਰਸ਼ਕ, ਪ੍ਰੇਰਕ, ਦੋਸਤ ਤੇ ਗੰਭੀਰ ਪਾਠਕ-ਆਲੋਚਕ ਦੇ ਰੂਪ ਵਿਚ ਸਦਾ ਉਪਲਬਧ ਰਹਿੰਦੇ ਸਨ। ਹਰਭਜਨ ਸਿੰਘ ਹੁੰਦਲ ਦੀਆਂ ਅਨੁਵਾਦਤ ਦੋਵੇਂ ਅੰਗ੍ਰੇਜ਼ੀ-ਪੰਜਾਬੀ ਪੁਸਤਕਾਂ ਦੇ ਮੁੱਖ ਬੰਧ ਉਨ੍ਹਾਂ ਲਿਖੇ। ਮੌਲਾਨਾ ਹਾਲੀ ਅਤੇ ਬਾਲ ਮੁਕੰਦ ਗੁਪਤ ਤੋਂ ਬਾਅਦ ਹਰਿਆਣੇ ਵਿਚ ਸਾਹਿਤਕ-ਵਿਚਾਰਕ ਪਰੰਪਰਾ ਨੂੰ ਅਗਾਂਹ ਲੈ ਜਾਣ ਵਾਲੇ ਇਕ ਬੁੱਧੀਜੀਵੀ ਦੇ ਰੂਪ ਵਿਚ ਡਾ. ਗ੍ਰੇਵਾਲ ਨੇ ਜੀਵਨ ਭਰ ਸੰਪ੍ਰਦਾਇਕਤਾ, ਜਾਤੀ-ਵਿਵਸਥਾ, ਇਸਤਰੀ ਦਾਸਤਾਂ ਦੇ ਪਿਛੜੇ, ਸਾਮੰਤੀ ਅਮਾਨਵੀ ਢਾਂਚਿਆਂ ਦੇ ਖਿਲਾਫ਼ ਸਭਿਆਚਾਰਕ ਅੰਦੋਲਨਾਂ ਦੀ ਅਗਵਾਈ ਕੀਤੀ।

ਪੰਜਾਬੀ ਲੋਕ ਸਾਹਿਤ ਤੇ ਸਾਹਿਤ ਨਾਲ ਡਾ. ਓ. ਪੀ. ਗ੍ਰੇਵਾਲ ਦਾ ਵਿਸ਼ੇਸ਼ ਲਗਾਉ ਸੀ। ਇਸੇ ਲਈ ਉਹ ਇਸਦੀ ਸਮਝ ਵੀ ਬਣਾਉਂਦੇ ਸਨ ਤੇ ਪੰਜਾਬ ਆਉਣ ਲਈ ਤਿਆਰ ਵੀ ਰਹਿੰਦੇ ਸਨ। ਬਰਨਾਲਾ ਵਿਚ ਅਤਿਵਾਦ ਦੇ ਦਿਨਾਂ ਦੇ ਦੌਰਾਨ ਪ੍ਰਗਤੀਵਾਦ ਦੇ ਪੰਜਾਹ ਸਾਲਾਂ ਸੈਮੀਨਾਰ ਵਿਚ ਉਹ ਹੁੰਮ ਹੁੰਮਾ ਕੇ ਪਹੁੰਚੇ। ਅਜਿਹੇ ਵਿਦਵਾਨ ਬੁੱਧੀਜੀਵੀ ਨੂੰ ਅਦਾਰਾ ਚਿਰਾਗ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹੈ। • - ਸੰਪਾਦਕੀ ਮੰਡਲ

### ਅਪੀਲ

ਡਾ. ਗ੍ਰੇਵਾਲ ਦੀ ਵਿਚਾਰਧਾਰਾ ਨੂੰ ਅਗਾਂਹ ਤੋਰਨ ਲਈ ਪੂਰਵ ਵਾਈਸ ਚਾਂਸਲਰ ਡਾ. ਭੀਮ ਸਿੰਘ ਦਹੀਆ, ਡਾ. ਸ਼ਿਵ ਕੁਮਾਰ ਮਿਸ਼ਰ ਅਤੇ ਡਾ. ਰਮੇਸ਼ ਕੁੰਤਲ ਮੇਘ ਜਿਹੇ ਵਿਦਵਾਨਾਂ ਦੀ ਅਗਵਾਈ ਵਿਚ ਬਣੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਕੁਰੂਕਸ਼ੇਤਰ ਵਿਚ ਡਾ. ਓਮ ਪ੍ਰਕਾਸ਼ ਗ੍ਰੇਵਾਲ ਅਧਿਐਨ ਸੰਸਥਾਨ ਦੀ ਸਥਾਪਨਾ ਕੀਤੀ ਜਾਵੇ। ਉਸ ਲਈ ਪਲਾਟ ਦੀ ਰਜਿਸਟਰੀ ਵੀ ਹੋ ਚੁੱਕੀ ਹੈ। ਅਦਾਰਾ ਚਿਰਾਗ ਨਾਲ ਜੁੜੇ ਲੇਖਕਾਂ/ਬੁੱਧੀਜੀਵੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਵੀ ਇਸ ਸੰਸਥਾਨ ਨੂੰ ਸਥਾਪਿਤ ਕਰਨ ਵਿਚ ਆਪਣਾ ਯੋਗਦਾਨ ਪਾਉਣ। ਸਹਿਯੋਗ ਹੇਠ ਲਿਖੇ ਪਤੇ ਤੇ ਭੇਜਿਆ ਜਾ ਸਕਦਾ ਹੈ। ਚੈੱਕ / ਡਰਾਫਟ ਡਾ. ਓਮ ਪ੍ਰਕਾਸ਼ ਗ੍ਰੇਵਾਲ ਅਧਿਐਨ ਸੰਸਥਾਨ ਦੇ ਨਾਮ ਭੇਜੇ ਜਾਣ।

ਡਾ. ਕਰਮਜੀਤ ਡੀ-46 ਕੈਂਪਸ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ-136119, ਹਰਿਆਣਾ (ਇੰਡੀਆ)

### ਸੋਗੀ ਖ਼ਬਰਾਂ

ਅਦਾਰਾ ਚਿਰਾਗ ਪ੍ਰਸਿੱਧ ਨਾਟਕਕਾਰ ਡਾ. ਹਰਚਰਨ ਸਿੰਘ, ਪ੍ਰਵਾਸੀ ਪੰਜਾਬੀ ਲੇਖਕ ਇਕਬਾਲ ਅਰਪਨ ਅਤੇ ਹੋਣਹਾਰ ਕਹਾਣੀਕਾਰ ਤੇ ਪੱਤਰਕਾਰ ਸਰਵਮੀਤ ਦੀ ਮੌਤ ਉੱਤੇ ਸਾਹਿਤਕ ਸੰਸਾਰ ਨਾਲ ਆਪਣਾ ਦੁੱਖ ਸਾਂਝਾ ਕਰਦਾ ਹੈ ਅਤੇ ਸਬੰਧਤ ਪਰਿਵਾਰਾਂ ਦੇ ਦੁੱਖ ਵਿਚ ਸ਼ਾਮਿਲ ਹੁੰਦਾ ਹੈ। • - ਸੰਪਾਦਕੀ ਮੰਡਲ





# ਕਵੀ ਤੇ ਕਵਿਤਾ

ਨਾਜ਼ਰ ਕੁਬਾਨੀ ਦੀ ਕਵਿਤਾ "ਮੈਂ ਅਤਿਵਾਦ ਦੇ ਨਾਲ ਹਾਂ।" ਜਿਹੜੀ ਕਿ 1998 ਵਿਚ ਉਸ ਦੀ ਮੌਤ ਤੋਂ ਇਕ ਸਾਲ ਪਹਿਲਾਂ ਲਿਖੀ ਗਈ ਸੀ। ਉਹਨਾਂ ਆਖਰੀ ਰਾਜਸੀ ਕਵਿਤਾਵਾਂ ਵਿਚੋਂ ਇਕ ਹੈ ਜਿਸ ਵਿਚ ਉਸ ਨੇ 'ਅਤਿਵਾਦ' ਦਾ ਦੂਸ਼ਣ ਉਹਨਾਂ ਲੋਕਾਂ ਲਈ ਵਰਤਿਆ ਹੈ, ਜੋ ਅਤਿਆਚਾਰ ਅਤੇ ਕਬਜ਼ੇ ਨੂੰ ਠੀਕ ਸਿੱਧ ਕਰਦੇ ਹਨ। ਕੁਬਾਨੀ ਜਿਸ 'ਅੱਤਿਵਾਦ' ਨਾਲ ਆਪਣੇ ਆਪ ਨੂੰ ਜੋੜ ਰਿਹਾ ਹੈ। ਉਹ 9/11 ਵਾਲਾ ਜਾਂ ਕਦੇ ਕਦੇ ਬੰਬਾਰੀ ਤੇ ਕਤਲਾਂ ਵਾਲਾ ਨਹੀਂ ਹੈ। ਉਸ ਦੀ ਆਪਣੀ ਪਤਨੀ ਬਾਲ ਕੁਈਸ ਅਲ ਰਾਵੀ ਉਸ ਸਮੇਂ ਮਾਰੀ ਗਈ ਸੀ, ਜਦੋਂ ਈਰਾਨ-ਪੱਖੀ ਮੁਜਾਹਦੀਨਾਂ ਨੇ ਲੈਬਨਾਨ ਵਿਚੋਂ, ਇਰਾਕ-ਈਰਾਨ ਜੰਗ ਸਮੇਂ ਇਰਾਕੀ ਸਿਫਾਰਤਖਾਨੇ ਉੱਤੇ ਬੰਬਾਰੀ ਕੀਤੀ ਸੀ। ਕਵੀ ਅਖਬਾਰ ਖਰੀਦਣ ਗਿਆ ਸੀ, ਜਦੋਂ ਉਹ ਵਾਪਸ ਪਰਤਿਆ ਤਾਂ ਉਸ ਦੀ ਅਤਿ ਪਿਆਰੀ ਸਾਥਣ ਮਰੀ ਪਈ ਸੀ। ਉਸ ਨੇ ਉਸ ਨੂੰ ਕਈ ਕਵਿਤਾਵਾਂ ਵਿਚ ਯਾਦ ਕੀਤਾ ਹੈ। ਇਹ ਦੁਖਾਂਤ ਉਸਨੂੰ ਸਾਰਾ ਜੀਵਨ ਨਹੀਂ ਭੁੱਲਿਆ। ਉਸ ਦੀ ਯਾਦ ਉਸ ਦੀ ਆਪਣੀ ਮੌਤ ਤੀਕ ਉਸ ਨੂੰ ਤੜਪਾਉਂਦੀ ਰਹੀ। ਇਸ ਲਈ ਇਸ ਕਵੀ ਵਾਸਤੇ 'ਅਤਿਵਾਦ' ਦਾ ਸ਼ਬਦ ਅਜਿਹਾ ਹੈ ਜੋ ਅੱਤਿਆਚਾਰੀ ਕੌਮੀ ਮੁਕਤੀ ਸੰਗਰਾਮਾਂ ਨੂੰ ਬਦਨਾਮ ਕਰਨ ਲਈ ਵਰਤਦੇ ਹਨ। ਉਹ ਅਜਿਹੇ ਕਰਨ ਦੀ ਆਗਿਆ ਨਹੀਂ ਦਿੰਦਾ ਅਤੇ ਉਸ ਨੇ ਫਲਿਸਤੀਨ ਦੀ ਜਵਾਨੀ ਅਤੇ ਅਰਬ ਕੌਮ, ਜੋ ਆਪਣਾ ਨਾਂ ਭੁੱਲ ਚੁੱਕੀ ਹੈ, ਨੂੰ ਸੰਬੋਧਨ ਕਰਕੇ ਇਹ ਸੁਨੇਹਾ 'ਬੋਤਲ' ਵਿਚ ਪਾ ਦਿੱਤਾ ਸੀ। - ਤਾਰਕ ਅਲੀ

(ਕਵੀ ਦਾ ਜਨਮ 1932 ਵਿਚ ਸੀਰੀਆ ਵਿਚ ਹੋਇਆ ਸੀ ਤੇ ਉਸ ਨੇ ਦਮਸ਼ਕ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ। ਉਹ ਰਾਜਦੂਤ ਵੀ ਰਿਹਾ ਤੇ ਬਾਅਦ ਵਿਚ ਲੈਬਨਾਨ ਵਿਚ ਆਪਣਾ ਪ੍ਰਕਾਸ਼ਨ ਘਰ ਵੀ ਚਲਾਉਂਦਾ ਰਿਹਾ। ਉਹ ਬਹੁ-ਉਪਜਾਊ ਲੇਖਕ ਸੀ ਤੇ ਉਸ ਦੇ 25 ਕਾਵਿ ਸੰਗ੍ਰਹਿ ਤੇ ਆਤਮ-ਕਥਾ ਛਪ ਚੁੱਕੀ ਹੈ। ਉਸ ਦੀ ਮੌਤ 1998 ਵਿਚ ਹੋਈ।)

## ਮੈਂ ਅਤਿਵਾਦੀ ਹਾਂ / ਨਿਜ਼ਾਰ ਕੁਬਾਨੀ

ਸਾਡੇ ਉੱਤੇ ਅਤਿਵਾਦ ਦਾ ਦੋਸ਼ ਲਾਇਆ ਜਾਂਦਾ ਹੈ
ਜੋ ਅਸੀਂ ਗੁਲਾਬ, ਔਰਤ
ਤੇ ਸ਼ਕਤੀਸ਼ਾਲੀ ਸ਼ਾਇਰੀ
ਅਤੇ ਆਕਾਸ਼ ਦੀ ਨੀਲੱਤਣ ਦੀ
ਹਾਮੀ ਭਰਦੇ ਹਾਂ।
ਇਕ ਰਾਜ - ਜਿਸ ਵਿਚ ਕੁਝ ਵੀ ਨਹੀਂ ਰਹਿ ਗਿਆ

ਨਾ ਪਾਣੀ, ਨਾ ਪੌਣ
ਨਾ ਤੰਬੂ, ਨਾ ਊਠ
ਤੇ ਨਾ ਹੀ ਅਰਬ ਦੀ ਕਾਲੀ ਕਾਫ਼ੀ

ਸਾਡੇ ਉੱਤੇ ਅਤਿਵਾਦ ਦਾ
ਦੂਸ਼ਣ ਲਾਇਆ ਜਾਂਦਾ ਹੈ।
ਜੇ ਅਸੀਂ ਤਬਾਹ ਬਰਬਾਦ ਹੋਈ ਮਾਤ-ਭੂਮੀ
ਤੇ ਮਾਤ-ਭੂਮੀ ਦੇ ਖੰਡਰਾਂ
ਤੇ ਉਸਦੇ ਉਜਾੜੇ ਤੇ ਨਿਰਬਲ ਹੋਣ
ਬਾਰੇ ਲਿਖਦੇ ਹਾਂ
ਇੱਕ ਮਾਤ-ਭੂਮੀ
ਜਿਸ ਦਾ ਕੋਈ ਸਿਰਨਾਵਾਂ ਨਹੀਂ
ਇੱਕ ਕੌਮ - ਜਿਸ ਦਾ ਕੋਈ ਨਾਮ ਨਹੀਂ ਹੈ।

ਇੱਕ ਮਾਤ-ਭੂਮੀ
ਜੋ ਸਾਨੂੰ ਅਖਬਾਰ ਖ੍ਰੀਦਣ
ਤੋਂ ਵਰਜਦੀ ਹੈ
ਤੇ ਖ਼ਬਰਾਂ ਸੁਣਨ ਤੋਂ ਵੀ
ਇੱਕ ਰਾਜ, ਜਿਸ ਵਿਚ ਪ੍ਰਿੰਦਿਆਂ ਦੇ
ਚਹਿਚਹਾਉਣ ਉੱਤੇ ਪਾਬੰਦੀ ਹੈ
ਇਕ ਮਾਤ-ਭੂਮੀ ਜਿੱਥੇ ਖ਼ੌਫ ਕਾਰਨ
ਇਸ ਦੇ ਲਿਖਾਰੀ
ਕੁਝ ਵੀ ਬਾਰੇ ਨਾ
ਲਿਖਣ ਦੇ ਆਦੀ ਹੋ ਗਏ ਹਨ
ਮਾਤ-ਭੂਮੀ ਜਿੱਥੇ
ਸਾਡੀਆਂ ਧਰਤੀਆਂ ਉੱਤੇ
ਕਵਿਤਾ ਵਾਂਗ
ਗੱਲ ਕਰਨਾ ਫਜ਼ੂਲ ਹੋ ਗਈ ਹੈ
ਨਾ ਤਾਲ ਹੈ
ਬਾਹਰੋਂ ਮੰਗਵਾਏ 'ਅਜ਼ਾਮ' ਵਾਂਗ
ਜਿਸਦਾ ਚਿਹਰਾ ਕਪਟੀ ਸੀ
ਤੇ ਜ਼ੁਬਾਨ ਵੀ

ਨਾ ਕੋਈ ਆਰੰਭ
ਨਾ ਅੰਤ
ਜਿਸ ਦਾ ਲੋਕਾਂ ਦੇ ਫਿਕਰਾਂ ਨਾਲ
ਕੋਈ ਰਿਸ਼ਤਾ ਨਹੀਂ ਸੀ
ਨਾ ਮਾਂ ਧਰਤੀ ਨਾਲ
ਨਾ ਹੀ ਮਨੁੱਖਤਾ ਨਾਲ

ਇਕ ਰਾਜ ਜੋ ਸ਼ਾਂਤੀ ਵਾਰਤਾਵਾਂ
ਕਰਨ ਜਾ ਰਿਹਾ ਸੀ
ਪਰ ਜਿਸ ਦੀ ਨਾ ਕੋਈ ਇੱਜ਼ਤ ਸੀ
ਨਾ ਪੈਰੀਂ ਜੁੱਤੀ

ਇਕ ਮਾਂ-ਭੂਮੀ
ਜਿੱਥੇ ਆਦਮੀ ਪੈਂਟਾਂ ਵਿਚ ਹੀ
ਪਿਸ਼ਾਬ ਕਰਦੇ ਨੇ
ਤੇ ਔਰਤਾਂ ਖੁਦ ਹੀ
ਆਪਣੀ ਇੱਜ਼ਤ ਦੀ ਰਾਖੀ
ਲਈ ਮਜਬੂਰ ਨੇ

ਸਾਡੀਆਂ ਅੱਖਾਂ ਵਿਚ ਲੂਣ
ਸਾਡੇ ਬੁੱਲ੍ਹਾਂ ਵਿਚ ਲੂਣ
ਸਾਡੇ ਸ਼ਬਦਾਂ ਵਿਚ ਲੂਣ
ਕੀ ਬੰਦਾ ਏਨੀ ਖੁਸ਼ਕੀ
ਚੁੱਕੀ ਫਿਰ ਸਕਦਾ ਹੈ?

ਸਾਨੂੰ ਬੰਜਰ 'ਕੋਹਤਾਨ' ਚੋਂ
ਵਿਰਾਸਤ ਵਜੋਂ ਕੀ ਮਿਲਿਆ ਸੀ
ਸਾਡੀ ਕੌਮ ਵਿਚ
ਨਾ ਕੋਈ 'ਮੂ-ਆਵੀਅ ਸੀ
ਨਾ ਕੋਈ ਅਬੂ ਸੂਫੀਆਨ
ਕੋਈ 'ਨਾਂਹ' ਸ਼ਬਦ
ਕਹਿਣ ਵਾਲਾ ਵੀ ਨਹੀਂ ਰਿਹਾ



ਤੇ ਨਾ ਹੀ ਤੇਜ਼ ਦੌੜ ਲਾਉਣ ਵਾਲਾ
ਉਹਨਾਂ ਸਾਡੇ ਘਰ
ਸਾਡੀ ਰੋਟੀ ਤੇ ਸਾਡਾ
ਜ਼ੈਤੂਨ ਦਾ ਤੇਲ ਸਾਥੋਂ ਖੋਹ ਲਿਆ
ਉਹਨਾਂ ਸਾਡੇ ਰੌਸ਼ਨ ਇਤਿਹਾਸ ਨੂੰ
ਨਗੂਣੇ ਸਟੋਰ ਵਿਚ ਬਦਲ ਦਿੱਤਾ।

ਸਾਡੀਆਂ ਜ਼ਿੰਦਗੀਆਂ ਵਿਚ
ਕੋਈ ਕਵਿਤਾ ਨਹੀਂ ਰਹਿ ਗਈ
ਜਦੋਂ ਦੀ ਅਸੀਂ ਆਪਣੀ ਪਵਿੱਤਰਤਾ
ਸੁਲਤਾਨ ਦੇ ਬਿਸਤਰੇ ਵਿਚ ਛੱਡ ਆਏ ਹਾਂ

ਉਹ ਸਾਡੇ ਆਦੀ ਹੋ ਗਏ ਨੇ
ਨਗੂਣਿਆਂ ਦੇ
ਉਸ ਵੇਲੇ ਆਦਮੀਆਂ ਕੋਲ
ਸਿਵਾਏ ਬੇਇੱਜ਼ਤੀ ਦੇ ਰਹਿ ਵੀ ਕੀ ਜਾਂਦਾ ਹੈ?

ਮੈਂ ਇਤਿਹਾਸ ਦੀਆਂ ਪੁਸਤਕਾਂ ਵਿਚੋਂ
ਉਸਾਮਾਹ-ਇਬਨ-ਅਲਮੁਨ ਕੀਥ
ਉਮਰ ਹਮਜ਼ਾ
ਤੇ ਖਾਲਿਦ ਨੂੰ ਲੱਭਦਾ ਪਿਆ ਹਾਂ
ਜਿਹੜਾ 'ਸ਼ਾਮ' ਨੂੰ ਫਤਹਿ ਕਰਦਾ
ਇੱਜੜ ਚਰਾਉਂਦਾ ਪਿਆ ਸੀ
ਮੈਂ ਮੁਤਾਸਿਮ ਬਿਲਾਹ ਨੂੰ ਤਲਾਸ਼ਦਾ ਪਿਆ ਹਾਂ
ਜਿਹੜਾ ਔਰਤਾਂ ਨੂੰ
ਜਬਰ ਜਿਨਾਹ ਦੀ ਨਿਰਦਇਤਾ
ਅਤੇ ਅੱਗ ਤੋਂ ਬਚਾਉਂਦਾ ਸੀ
ਮੈਂ ਪਿਛਲੇਰੇ ਦਿਨਾਂ ਦੇ ਉਹਨਾਂ
ਆਦਮੀਆਂ ਨੂੰ ਲੱਭਦਾ ਪਿਆ ਹਾਂ
ਪਰ ਮੈਂ
ਆਪਣੀਆਂ ਹੀ ਰੂਹਾਂ ਤੋਂ ਡਰੀਆਂ

ਬਿੱਲੀਆਂ ਵੇਖਦਾ ਹਾਂ
ਚੂਹਿਆਂ ਦੀ ਬਾਦਸ਼ਾਹਤ ਤੋਂ ਤ੍ਰਭਕੀਆਂ

ਕੀ ਇਹ ਕੌਮੀ ਅੰਧਰਾਤਾ ਨਹੀਂ ਹੈ?
ਕੀ ਅਸੀਂ ਰੰਗਾਂ ਤੋਂ ਅੰਨ੍ਹੇ ਹੋ ਗਏ ਹਾਂ?
ਸਾਡੇ ਉੱਤੇ ਅਤਿਵਾਦ ਦਾ ਦੂਸ਼ਣ
ਲੱਗਦਾ ਹੈ
ਜੇ ਅਸੀਂ ਅਜ਼ਰਾਈਲ ਦੇ ਬੁੱਲਡੋਜ਼ਰਾਂ
ਸਾਹਮਣੇ ਮਰਨ ਤੋਂ ਇਨਕਾਰ ਕਰਦੇ ਹਾਂ
ਜਿਹੜਾ ਸਾਡੀ ਧਰਤੀ
ਸਾਡੇ ਇਤਿਹਾਸ
ਸਾਡੀ ਅੰਜੀਲ ਨੂੰ ਪਾੜ ਰਿਹਾ ਹੈ
ਸਾਡੇ ਕੁਰਾਨ
ਤੇ ਸਾਡੇ ਪੈਗੰਬਰਾਂ ਦਿਆਂ
ਮਕਬਰਿਆਂ ਨੂੰ ਢਾਹ ਰਿਹਾ ਹੈ
ਇਹੀ ਸਾਡਾ ਗੁਨਾਹ ਸੀ
ਤਾਂ ਦੇਖੋ
ਕਿੰਨਾ ਸੁੰਦਰ ਹੈ ਅਤਿਵਾਦ!!

ਸਾਡੇ ਉੱਤੇ ਅਤਿਵਾਦ ਦਾ
ਇਲਜ਼ਾਮ ਲੱਗਦਾ ਹੈ
ਜੇ ਅਸੀਂ ਮੰਗੋਲਾਂ, ਯਹੂਦੀਆਂ
ਅਤੇ ਵਹਿਸ਼ੀਆਂ ਦੇ ਹੱਥੋਂ
ਖ਼ਤਮ ਹੋਣ ਤੋਂ ਮੁਨਕਰ ਹੁੰਦੇ ਹਾਂ
ਜੇ ਅਸੀਂ ਸੁਰੱਖਿਆ ਕੌਂਸਲ
ਦੇ ਸ਼ੀਸ਼ੇ ਉੱਤੇ
ਪੱਥਰ ਮਾਰਦੇ ਹਾਂ
ਜਦ ਕਿ 'ਸੀਜ਼ਰਾਂ' ਦੇ ਸੀਜ਼ਰ ਨੇ
ਇਸ ਉੱਤੇ ਜੱਫਾ ਮਾਰ ਲਿਆ ਹੈ

ਸਾਡੇ ਉੱਤੇ ਅਤਿਵਾਦ ਦਾ
ਦੋਸ਼ ਥੋਪਿਆ ਜਾਂਦਾ ਹੈ

ਜੇ ਅਸੀਂ ਬਘਿਆੜ ਨਾਲ
ਸਮਝੌਤਾ ਕਰਨ ਤੋਂ ਇਨਕਾਰ ਕਰਦੇ ਹਾਂ
ਤੇ ਵੇਸਵਾ ਨਾਲ ਹੱਥ ਮਿਲਾਉਂਦੇ ਹਾਂ।

ਅਮਰੀਕਾ
ਜੋ ਲੋਕਾਂ ਦੇ ਸੱਭਿਆਚਾਰਾਂ ਦਾ ਵੈਰੀ
ਪਰ ਜਿਸ ਦਾ
ਆਪਣਾ ਕੋਈ ਸੱਭਿਆਚਾਰ ਨਹੀਂ ਹੈ
ਜੋ ਸੱਭਿਅਕ ਲੋਕਾਂ ਦੀ
ਸਭਿਅਤਾ ਦਾ ਵੈਰੀ ਹੈ
ਪਰ ਜਿਸ ਦੀ
ਆਪਣੀ ਕੋਈ ਸਭਿਅਤਾ ਨਹੀਂ ਹੈ।

ਅਮਰੀਕਾ
ਸ਼ਕਤੀਸ਼ਾਲੀ ਭਵਨ
ਪਰ ਜਿਸ ਦੀਆਂ ਕੋਈ ਦੀਵਾਰਾਂ ਨਹੀਂ

ਸਾਡੇ ਉੱਤੇ ਅਤਿਵਾਦ ਦਾ
ਦੂਸ਼ਣ ਲੱਗਦਾ ਹੈ
ਜੇ ਅਸੀਂ ਆਪਣੀ ਧਰਤੀ
ਤੇ ਮਿੱਟੀ ਦੀ
ਇੱਜ਼ਤ ਦੀ ਰਾਖੀ ਕਰਦੇ ਹਾਂ
ਜੇ ਅਸੀਂ ਲੋਕਾਂ ਦੇ
ਤੇ ਆਪਣੇ ਜਬਰ ਜਿਨਾਹ ਵਿਰੁੱਧ
ਬਗ਼ਾਵਤ ਕਰਦੇ ਹਾਂ।

ਜੇ ਅਸੀਂ ਆਪਣੇ ਮਾਰੂਥਲ ਦੇ
ਆਖਰੀ ਖਜੂਰ ਦੇ ਰੁੱਖ ਦੀ
ਆਪਣੇ ਅਸਮਾਨ ਦੇ
ਆਖਰੀ ਸਿਤਾਰਿਆਂ ਦੀ
ਤੇ ਆਪਣੇ ਨਾਵਾਂ ਦੇ
ਆਖਰੀ ਤੁਕਾਂਤਾਂ ਦੀ
ਰਖਵਾਲੀ ਕਰਦੇ ਹਾਂ।
ਜੇ ਅਸੀਂ ਆਪਣੀਆਂ ਮਾਵਾਂ ਦੀਆਂ
ਛਾਤੀਆਂ ਦੇ
ਆਖਰੀ ਦੁੱਧ ਦੀ ਰਾਖੀ ਕਰਦੇ ਹਾਂ
ਜੇ ਸਾਡਾ ਇਹੀ ਗੁਨਾਹ ਹੈ
ਤਾਂ ਅਤਿਵਾਦ ਕਿੰਨਾ ਸੁੰਦਰ ਹੈ!

ਮੈਂ ਅਤਿਵਾਦ ਦਾ ਹਾਮੀ ਹਾਂ
ਜੇ ਇਹ ਮੈਨੂੰ
ਰੂਸ, ਰੁਮਾਨੀਆ, ਹੰਗਰੀ ਅਤੇ ਪੋਲੈਂਡ
ਦੇ ਆਵਾਸੀਆਂ ਤੋਂ
ਬਚਾਉਣ ਦੇ ਕਾਬਿਲ ਹੈ

ਉਹ ਫਲਸਤੀਨ ਵਿਚ ਆ ਵੱਸੇ
ਅਤੇ 'ਅਲ-ਕੁਦਸ' ਦੇ ਮੀਨਾਰਾਂ
'ਅਕਸਾ' ਦੇ ਬੂਹੇ
ਅਰਬੀ ਮੁਹਰਾਕਸ਼ੀ ਦੇ ਨਮੂਨਿਆਂ
ਤੇ ਗੁੰਬਦਾਂ ਦੀ ਚੋਰੀ ਕਰਨ ਲਈ
ਸਾਡੇ ਮੋਢਿਆਂ ਉੱਤੇ ਆ ਚੜ੍ਹੇ
ਪਿਛਲੇ ਸਾਲ
ਰਾਸ਼ਟਰਵਾਦੀ ਗਲੀ
ਵਹਿਸ਼ੀ ਘੋੜੇ ਵਾਂਗ
ਪ੍ਰਚੰਡ ਹੋਈ ਪਈ ਸੀ
ਦਰਿਆ
ਜਵਾਨੀ ਦੀ ਭਾਵਨਾ ਨਾਲ
ਭਰੇ ਪਏ ਸਨ
ਐਪਰ 'ਓਸਲੋ' ਤੋਂ ਬਾਅਦ
ਸਾਡੇ ਦੰਦ ਨਹੀਂ ਸੀ ਰਹੇ
ਤੇ ਅਸੀਂ ਹੁਣ ਅੰਨੇ ਤੇ
ਗਏ-ਗਵਾਚੇ ਲੋਕ ਹੋ ਗਏ ਸੀ



ਸਾਡੇ ਉੱਤੇ ਅਤਿਵਾਦ ਦਾ
ਇਲਜ਼ਾਮ ਲਾਇਆ ਜਾਂਦਾ ਹੈ
ਜੇ ਅਸੀਂ ਪੂਰੀ ਤਾਕਤ ਨਾਲ
ਆਪਣੇ ਕਾਵਿ ਕਿੱਸੇ
ਆਪਣੀ ਕੌਮੀ ਦੀਵਾਰ
ਆਪਣੀ ਗੁਲਾਬੀ ਸਭਿਅਤਾ
ਆਪਣੇ ਪਰਬਤਾਂ ਵਿਚਲੀਆਂ
ਬੰਸਰੀਆਂ ਦੇ ਸਭਿਆਚਾਰ
ਤੇ ਕਾਲੀਆਂ ਅੱਖਾਂ ਵਿਖਾਲਦੇ ਸ਼ੀਸ਼ਿਆਂ
ਦੀ ਰਖਵਾਲੀ ਕਰਦੇ ਹਾਂ।

ਮੈਂ ਅਤਿਵਾਦ ਦਾ ਹਾਮੀ ਹਾਂ
ਜੇ ਇਹ ਅੱਤਿਆਚਾਰ ਤੇ ਜ਼ਾਲਮਾਂ ਤੋਂ
ਲੋਕਾਂ ਨੂੰ ਮੁਕਤ ਕਰਨ ਦੇ ਕਾਬਿਲ ਹੈ
ਜੇ ਇਹ ਆਦਮੀ ਦੀ
ਨਿਰਦਇਤਾ ਤੋਂ ਬੰਦੇ ਨੂੰ
ਬਚਾ ਸਕਦਾ ਹੈ
ਨਿੰਬੂ ਅਤੇ ਜ਼ੈਤੂਨ ਦਾ
ਬਿਰਖ ਵਾਪਸ ਮੋੜ ਸਕਦਾ ਹੈ
ਜੇ ਇਹ ਲੈਬਨਾਨ ਦੇ
ਦੱਖਣ ਨੂੰ ਪਰਿੰਦਾ
ਤੇ ਗੋਲਾਨ ਨੂੰ ਮੁਸਕਰਾਹਟ
ਵਾਪਸ ਮੁੜਵਾ ਸਕਦਾ ਹੈ।

ਮੈਂ ਅਤਿਵਾਦ ਦਾ ਸਮਰਥਕ ਹਾਂ
ਜੇ ਇਹ ਮੈਨੂੰ
ਯਹੂਦਾ ਦੇ ਸੀਜ਼ਰ
ਅਤੇ ਰੋਮ ਦੇ ਸੀਜ਼ਰ ਤੋਂ ਬਚਾ ਲਵੇ

ਮੈਂ ਓਨੀ ਦੇਰ ਅਤਿਵਾਦ ਦੇ ਨਾਲ ਹਾਂ
ਜਿੰਨੀ ਦੇਰ ਇਹ ਨਵਾਂ ਸੰਸਾਰ ਪ੍ਰਬੰਧ
ਅਮਰੀਕਾ ਤੇ ਅਜ਼ਰਾਈਲ ਵਿਚਕਾਰ
ਅੱਧਾ-ਅੱਧਾ ਵੰਡਿਆ ਹੋਇਆ ਹੈ।
ਮੈਂ ਅਤਿਵਾਦ ਦੇ ਨਾਲ ਹਾਂ
ਆਪਣੀ ਸਾਰੀ ਕਵਿਤਾ ਸਮੇਤ
ਆਪਣੇ ਸਾਰੇ ਸ਼ਬਦਾਂ ਸਮੇਤ
ਆਪਣੇ ਸਾਰੇ ਦੰਦਾਂ ਸਮੇਤ
ਜਿੰਨੀ ਦੇਰ ਤੀਕ
ਇਹ ਨਵਾਂ ਸੰਸਾਰ ਪ੍ਰਬੰਧ
ਬੁੱਚੜ ਦੇ ਹੱਥਾਂ ਵਿਚ ਹੈ।

ਮੈਂ ਅਤਿਵਾਦ ਦੇ ਨਾਲ ਹਾਂ
ਜੇ ਯੂ.ਐੱਸ. ਦਾ ਸੈਨੇਟ
ਫੈਸਲੇ ਕਰਦਾ
ਪੁਰਸਕਾਰ ਵੰਡਦਾ
ਤੇ ਸਜ਼ਾਵਾਂ ਦਿੰਦਾ ਹੈ।

ਮੈਂ ਇਰਹਾਬ(ਅਤਿਵਾਦ) ਦੇ ਨਾਲ ਹਾਂ
ਜਿੰਨੀ ਦੇਰ ਤੀਕ
ਇਹ ਨਵਾਂ ਵਿਸ਼ਵ ਪ੍ਰਬੰਧ
ਅਰਬ ਦੀ ਸੁਗੰਧੀ ਨੂੰ ਨਫਰਤ ਕਰਦਾ ਹੈ

ਮੈਂ ਅਤਿਵਾਦ ਦਾ ਹਾਮੀ ਹਾਂ
ਜਿੰਨੀ ਦੇਰ ਤੀਕ ਇਹ ਨਵਾਂ ਸੰਸਾਰ ਪ੍ਰਬੰਧ
ਮੇਰੇ ਬੱਚਿਆਂ ਨੂੰ ਕਤਲ ਕਰਨਾ ਚਾਹੁੰਦਾ ਹੈ
ਤੇ ਉਹਨਾਂ ਨੂੰ ਕੁੱਤਿਆਂ ਅੱਗੇ ਸੁੱਟਦਾ ਹੈ।

ਇਸ ਸਾਰੇ ਕੁਝ ਲਈ
ਮੈਂ ਆਪਣੀ ਆਵਾਜ਼ ਉੱਚੀ ਕਰਦਾ ਹਾਂ
ਮੈਂ ਅਤਿਵਾਦ ਦੇ ਨਾਲ ਹਾਂ!
ਮੈਂ ਅਤਿਵਾਦ ਦਾ ਹਾਮੀ ਹਾਂ!!
ਮੈਂ ਅਤਿਵਾਦ ਦਾ ਸਮਰਥਕ ਹਾਂ!!!

(ਤਾਰਿਕ ਅਲੀ ਦੀ ਇਰਾਕ ਬਾਰੇ ਪੁਸਤਕ ਵਿਚੋਂ
ਪੰਜਾਬੀ ਅਨੁਵਾਦ ਹ. ਸ.ਹ.)

ਉਰਦੂ ਕਵਿਤਾ

# ਤ੍ਰੰਨਮ ਰਿਆਜ਼ ਦੀਆਂ ਨਜ਼ਮਾਂ

ਤ੍ਰੰਨਮ ਰਿਆਜ਼ ਨਾਲ ਪਹਿਲੀ ਮੁਲਾਕਾਤ ਫਰਵਰੀ ਮਹੀਨੇ ਵਿਚ ਚੰਡੀਗੜ੍ਹ ਦੇ ਕਵਿਤਾ ਉਤਸਵ ਬਹਾਨੇ ਹੋਈ। ਉਹ ਸ੍ਰੀਨਗਰ ਦੀ ਜੰਮਪਲ ਹੈ ਤੇ ਉਸਦਾ ਪਿਛੋਕੜ ਪੰਜਾਬੀ ਹੈ। ਬੁਨਿਆਦੀ ਤੌਰ 'ਤੇ ਉਹ ਗਲਪਕਾਰ ਹੈ। ਕਹਾਣੀ ਅਤੇ ਨਾਵਲ ਲਿਖਦੀ ਹੈ। "ਯਿਹ ਤੰਗ ਜ਼ਮੀਨ" "ਅਬਾਬੀਲੇਂ ਲੌਟ ਆਏਂਗੀ" ਕਹਾਣੀ ਸੰਗ੍ਰਿਹ ਤੇ "ਮੂਰਤੀ ਤੇ "ਸਹਿਰਾ ਹਮਾਰੀ ਆਂਖੋਂ ਮੇਂ" ਨਾਵਲ ਛਪ ਚੁੱਕੇ ਹਨ। ਉਸ ਨੇ ਸਾਹਿਤ ਅਕਾਦਮੀ ਦਿੱਲੀ ਲਈ ਕੁਝ ਅਨੁਵਾਦ ਵੀ ਕੀਤੇ ਹਨ। ਕਦੇ ਕਦੇ ਕਵਿਤਾ ਲਿਖਦੀ ਹੈ। "ਪੁਰਾਨੀ ਕਿਤਾਬੋਂ ਕੀ ਖ਼ੁਸ਼ਬੂ" ਉਸਦਾ ਕਾਵਿ ਸੰਗ੍ਰਿਹ ਪਿਛਲੇ ਸਾਲ ਛਪਿਆ ਹੈ। ਦਿੱਲੀ ਵਿਖੇ ਰਹਿੰਦੀ ਉਹ ਰੇਡੀਓ ਤੇ ਟੀ. ਵੀ. 'ਤੇ ਖ਼ਬਰਾਂ ਪੜ੍ਹਦੀ ਹੈ। ਉਹ ਉਰਦੂ ਲੇਖਿਕਾ ਵਜੋਂ ਕਈ ਕੌਮੀ ਸੈਮੀਨਾਰਾਂ ਵਿਚ ਬਤੌਰ ਆਲੋਚਕ ਹਿੱਸਾ ਲੈ ਚੁੱਕੀ ਹੈ। ਪੇਸ਼ ਹਨ ਉਸਦੀਆਂ ਕੁਝ ਚੋਣਵੀਆਂ ਨਜ਼ਮਾਂ —

ਸੰਪਾਦਕ

## 1. ਹਿੰਦ-ਪਾਕ

ਹਮਾਰੇ ਜ਼ਲਜ਼ਲੇ ਸਾਂਝੇ
ਸਭ ਤੁਗਆਨੀਆਂ ਸਾਂਝੀਂ
ਫਲਕ ਸਾਂਝਾ, ਜ਼ਮੀਂ ਸਾਂਝੀਂ
ਬਹੁਤ ਸੀ ਬੋਲੀਆਂ ਸਾਂਝੀਂ
ਹੈ ਮਲਬੂਸਾਤ ਏਕ ਜੈਸੇ
ਬਦਨ ਯਕਸਾਂ ਰੰਗਤ ਕੇ
ਹੈਨ ਨੈਨ ਔਰ ਨਕਸ਼ ਭੀ ਏਕ ਸੇ
ਪਸੰਦ ਹੈ ਏਕ ਸੀ ਸਭ ਕੀ
ਸਭ ਪਕਵਾਨ ਸੇਧੇ ਸੀ
ਜੋ ਮਾਜ਼ੀ ਏਕ ਦੋਨੋਂ ਕਾ
ਸੋ ਮੁਸਤਕਬਿਲ ਭੀ ਕੁਛ ਏਕ ਸਾ
ਤੋ ਝਗੜੇ ਹੈਂ ਭਲਾ ਕੈਸੇ?

## 2. ਦਿਲ ਕਾ ਨਾਤਾ

ਬਹੁਤ ਗੁੱਸੇ ਮੇਂ
ਚਿੜ ਕਰ ਮੈਂ
ਖਿਲਾਫ਼ ਉਸ ਕੇ ਹੀ ਲਿਖ ਕੇ ਨਜ਼ਮ
ਜਬ ਉਸ ਕੋ ਸੁਨਾਤੀ ਹੂੰ
ਬੜੀ ਹੀ ਸਾਦਗੀ ਕੇ ਦਾਦ ਦੇਤਾ ਹੈ
ਬੜੀ ਇਮਾਨਦਾਰੀ ਸੇ
ਕੋਈ ਅਨੁਵਾਨ ਭੀ ਤਜਵੀਜ਼ ਕਰਤਾ ਹੈ
ਮੁਝੇ ਇਸ ਕੀ ਇਨਹੀ ਬਾਤੋਂ ਪੇ
ਅਕਸਰ ਪਿਆਰ ਆਤਾ ਹੈ
ਅਜਬ ਯੇ ਦਿਲ ਕਾ ਨਾਤਾ ਹੈ।

## 3. ਹੁਸ਼ਿਆਰ

ਜ਼ਰਾ ਹੁਸ਼ਿਆਰ ਹੀ ਰਹਿਨਾ
ਨਾ ਜਾਨੇ ਕਿਸ ਸਿੰਮਤ ਸੇ ਆਏਗੀ ਗੋਲੀ
ਨਹੀਂ ਮਹਿਫੂਜ਼ ਅਬ
ਜਾਨੇਂ ਕਿਸੀ ਕੀ ਭੀ
ਘਰੋਂ ਮੇਂ
ਔਰ ਨ ਸੜਕੋਂ ਪਰ
ਦਫਤਰ ਮੇਂ, ਸਕੂਲੋਂ ਮੇਂ
ਹੈ ਛਾਇਆ ਹਰ ਤਰਫ਼ ਖਤਰਾ
ਨਕਾਬੋਂ ਮੇਂ ਛੁਪਾਏ ਮੂੰਹ
ਅਜਬ ਮਖ਼ਲੂਕ ਫਿਰਤੀ ਹੈ
ਕਹੀਂ ਚਿਹਰਾ ਨਹੀਂ ਕੋਈ
ਕਹੀਂ ਚਿਹਰੇ ਪੇ ਚਿਹਰਾ ਹੈ।
ਜ਼ਰਾ ਹੁਸ਼ਿਆਰ ਹੀ ਰਹਿਨਾ
ਨਾ ਜਾਨੇ ਆਏਗੀ ਕਿਸ ਸਿੰਮਤ ਸੇ ਗੋਲੀ
ਮਗਰ ਹੁਸ਼ਿਆਰ ਰਹਿ ਕਰ ਭੀ ਕਰੋਗੇ ਕਿਆ
ਕਿ ਜਾਨੇ ਕਿਸ ਸਿੰਮਤ ਸੇ ਆਏਗੀ ਗੋਲੀ



## 4. ਚੰਨ ਫੜਨ ਵਾਲੀ ਲੜਕੀ

ਤ੍ਰੰਨਮ ਰਿਆਜ਼

ਗੁੱਸਾ ਉਸਨੂੰ ਨਹੀਂ ਆਉਂਦਾ ਹੈ
ਗੱਲਾਂ ਵੀ ਘੱਟ ਕਰਦੀ ਹੈ
ਅਹਿੱਲ ਜਿਹੀ ਵੇਖਦੀ ਰਹਿੰਦੀ ਹੈ
ਜਾਂ ਚੁਪਕੇ ਜਿਹੇ ਰੋ ਲੈਂਦੀ ਹੈ
ਉਸ ਦੀਆਂ ਦੋਹਾਂ ਅੱਖਾਂ ਵਿਚ ਹੁਣ
ਇੱਕ ਵੀ ਸੁਪਨਾ ਨਹੀਂ ਵੱਸਦਾ।

ਉਹ
ਜਿਵੇਂ ਰੱਖ ਰਹਿ ਲੈਂਦੀ ਹੈ
ਹਰ ਮੌਸਮ ਨੂੰ ਸਹਿ ਲੈਂਦੀ ਹੈ
ਤੇ ਉਸ ਦੇ ਜੀਵਨ ਵਿਚ
ਜਾਣੋ ਕੈਸੀ ਰੁੱਤ ਆਣ ਵੱਸੀ ਹੈ

ਚੰਦ ਨੂੰ ਪਕੜਨ ਵਾਲੀ ਲੜਕੀ
ਹੁਣ ਪੱਥਰ ਪੱਥਰ ਅੱਖਾਂ ਸੰਗ
ਬੱਸ ਤਾਰੇ ਗਿਣਦੀ ਰਹਿੰਦੀ ਹੈ। •

ਵਾਘਿਓਂ ਪਾਰ

## ਗੀਤ/ਸਾਈਂ ਅਖ਼ਤਰ ਲਾਹੌਰੀ

**(ਔਰਤ ਦੀ ਆਰਥਿਕ ਸਥਿਤੀ ਬਾਰੇ)**

ਨੀ ਮਾਏ ਵਰ ਛਾਪੇ ਦੀਆਂ ਵਾੜਾਂ, ਅਸੀਂ ਪੈਲੀਆਂ।
ਲੇਖੀਂ ਏ ਭੁਗਾਟ ਸਾਡੇ, ਗੰਦਲਾਂ ਕੁਸੈਲੀਆਂ।

ਸਾਡੀ ਏ ਹਯਾਤੀ, ਸ਼ੱਕ ਸ਼ੁਬ੍ਹੇ ਦਾ ਸ਼ਿਕਾਰ ਨੀ।
ਜਿਹਦੇ ਨਾਲ ਹੱਸ ਪਈਏ, ਉਹੀਓ ਸਾਡਾ ਯਾਰ ਨੀ।
ਅਸੀਂ ਸਦਾ ਝੂਠੀਆਂ ਤੇ ਬੰਦਾ ਸੁਚਆਰ ਨੀ।
ਸਾਡੇ ਲਈ ਤੇ ਇਕੋ ਜਿਹੀ, ਖਿਜ਼ਾਂ ਤੇ ਬਹਾਰ ਨੀ।
ਚਾਦਰਾਂ ਵੀ ਆਉਣ ਸਾਡੇ ਸਿਰਾਂ ਉੱਤੇ ਮੈਲੀਆਂ।

ਅਜ਼ਲਾਂ ਤੋਂ ਸਾਡੀਆਂ ਆਜ਼ਾਦੀਆਂ ਗਵਾਚੀਆਂ।
ਇਕਲਾਪੇ ਵਾਲੇ ਥਲ ਵਿਚ, ਪੁੰਨੂੰ ਦੀਆਂ ਡਾਚੀਆਂ।
ਟੀਚਿਆਂ ਤੋਂ ਦੂਰ ਅਸੀਂ, ਥਲਾਂ 'ਚ ਖੜਾਚੀਆਂ।
ਪੇਕੇ ਪੁੱਟ ਸਹੁਰੇ ਲਾਉਂਦੇ, ਅਸੀਂ ਆ ਉਹ ਗਾਚੀਆਂ।

ਬਾਬਲੇ ਤੇ ਵੀਰਿਆਂ ਲਈ ਅਸੀਂ ਅਣ ਹੋਣੀਆਂ।
ਵੀਰਾਂ ਦੀਆਂ ਪੱਗਾਂ ਨਾਲ ਇੱਜ਼ਤਾਂ ਨੇ ਧੋਣੀਆਂ।
ਕਵੀ ਦੇ ਖ਼ਿਆਲ ਵਿਚ ਫੁੱਲਾਂ ਨਾਲੋਂ ਸੁਹਣੀਆਂ।
ਮਨ੍ਹਾ ਸਾਨੂੰ ਬੋਲਣਾ ਏ ਭਾਵੇਂ ਮਨ ਮੋਹਣੀਆਂ।

ਸੁਹਣੀਆਂ ਜੇ ਹੋਈਏ, ਪਾਣ ਜ਼ੋਰੋ ਜ਼ੋਰ ਡੋਰੀਆਂ।
ਸੂਆ ਮਾਰ, ਡੋਲ੍ਹ ਦੇਣ, ਖੰਡਾਂ ਦੀਆਂ ਬੋਰੀਆਂ।
ਸੇਜਾਂ ਉੱਤੇ ਆਂਹਦੇ ਸਾਨੂੰ, ਗੰਨੇ ਦੀਆਂ ਪੋਰੀਆਂ।
ਮੰਗੀਏ ਆਜ਼ਾਦੀ ਜੇ ਤੇ ਮਾਰਦੇ ਡੰਗੋਰੀਆਂ।

ਕੱਲਰੀ ਜ਼ਮੀਨ ਵਾਂਗੂ ਅਸੀਂ ਆਂ ਅਭਾਗਣਾਂ।
ਵਿਛੋੜੇ ਵਿਚ ਰੋਣਾ ਮਨ੍ਹਾ, ਅਸੀਂ ਉਹ ਸੁਹਾਗਣਾਂ।
ਮੂੰਹੋਂ ਬੋਲ ਪਈਏ ਅਸੀਂ ਹੋ ਜਾਈਏ ਨਾਗਣਾਂ।
ਕੰਮੀ ਵਰ ਹੋਵੇ ਅਸੀਂ ਕਾਮਣਾ ਤੇ ਲਾਗਣਾ।

ਸੋਚਾਂ 'ਚ ਲੁਕਾਈਏ ਅਸੀਂ ਦਿਲਾਂ ਵਾਲੇ ਚਾਕ ਨੀ।
ਦੱਸ ਦੇਈਏ ਕਦੀ ਜੇ ਖਿਆਲਾਂ ਵਾਲੇ ਸਾਕ ਨੀ।
ਖਿਆਲਾਂ ਉੱਤੇ ਪਹਿਰੇ ਲਾਉਣ ਆਪ ਰਹਿੰਦੇ ਪਾਕ ਨੀ।
ਸਾਨੂੰ ਅਜ਼ਮਾਉਂਦੇ ਰਹਿੰਦੇ, ਆਪ ਇਹ ਚਲਾਕ ਨੀ।

ਵਧੇ ਕੱਦ ਸਾਡਾ ਨਾਲ ਕੰਧਾਂ ਹੋਣ ਉੱਚੀਆਂ।
ਬੰਨੇ 'ਤੇ ਖਲੋਈਏ ਅਸੀਂ ਭੈੜੀਆਂ ਤੇ ਲੁੱਚੀਆਂ।
ਸਦਾ ਭਾਵੇਂ ਰਹੀਏ ਅਸੀਂ ਸੁੱਚਲਾਂ ਤੇ ਸੁੱਚੀਆਂ।
ਸਹੁਰਿਆਂ ਦੇ ਰਹੀਏ ਪਰ ਕੰਨੋ ਨੱਕੋ ਬੁੱਚੀਆਂ।

ਰਖੇਲ ਤੇ ਕਨੀਜ਼ਾਂ ਅਸੀਂ ਸਦੀਆਂ ਤੋਂ ਗੋਲੀਆਂ।
ਆਕਾ ਮੁੱਲ ਵੱਟਦੇ, ਗੁਲਾਮ ਲਾਉਂਦੇ ਬੋਲੀਆਂ।
ਰਹੀਆਂ ਅਸੀਂ ਬਦੀਆਂ 'ਤੇ ਫੇਰ ਵੀ ਨਾ ਡੋਲੀਆਂ।
ਗੋਦ ਸਾਡੀ ਨਬੀਆਂ ਨੇ ਭਾਵੇਂ ਅੱਖਾਂ ਖੋਹਲੀਆਂ।

ਖਾਂਵਦਾਂ ਦੀ ਜੂਠ ਖਾਈਏ, ਹੋਈਏ ਜੇ ਮਰਾਠਣਾਂ।
ਨਰ ਬਾਲ ਕੋਲੋਂ ਵੀ ਨਾ ਸੁੱਚਾ ਅਸਾਂ ਮਾਠਣਾਂ।
ਹਵੇਲੀਆਂ 'ਚ ਬੰਦ ਰਹੀਏ ਭਾਵੇਂ ਅਸੀਂ ਰਾਠਣਾਂ।
ਚੰਗੀ ਹੋਵੇ ਕਾਠੀ ਤੇ ਅਖਵਾਈਏ ਅਸੀਂ ਕਾਠਣਾਂ।

•••





# ਰੌਂਦ/ ਜ਼ਬੀਰ ਅਹਿਮਦ

ਛੁੱਟੀ ਕਰਕੇ ਉਸ ਦਿਨ ਮੈਂ ਦਰਿਆ ਵੱਲ ਤੁਰ ਪਿਆ। ਕੰਢੇ ਦੇ ਨਾਲੋਂ ਨਾਲ ਪੁਰਾਣੇ ਪੁਲ ਤੋਂ ਚੜ੍ਹਦੇ ਵੱਲ ਤੁਰਦਾ ਆਇਆ। ਫੱਗਣ ਦਾ ਅਖੀਰਲਾ ਹੋਵੇ। ਏਸ ਰੁੱਤੇ ਦਰਿਆ ਨਾ ਹੋਵਣ ਦੇ ਬਰਾਬਰ ਹੁੰਦਾ ਏ। ਦੂਰੋਂ ਵੇਖੋ ਤਾਂ ਪਾਣੀ ਦੀ ਇੱਕ ਲੀਕ ਜਹੀ। ਪਰ ਕੋਲ ਖਲੋਤਿਆਂ ਚੁੱਪ ਚੁਪੀਤੇ ਪਾਣੀ ਦੀ ਟੋਰ ਮੈਨੂੰ ਅੰਦਰੋਂ-ਅੰਦਰੀ ਤਰਿੱਖੀ ਜਾਪੀ।

ਅਸਲੋਂ ਸ਼ਹਿਰ ਲਾਹੌਰ ਰਾਵੀ ਦਾ ਹਾਲ ਵੀ ਕੋਈ ਨਹੀਂ, ਬੇਲੇ ਤਾਂ ਇੰਝ ਈ ਮੁਕਦੇ ਜਾਂਦੇ ਹਨ। ਸਗੋਂ ਕੁਝ ਥਾਵਾਂ ਉੱਤੇ ਕਬਜ਼ੇ ਗਰੁੱਪਾਂ ਪਲਾਟ ਬਣਾ ਬਸਤੀਆਂ ਉਸਾਰ ਲਈਆਂ ਹਨ। ਜਿਹੜੀ ਕੋਈ ਥਾਂ ਬਚੀ ਜਾਂ ਜਿੱਥੇ ਹੜ੍ਹ ਆਵਣ ਦਾ ਡਰ ਏ, ਉਥੇ ਸਾਰੇ ਸ਼ਹਿਰ ਦਾ ਗੰਦ ਸੁੱਟ ਦਿੱਤਾ ਜਾਂਦਾ ਏ। ਪਰ ਇਹ ਦਰਿਆ ਉਹੋ ਈ ਏ ਤੇ ਕਿੱਥੇ-ਕਿੱਥੇ ਖੌਰੇ ਲੋਕਾਂ ਦਾ ਇਹਦੇ ਨਾਲ ਸਾਗਾ ਵੀ ਨਹੀਂ ਤਰੁੱਟਾ।

ਇੱਕ ਥਾਂ ਐਵੇਂ ਦੋ ਬੰਦੇ ਵੇਖ ਖਲੋ ਗਿਆ। ਦਰਿਆ ਦੇ ਦੂਜੇ ਬੰਨੇ ਦੋ ਬੰਦੇ ਆਪਣੀਆਂ ਲੱਕ ਦੀਆਂ, ਪੱਟਾਂ ਦੁਆਲੇ ਕੱਸ ਕੇ ਜਾਲ ਸੁੱਟੀ ਮੱਛੀਆਂ ਫੜ੍ਹਨ ਦੇ ਆਹਰ ਵਿਚ ਸਨ।

"ਐਥੇ ਮੱਛੀਆਂ ਹੁੰਦੀਆਂ ਨੇ" ਬੇਧਿਆਨੇ ਮੈਂ ਸਾਹਮਣੇ ਵੇਖਦਿਆਂ ਪੁੱਛਿਆ।

"ਆਹੋ..... ਹੁੰਦੀਆਂ ਨੇ" ਉਹਨਾਂ ਦੋਵਾਂ ਵਿਚੋਂ ਇੱਕ ਨੇ ਜਵਾਬ ਦਿੱਤਾ।

ਹੁਣ ਮੈਂ ਉਹਨਾਂ ਵੱਲ ਤੱਕਿਆ। ਇੱਕ ਮੁੰਡਾ ਵੱਡੀ ਪੱਥਰ ਦੀ ਸਿੱਲ ਉੱਤੇ ਲੀੜੇ ਧੋਵੇ ਪਿਆ। ਦੂਜੇ ਅਧਖੜ ਜਿਹਾ ਚੁੱਪ ਚੁਪੀਤਾ ਕੰਢੇ ਉੱਤੇ ਬੈਠਾ ਵਗਦੇ ਦਰਿਆ ਨੂੰ ਤੱਕਦਾ ਰਿਹਾ।

ਵਗਦੇ ਦਰਿਆ ਤੋਂ ਮੱਛੀ ਫੜਨੀ ਔਖੀ ਨਹੀਂ, ਮੈਂ ਜਿਵੇਂ ਆਪਣੇ ਆਪ ਨਾਲ ਈ ਗੱਲ ਕੀਤੀ।

"ਔਖੀ ਏ ਪਰ ਜਿੱਥੇ ਪਾਣੀ ਤ੍ਰਿਖਾ ਨਾ ਹੋਵੇ, ਉਥੇ ਨਹੀਂ।" ਮੁੰਡੇ ਜਵਾਬ ਦਿੱਤਾ। ਫੇਰ ਐਵੇਂ ਈ ਮੁੰਡੇ ਪੁੱਛਿਆ "ਬਾਊ ਜੀ ਈਦ ਕਦੋਂ ਏ"

ਮੈਨੂੰ ਉਹਦੇ ਸਵਾਲ ਉੱਤੇ ਅਚੰਭਾ ਹੋਇਆ। "ਤੈਨੂੰ ਨਹੀਂ ਪਤਾ ਕੱਲ੍ਹ ਤੇ ਚੰਦ ਨਹੀਂ ਦਿਸਿਆ। ਹੁਣ ਈਦ ਭਲਕੇ ਈ ਹੋਵੇਗੀ"। ਮੈਂ ਪਹਿਲੀ ਵਾਰ ਉਹਨੂੰ ਧਿਆਨ ਨਾਲ ਤੱਕਿਆ? ਕਾਲਾ ਸ਼ਾਹ ਪਿੰਡਾ ਤੇ ਕੌਸਿਆ ਹੋਇਆ ਮਿੱਟੀ ਰੰਗਾ ਅੱਖਾਂ ਵਿਚ ਲਾਲ ਡੋਰ ਜਿਹੀ। ਗੱਭਰੂ ਜਿਹਾ ਉਹ ਅੱਗੋ ਨੰਗਾ (ਜੀਹਦਾ ਮੈਂ ਪਹਿਲਾ ਧਿਆਨ ਨਹੀਂ ਸੀ ਕੀਤਾ) ਸੁਥਣ ਪਾਈ, ਗਲ ਦੀ ਕਮੀਜ਼ ਧੋਂਦਾ, ਪਿਆ ਸੀ। ਉਹਦੇ ਮੂੰਹ ਮੁਹਾਂਦਰੇ ਤੋਂ ਮੈਂ ਗਵੇੜ ਲਾਇਆ, ਪਈ ਦਰਿਆ ਦੇ ਇੱਕ ਪਾਸੇ ਕਾਰਪੋਰੇਸ਼ਨ ਦੇ ਜਿਹੜੇ ਟਰੱਕ ਕੂੜਾ ਸੁੱਟਦੇ ਹਨ, ਉਹਨਾਂ ਵਿਚ ਕੰਮ ਕਰਨ ਵਾਲਾ ਜਾਂ ਖੌਰੇ ਨੇੜੇ ਈ ਈਸਾਈਆਂ ਦੀ ਕੱਚੀ ਬਸਤੀ ਦਾ ਰਹਿਣ ਵਾਲਾ ਹੋਣਾ ਏ।

ਫੇਰ ਵੀ ....... ਮੈਨੂੰ ਉਹਦੀ ਬੇਖ਼ਬਰੀ ਦੀ ਸਮਝ ਨਾ ਆਈ। ਪਿਛਲੇ ਇਕ ਮਹੀਨੇ ਤੋਂ ਜਦ ਦੇ ਰੋਜ਼ੇ ਸ਼ੁਰੂ ਹੋਏ ਸਨ, ਸਾਰਾ ਸ਼ਹਿਰ ਈਦ ਮਨਾਵਣ ਵਿਚ ਮਰੇਂਦਾ ਪਿਆ ਸੀ, ਈਦ

ਦੇ ਨੇੜੇ ਆਉਣ ਨਾਲ ਸੜਕਾਂ ਉੱਤੇ ਇੱਕ ਭਾਜੜ ਜਹੀ ਏ, ਜਿਵੇਂ ਹਰ ਸ਼ੈਅ ਨੱਸਦੀ ਪਈ ਹੋਵੇ। ਵੈਗਨਾਂ ਵਿਚ ਭੀੜ ਮੁੱਕਣ ਨੂੰ ਨਹੀਂ ਸੀ ਆਉਂਦੀ ਤੇ ਵੱਡੇ ਬਜ਼ਾਰਾਂ ਵਿਚ ਪੈਰ ਰੱਖਣ ਨੂੰ ਥਾਂ ਨਾ ਹੋਵੇ। ਕੱਲ੍ਹ ਅੱਧੀ ਰਾਤ ਮਗਰੋਂ ਮੈਂ ਮਾਲ ਰੋਡ ਤੋਂ ਲੰਘਿਆ ਤੇ ਉਥੇ ਰਸ਼ ਨਾਲ ਰਾਹ ਬੰਦ ਸੀ ਤੇ ਕਾਰਾਂ ਕੀੜੀਆਂ ਵਾਂਗਰ ਲੰਘਣ ਪਈਆਂ। ਮੈਂ ਗਵੇੜ ਪੱਕਾ ਕੀਤਾ, ਇਹ ਮੁੰਡਾ ਈਸਾਈ ਈ ਹੋਣਾ ਏਂ। ਫੇਰ ਵੀ ਰਹਿੰਦਾ ਤੇ ਏਸ ਸ਼ਹਿਰ ਈ ਹੈ। ਨਾ ਈਦ ਦਾ ਵੀ ਪਤਾ ਨਹੀਂ ਕਦੋਂ ਹੋਵੇਗੀ।

"ਤੂੰ ਕਿੱਥੋਂ ਦਾ ਏਂ?" ਮੈਥੋਂ ਆਪਣੀ ਹੈਰਾਨੀ ਡੱਕ ਨਾ ਹੋਈ। 'ਉਕਾੜੇ ਦਾ' 'ਸ਼ਹਿਰ ਦਾ'?

"ਨਹੀਂ ਉਕਾੜੇ ਲਾਗੇ ਇੱਕ ਚੱਕ ਏ",

"ਏਥੇ ਕੀ ਕਰਨਾ ਏਂ?"

"ਅਸੀਂ ਸਬਜ਼ੀ ਮੰਡੀ ਵਿਚ ਕੰਮ ਕਰਨੇ ਆਂ।" ਉਹ ਆਪਣੇ ਦੂਜੇ ਸਾਥੀ ਵੱਲ ਮੂੰਹ ਕਰਦਾ ਬੋਲਿਆ। ਜਿਵੇਂ ਉਹਨੂੰ ਵੀ ਗੱਲ 'ਚ ਰਲਾਣਾ ਚਾਹੁੰਦਾ ਹੋਵੇ।

"ਪਾਂਡੀ ਆ" ਦੂਜਾ ਬੰਦਾ ਬੋਲਿਆ।

ਗੱਲਾਂ ਕਰਨ ਨਾਲ ਓਪਰੀਅਤ ਘਟੀ ਤਾਂ ਮੈਂ ਵੀ ਉਥੇ ਈ ਕੰਢੇ ਦੀ ਗਿੱਲੀ ਮਿੱਟੀ ਤੋਂ ਕੁਝ ਹਟਵਾਂ ਰੇਤੇ ਉੱਤੇ ਬਹਿ ਕੇ ਉਹਨਾਂ ਨਾਲ ਗੱਲਾਂ ਕਰਨ ਲੱਗ ਪਿਆ।

"ਟਰੱਕਾਂ ਤੋਂ ਮਾਲ ਲਾਹੁੰਦੇ ਹੋ?"

"ਨਹੀਂ, ਟਰੱਕਾਂ ਤੋਂ ਆੜ੍ਹਤੀ ਆਵਦੀ ਉਤਾਰਦੇ ਹਨ। ਇਹ ਮਾਲ ਹੁੰਦਾ ਏ ਆੜ੍ਹਤੀਆ ਦਾ। ਫੇਰ ਉਹ ਵੇਚਦੇ ਹਨ ਅੱਗੇ, ਫੇਰ ਫੜੀਬਾਜ਼ ਹਨ। ਜਦੋਂ ਹੁੰਦਾ ਏ ਸੌਦਾ, ਅਸੀਂ ਇਹ ਮਾਲ ਚੁੱਕਣ ਦਾ ਕੰਮ ਕਰਦੇ ਆ। ਕਈ ਵਾਰ ਟਰੱਕਾਂ ਉੱਤੇ ਈ ਮਾਲ ਵਿੱਕ ਜਾਂਦਾ ਏ।"

"ਕਈ ਵਾਰ ਮੰਡੀ ਆੜ੍ਹਤੀ ਕੋਲ ਆ ਜਾਂਦਾ ਏ।"

ਦਿਹਾੜੀ ਵਿਚ ਕਿੰਨਾ ਕੁ ਕਮਾ ਲੈਂਦੇ ਓ?

"ਕਦੇ ਤੀਹ, ਕਦੇ ਸੱਠ"

"ਇਹਦੇ ਨਾਲ ਤਾਂ ਪੂਰੀ ਨਹੀਂ ਪੈਂਦੀ।"

"ਨਾਲ ਛਾਬਾ ਵੀ ਲਾ ਲੈਂਦੇ ਆਂ। ਕੇਲਾ, ਫਲ ਜਾਂ ਸਬਜ਼ੀ। ਉਹਦੇ ਵਿਚੋਂ ਕੁਝ ਬਚ ਜਾਂਦਾ ਏ।"

"ਸਬਜ਼ੀ ਮੰਡੀ ਤੋਂ ਬਾਹਰ "

"ਹਾਂ, ਲਾਈਨ ਦੇ ਨਾਲ ਜਿਹੜੇ ਛਾਬੇ ਲਾਣ ਵਾਲੇ ਹਨ, ਉੱਥੇ"

"ਰਹਿੰਦੇ ਕਿੱਥੇ ਓ?"

"ਗੈਰਾਜ਼ ਵਿਚ"

"ਗੈਰਾਜ਼ ਵਿਚ"

"ਆਵਦੀ ਜ਼ਾਤੀ ਮੰਜੀ ਏ, ਤਿੰਨ ਰੁਪਏ ਰੋਜ਼ ਦੇਨੇ ਆਂ। ਪਹਿਲੇ ਮੰਜੀ ਨਹੀਂ ਸੀ ਮੇਰੇ ਕੋਲ। ਮੇਰੇ ਜੂੰਆਂ ਪੈ ਗਈਆਂ ਭੁੰਜੇ ਸੌਣ ਨਾਲ । ਉੱਥੇ ਪਿੱਸੂ ਵੀ ਬੜੇ ਸਨ। ਭੁੰਜੇ ਜੂੰਆਂ ਤੇ ਪਿੱਸੂ ਬੜੇ ਹੁੰਦੇ ਨੇ, ਹੁਣ ਨਹੀਂ ਮੈਂ ਸੌਂਦਾ ਭੁੰਜੇ। ਮੈਂ ਇਹਨੂੰ ਆਖਿਆ ਏ" ਉਹਨੇ ਦੂਜੇ ਬੰਦੇ



ਵੱਲ ਸੈਨਤ ਕੀਤੀ। ਆਵਦੀ ਕੋਈ ਜ਼ਾਤੀ ਥਾਂ ਲੈ ਲਈਏ, ਪਰ ਇਹ ਆਂਹਦਾ ਏ, ਰਹਿਣ ਦੇ, ਏਵੇਂ ਈ ਠੀਕ ਆ।"

"ਉਥੇ ਹੋਰ ਬੰਦੇ ਵੀ ਹੁੰਦੇ ਨੇ, ਸੌਣ ਵਾਲੇ।"

"ਆਹੋ, ਰੋਜ਼ ਸੌ, ਪੰਜਾਹ ਬੰਦੇ ਤਾਂ ਹੁੰਦੇ ਨੇ।"

"ਛੱਤੀ ਹੋਈ ਥਾਂ ਏ। ਇੱਕ ਨਲਕਾ ਵੀ ਹੈ।"

"ਪਾਰ ਵਾਲੇ ਤਾਂ ਓਕਾੜੇ ਹੋਸਣ।"

"ਹਾਹੋ, ਆਵਦਾ ਜ਼ਾਤੀ ਘਰ ਏ, ਸਾਰੇ ਉਥੇ ਹੀ ਹਨ, ਮੈਂ ਈਂ ਆਇਆ ਲਾਹੌਰ। ਮੈਂ ਵੀ ਨਾ ਆਉਂਦਾ ਜੇ ਬੁੱਢਾ, ਮੇਰੀ ਗੱਲ ਮੰਨ ਲੈਂਦਾ। ਘਰ ਆਟਾ ਨਹੀਂ ਸੀ, ਸਾਰੇ ਭੁੱਖੇ ਸਨ। ਮੈਂ ਕਿਹਾ ਬੁੱਢਿਆ ਆਟਾ ਲਿਆ। ਉਹ ਗਿਆ ਤੇ ਮੁੜ ਪਤਾ ਨਹੀਂ ਕਿੱਥੇ ਜਾ ਸੁੱਤਾ। ਮੈਂ ਘਰੋਂ ਆ ਗਿਆ। ਮੈਂ ਆਖਿਆ ਤੁਸੀਂ ਰਹੋ ਭੁੱਖੇ, ਹੱਥਾਂ ਉੱਤੇ ਹੱਥ ਰੱਖ ਕੇ, ਮੈਂ ਨਹੀਂ ਰਹਿਣਾ ਏਥੇ। ਉਦੋਂ ਦਾ ਮੁੜ ਘਰ ਨਹੀਂ ਗਿਆ, ਮੁੜ ਕੇ। ਚਾਰ ਪੰਜ ਵਰ੍ਹੇ ਤਾਂ ਹੋ ਗਏ ਹੋਣਗੇ। ਪੈਸੇ ਮੈਂ ਘੱਲ ਦੇਨਾ ਆਂ।"

"ਕਿੰਨੇ ਕੁ?"

"ਇੱਕ ਵਾਰੀ ਸੱਤ ਸੌ। ਫੇਰ ਸੌ, ਅਖੀਰਲੀ ਵਾਰੀ ਬਾਰਾਂ ਸੌ।"

"ਸਕੂਲੇ ਨਹੀਂ ਗਿਆ ਤੂੰ?"

ਉਹ ਚੁੱਪ ਕਰ ਗਿਆ। ਉਹਨੇ ਕਮੀਜ਼ ਧੋ ਲਈ ਸੀ ਅਤੇ ਕੋਲ ਰੇਤੇ ਉੱਤੇ ਸੁੱਕਣੇ ਪਾਣ ਤੁਰ ਪਿਆ। ਦੂਜਾ ਬੰਦਾ ਵੀ ਚੁੱਪ ਕਰ ਕੇ ਉਹਦੇ ਨਾਲ ਟੁਰ ਪਿਆ। ਦੂਜੇ ਬੰਦੇ ਸਾਡੀ ਗੱਲਬਾਤ ਵੱਲ ਧਿਆਨ ਨਾ ਦਿੱਤਾ। ਮੁੰਡੇ ਵੀ ਬੱਸ ਇਹੋ ਦੱਸਿਆ ਕਿ ਇਹ ਵੀ ਮੇਰੇ ਪਿੰਡ ਦਾ ਈ ਏ।

ਉਹਦਾ ਸਾਬਣ ਅਜੇ ਵੀ ਸਿਲ ਕੋਲ ਈ ਪਿਆ ਸੀ। ਮੈਂ ਵਗਦੇ ਪਾਣੀ ਨੂੰ ਤੱਕਣ ਲੱਗ ਪਿਆ। ਐਵੇਂ ਹਵਾ ਦਾ ਕੋਈ ਬੁੱਲ੍ਹਾ ਆਉਂਦਾ ਤੇ ਲਹਿਰਾਂ ਉੱਤੇ ਖੇਡ ਕਰਦਾ ਕੰਢੇ ਆ ਬਹਿੰਦਾ। ਜਾਂ ਫੇਰ ਰੇਤਿਓਂ ਵਾ-ਵਰੋਲੇ ਉੱਠਦੇ ਤੇ ਕੰਢੇ ਆ ਛਾਈਂ ਮਾਈਂ ਹੋ ਜਾਂਦੇ।

ਅਚਨਚੇਤ ਨੱਸਦੇ ਆਂਵਦੇ ਬਾਲਾਂ ਦੀਆਂ ਵਾਜਾਂ ਆਈਆਂ ਤੇ ਵਿਹੁੰਦੇ-ਵਿਹੁੰਦੇ ਬਾਲਾਂ ਦੀ ਡਾਰ ਉਥੇ ਆ ਲੱਥੀ। ਨਿੱਕੇ-ਨਿੱਕੇ ਤੇ ਵੱਡੇ ਬਾਲ, ਇਕ ਦੂਜੇ ਨੂੰ ਧੱਕਦੇ ਡਿੱਗਦੇ, ਢਹਿੰਦੇ ਤੇ ਖੇਡਦੇ ਇੱਕ ਦੂਜੇ ਪਿੱਛੇ ਨੱਸੀ ਆਏ। ਉਹਨਾਂ ਵਿਚੋਂ ਇਕ ਮੋਟੇ ਕੱਛੂਕੁੰਮੇ ਨੂੰ ਧਾਗੇ ਨਾਲ ਬੰਨ੍ਹਿਆ ਹੋਇਆ ਸੀ ਤੇ ਉਸ ਨੂੰ ਭੋਏਂ ਉੱਤੇ ਧਰ ਕੇ ਸਾਰੇ ਬਾਲ ਉਹਦੇ ਅੱਗੇ-ਪਿੱਛੇ ਰੌਲਾ ਪਾਉਂਦੇ ਆਉਂਦੇ ਪਏ ਸਨ। ਇਹ ਕੱਛੂਕੁੰਮਾ ਈ ਉਹਨਾਂ ਸਾਰਿਆਂ ਦਾ ਸ਼ੁਗਲ ਬਣਿਆ ਹੋਇਆ ਸੀ।

"ਇਹਨੂੰ ਪਾਣੀ ਵਿਚ ਸੁੱਟੋ! ਪਾਣੀ"

"ਫੇਰ ਜ਼ਿੰਦਾ ਹੋ ਜਾਵੇਗਾ। ਪਾਣੀ ਵਿਚ ਸੁੱਟ ਨਾ ਓਏ, ਵੇਖੀਏ ਤਰਦਾ ਏ ਕਿ ਨਹੀਂ।"

ਅਗਾਂਹ ਹੋ ਕੇ ਮੈਂ ਵੀ ਵੇਖਣ ਦਾ ਆਹਰ ਕੀਤਾ। ਕੱਛੂਕੁੰਮਾ ਉੱਕਾ ਸੁੱਕਾ ਸੀ ਤੇ ਨਿਰੀ ਖੋਪਰੀ ਈ ਰਹਿ ਗਈ ਹੋਈ ਸੀ। ਧਾਗਾ ਫੜੀ ਮੁੰਡਾ ਉਹਨੂੰ ਕੰਢੇ ਕੋਲ ਲੈ ਜਾਵੇ ਤੇ ਪਾਣੀ ਵਿਚ ਸੁੱਟਣ ਦਾ ਯਤਨ ਕਰੇ। ਫੇਰ ਬਾਲ ਚੀਕਾਂ, ਮਾਰਨ। ਕੁਝ ਆਖਣ ਨਹੀਂ.... ਨਹੀਂ....

ਕੁਝ ਆਖਣ "ਸੁੱਟ ਵੀ, ਸੁੱਟ ਨਾ।"

ਇੱਕ ਦੂਜਾ ਮੁੰਡਾ ਨੱਸ ਕੇ ਅਗਾਂਹ ਹੋਇਆ ਤੇ ਧਾਗਾ ਫੜੇ ਬਾਲ ਕੋਲੋਂ ਧਾਗਾ ਖੋਹ, ਝੱਬਦੇ ਉਹਨੂੰ ਧੱਕਾ ਦੇ ਕੇ ਕੱਛੂਕੰਮੇ ਨੂੰ ਪਰਲੇ ਪਾਣੀ ਵਿਚ ਵਗਾਂਹ ਮਾਰਿਆ। ਬਾਲਾਂ ਵਿਚ ਚੁੱਪ ਵਰਤ ਗਈ।

"ਵੇਖੋ, ਵੇਖੋ ਤਰਦਾ ਏ ਕਿ ਨਹੀਂ... ਜਿਉਂਦਾ ਏ ਕਿ ਨਹੀਂ.... ਵੇਖੋ, ਵੇਖੋ।

ਇੱਕ ਅਛੋਹੀ ਜਿਹੀ ਸੀ ਸਾਰਿਆਂ ਨੂੰ।

ਉਹ ਸੁੱਕੀ ਲੱਕੜ ਵਾਂਗ ਪਾਣੀ ਉੱਤੇ ਤਰ ਪਿਆ।

ਏਵੇਂ ਲੱਗਾ ਜਿਵੇਂ ਓਥੇ ਦਰਿਆ ਕੋਈ ਨਹੀਂ ਤੇ ਬਾਲਾਂ ਨੇ ਕੱਛੂਕੰਮਾ ਰੇਤੇ ਉੱਤੇ ਹੀ ਧਰ ਦਿੱਤਾ ਏ। ਦਰਿਆ ਦਾ ਤਾਂ ਝੌਲਾ ਈ ਏ ਤੇ ਅਸੀਂ ਦਿਲ ਹੀ ਪਰਚਾਉਂਦੇ ਪਏ ਆਂ। ਕੁਝ ਚਿਰ ਕੱਛੂਕੰਮੇ ਨੂੰ ਇੰਝ ਈ ਪਾਣੀ ਉੱਤੇ ਤਰਦਾ ਵੇਖਣ ਮਗਰੋਂ ਜਦ ਬਾਲਾਂ ਨੂੰ ਪੱਕ ਹੋ ਗਿਆ ਕਿ ਇਹ ਜਿਉਂਦਾ ਨਹੀਂ, ਤੇ ਉਹ ਇੰਝ ਹੀ ਰੌਲਾ ਪਾਉਂਦੇ ਉਥੋਂ ਨੱਸ ਗਏ। ਕੁਝ ਨਿੱਕੇ ਬਾਲ ਅਜੇ ਵੀ ਮੁੜ-ਮੁੜ ਕੱਛੂਕੰਮੇ ਨੂੰ ਵੇਖਦੇ ਰਹੇ। ਪਿੱਛੇ-ਪਿੱਛੇ ਇਕ ਬਾਲ ਦੂਜੇ ਦੀ ਧੌਣ ਦੁਆਲੇ ਹੱਥ ਪਾ ਉਹਨੂੰ ਤ੍ਰਿਖਾ-ਤ੍ਰਿਖਾ ਧੂੰਹਦਾ ਆਖੀ ਜਾਵੇ, "ਪਈ, ਤੂੰ ਪਾਰ ਦੱਸ ਕੇ ਨਹੀਂ ਆਇਆ, ਤੈਨੂੰ ਕੁੱਟ ਪਵੇਗੀ।"

ਦੂਜਾ ਆਪਣੀ ਧੌਣ ਛੁਡਾਵੇ ਤੇ ਨਾਲੇ ਆਖੀ ਜਾਵੇ "ਮੈਂ ਦੱਸ ਆਇਆ ਵਾਂ, ਤੈਨੂੰ ਕੀ।"

ਮੇਰੇ ਨਾਲ ਗੱਲਾਂ ਕਰਦਾ ਮੁੰਡਾ ਸਲਵਾਰ ਲਾਹ ਲੱਕ ਨਾਲ ਇਕ ਨਿੱਕਾ ਜਿਹਾ ਲੀੜਾ ਵਲੇਟ ਸਿੱਲ ਕੋਲ ਪਰਤ ਆਇਆ। ਲੀੜਾ ਥਾਂ-ਥਾਂ ਤੋਂ ਪਾਟਿਆ ਹੋਇਆ ਸੀ, ਉਹ ਲੱਕ ਖੁਰਕਦਾ ਰਿਹਾ, ਜਿਸ ਉੱਤੇ ਨਿੱਕੀਆਂ, ਨਿੱਕੀਆਂ ਫਿੰਸਣੀਆਂ ਦੇ ਨਿਸ਼ਾਨ ਸਨ। ਸਿੱਲ ਉੱਤੇ ਬਹਿ ਉਹ ਸਲਵਾਰ ਧੋਣ ਲੱਗ ਪਿਆ ਸੀ। ਉਹਦੀ ਸੁੱਥਣ ਦੇ ਨਾਲੇ ਦਾ ਸਿਰਾ ਬਹੁਤ ਚੌੜਾ ਸੀ ਤੇ ਪਰਾਂਦੀਆਂ ਵਾਂਗ ਰੰਗਦਾਰ ਸੀ। ਏਸ ਨਾਲੇ ਦਾ ਸਿਰਾ ਬਹੁਤ ਵੱਡਾ ਨਹੀਂ ਸੀ। ਮੈਂ ਗੱਲ ਕੀਤੀ, "ਇਹ ਨਾਲਾ ਏ।"

ਉਹ ਆਪੂੰ ਈ ਗੱਲਾਂ ਕਰਨ ਲੱਗ ਪਿਆ। ਜਦੋਂ ਮੈਂ ਪਹਿਲੀ ਵਾਰ ਲਾਹੌਰ ਆਇਆ ਤੇ ਮੈਨੂੰ ਬੜਾ ਡਰ ਲੱਗਣਾ ਤੇ ਮੈਂ ਬਹੁਤ ਰੋਣਾ। ਇਹਨਾਂ ਸਾਰੀਆਂ ਥਾਵਾਂ, ਹੋਟਲ, ਸੜਕਾਂ, ਪੁਲ ਤੋਂ ਮੈਨੂੰ ਡਾਢਾ ਡਰ ਲੱਗਣਾ, ਪਰ ਹੁਣ ਨਹੀਂ ਡਰਦਾ। ਬੇਧੜਕ ਫਿਰਦਾ ਵਾਂ, ਸਾਰੀਆਂ ਥਾਵਾਂ ਕੰਮ ਹੋਟਲ ਦਾ ਵੀ ਕੀਤਾ ਏ। ਓਕਾੜੇ ਦੇ ਅੱਡੇ ਉੱਤੇ ਦਸ ਵਰ੍ਹੇ। ਪਰ ਉਹ ਪੈਸੇ ਕੁਝ ਨਹੀਂ ਦਿੰਦੇ ਸਨ। ਵੀਹ ਰੁਪਏ ਰੋਜ਼ ਦੇ ਪਰ ਮੈਂ ਬੁੱਢੇ ਨੂੰ ਕਦੇ ਨਹੀਂ ਦਿੱਤੇ ਸਨ ਪੈਸੇ। ਹਮੇਸ਼ਾ ਮਾਂ ਦੇ ਹੱਥੀਂ ਰੱਖਣੇ। ਮੈਂ ਆਖਿਆ ਬੁੱਢੇ ਨੂੰ ਪੈਸੇ ਮੈਂ ਨਹੀਂ ਦੇਣੇ। ਏਸ ਤੋਂ ਪਹਿਲਾਂ ਓਕਾੜੇ ਸਬਜ਼ੀ ਮੰਡੀ ਵੀ ਕੰਮ ਕੀਤਾ ਏ।

ਮੰਡੀ ਦਾ ਸਾਰਾ-ਸਾਰਾ ਦਿਨ ਬੋਰੀਆਂ ਲਾਹ-ਲਾਹ ਮੇਰੇ ਮੋਢੇ ਲਹਿ ਜਾਣੇ ਤੇ ਰਾਤੀਂ ਲੱਕ ਪੀੜ ਹੋਣੀ। ਸੌਂ ਨਾ ਹੋਣਾ, ਫੇਰ ਮਾਂ ਮੈਨੂੰ ਹੋਟਲ ਉੱਤੇ ਛੱਡ ਆਈ। ਉੱਥੇ ਦਸ ਵਰ੍ਹੇ ਕੰਮ ਕੀਤਾ। ਜਦ ਬੁੱਢੇ ਨਾਲ ਲੜਾਈ ਹੋ ਗਈ, ਮੈਂ ਲਾਹੌਰ ਆ ਗਿਆ। ਏਥੇ ਪਹਿਲੇ



ਵਾਕਫੀ ਸੀ ਮੇਰੀ।"

"ਤੂੰ ਕਿੰਨੀ ਉਮਰ ਤੋਂ ਕੰਮ ਕਰ ਰਿਹਾ ਏਂ?"

ਉਹ ਚੁੱਪ ਕਰ ਗਿਆ।

"ਤੂੰ ਘਰ ਕਿਉਂ ਨਹੀਂ ਜਾਂਦਾ?"

"ਮੇਰਾ ਦਿਲ ਨਹੀਂ ਕਰਦਾ, ਇਕ ਦੋ ਵਾਰ ਮਾਂ ਆਈ। ਮੈਂ ਉਹਨੂੰ ਪੈਸੇ ਦੇ ਦਿੱਤੇ। ਮੈਂ ਆਖਿਆ "ਮੈਂ ਘੱਲਦਾ ਰਹਾਂਗਾ। ਪਰ ਬੁੱਢਾ ਘਰ ਆਟਾ ਨਹੀਂ ਲਿਆਇਆ। ਏਸ ਲਈ ਮੈਂ ਆ ਗਿਆ ਏਥੇ।"

"ਚਾਰ ਪੰਜ ਈਦਾਂ ਹੋ ਗਈਆਂ ਹਨ, ਮੈਂ ਘਰ ਨਹੀਂ ਗਿਆ।"

"ਤੇਰਾ ਵਿਆਹ ਵੀ ਤਾਂ ਹੋਣਾ ਏ।" ਮੈਂ ਐਵੇਂ ਉਹਨੂੰ ਛੇੜਨ ਲਈ ਆਖਿਆ।

ਉਹਦੇ ਮੂੰਹ ਉੱਤੇ ਇੱਕ ਪਲ ਲਈ ਮੁਸਕਾਨ ਆਈ। ਪਹਿਲੀ ਤੇ ਛੇਕੜਲੀ। ਫੇਰ ਮੁੜ ਇੰਝ ਹੋ ਗਿਆ। ਸਦਾ ਤੋਂ ਲੱਕ ਦੁਆਲੇ ਪਾਟਾ ਲੀੜਾ ਬੰਨ ਕੇ ਸੁੱਥਣ ਧੋਣ ਵਾਲਾ ਉਹਦੇ ਸਾਰੇ ਵਰਤਾਰੇ ਵਿਚ ਇਕ ਨਿਖੇੜ ਸੀ। ਸਾਰੇ ਜਹਾਨ ਤੋਂ ਵੱਖਰਾ ਹੋਰਾਂ ਜਿਹਾ। ਮੇਰੇ ਹਰ ਸਵਾਲ ਦਾ ਜਵਾਬ ਵੀ ਉਹਨੇ ਬੇਪ੍ਰਵਾਹੀ ਨਾਲ ਈ ਦਿੱਤਾ ਸੀ।

"ਫੇਰ ਵੀ ਤੇਰਾ ਦਿਲ ਨਹੀਂ ਕਰਦਾ।" ਮੈਂ ਮੁੜ ਵਿਆਹ ਦੀ ਗੱਲ ਦੁਹਰਾਈ।

"ਮੈਂ ਕਦੇ ਵਿਆਹ ਨਹੀਂ ਕਰਨਾ।" ਉਹ ਫੁੱਟ ਕੇ ਬੋਲਿਆ। "ਵੱਡੇ ਭਰਾ ਨੇ ਵਿਆਹ ਕੀਤਾ। ਬੜੀ ਕਾਹਲ ਸੀ ਉਸਨੂੰ ਵਿਆਹ ਦੀ, ਮੈਂ ਆਖਿਆ, ਆਵਦੀ ਜਰਾ ਦੇਖ ਲੈਨੇ ਆਂ। ਪਰ ਓਸ ਕਾਹਲੀ ਕੀਤੀ ਤੇ ਮਾਰਿਆ ਗਿਆ ਸੂ। ਉਹਦੀ ਜ਼ਨਾਨੀ ਛੱਡ ਦਿੱਤਾ ਉਸਨੂੰ।"

"ਕਿਉਂ?"

"ਨਵਾਂ-ਨਵਾਂ ਵਿਆਹ ਹੋਇਆ ਹੋਣਾ ਏ ਤੇ ਉਹ ਕੋਠੇ 'ਤੇ ਚੜ੍ਹ ਪਾਥੀਆਂ ਪਈ ਥੱਪੇ। ਮੈਂ ਵੇਖਿਆ ਪਈ ਨਾਲੇ ਉਹ ਪਾਥੀਆਂ ਥੱਪਦੀ ਜਾਵੇ, ਨਾਲੇ ਕਿਸੇ ਨੂੰ ਸੈਨਤਾਂ ਵੀ ਮਾਰੀ ਜਾਵੇ। ਮੈਂ ਬਾਹਰ ਆ ਕੇ ਵੇਖਿਆ। ਉਹ ਸਾਡਾ ਗੁਆਂਢੀ ਗੁਲਾਮ ਰਸੂਲ ਸੀ। ਸ਼ਾਮੀਂ ਭਰਾ ਘਰ ਆਇਆ ਤੇ ਮੈਂ ਦੱਸਿਆ। ਬੁੱਢੇ ਨੇ ਮਾਂ ਨੂੰ ਵੀ ਦੱਸਿਆ। ਚੰਗਾ ਰੌਲਾ ਪਿਆ। ਪਰ ਉਹ ਨਾ ਮੁੜੀ। ਸਾਡੀ ਗੁਲਾਮ ਰਸੂਲ ਨਾਲ ਵੀ ਖੇਹ-ਬਖੇਹ ਹੋਈ। ਅਸਾਂ ਓਸਨੂੰ ਜੇਲ੍ਹ ਕਰਵਾ ਦਿੱਤੀ। ਮੈਂ ਉਹਨੂੰ ਕਹਿੰਦਾ ਰਿਹਾ, ਕਾਹਲੀ ਨਾ ਕਰ। ਐਵੇਂ ਵਿਆਹ ਨਾ ਕਰ। ਜਦ ਗੁਲਾਮ ਰਸੂਲ ਜੇਲ੍ਹੋਂ ਆਇਆ ਤੇ ਉਹਨੇ ਓਸ ਨਾਲ ਈ ਵਿਆਹ ਕਰ ਲਿਆ। ਏਸ ਲਈ ਮੈਂ ਫੈਸਲਾ ਕੀਤਾ ਏ ਕਿ ਵਿਆਹ ਨਹੀਂ ਕਰਨਾ।"

"ਕੁੜੀ ਕੌਣ ਸੀ?'

"ਸਾਕਾਂ ਵਿਚੋਂ ਸੀ। ਪਾਕ ਪਟਣੋਂ ਲਿਆਏ ਸਾਂ।"

"ਬਾਲ ਵੀ ਸਨ ਭਰਾ ਤੋਂ?"

"ਬਾਲ ਵੀ ਸਨ ਦੋ, ਪਿਓ ਕੋਲ ਨੇ।"

"ਗੁਲਾਮ ਰਸੂਲ ਤਾਂ ਉਹ ਥਾਂ ਛੱਡ ਗਿਆ ਹੋਣਾ ਏ।"

"ਓਥੇ ਈ ਰਹਿੰਦਾ ਏ। ਅਸੀਂ ਕਲਾਮ ਨਹੀਂ ਕਰਦੇ।"

"ਤੇ ਉਹ ਕੁੜੀ"

"ਉਹ ਵੀ ਨਾਲ ਰਹਿੰਦੀ ਏ।"

ਐਵੇਂ ਬੱਦਲ ਦੇ ਇਕ ਟੋਟੇ ਨੇ ਸੂਰਜ ਅੱਗੇ ਅੜੀ ਕੀਤੀ ਤੇ ਇਕ ਪਲ ਲਈ ਦਰਿਆ ਤੇ ਅਸਮਾਨ ਦਾ ਰੰਗ ਇਕੋ ਜਿਹਾ ਹੋ ਗਿਆ ਤੇ ਪਾਰ ਸਾਡੇ ਰੁੱਖਾਂ ਦਾ ਰੰਗ ਹੋਰ ਵੀ ਗੂਹੜਾ।

ਉਚਰਾਂ ਨੂੰ ਦੋ ਭੱਜੇ ਆਉਂਦਿਆਂ ਮੁੰਡਿਆਂ ਦੀਆਂ ਆਵਾਜ਼ਾਂ ਆਈਆਂ। ਇਕ ਦਮ ਕੋਲ ਆ ਕੇ ਇੱਕ ਗੱਡੀ ਡਿੱਗੀ। ਦੋਵੇਂ ਮੁੰਡੇ ਨਾਲੋਂ ਨਾਲ ਗੱਡੀ ਉੱਤੇ ਡਿਗੇ।

ਗੱਡੀ ਸਾਡੇ ਕੋਲ ਈ ਡਿੱਗੀ ਸੀ, ਪਰ ਓਧਰ ਧਿਆਨ ਨਾ ਹੋਣ ਨਾਲ ਪਤਾ ਨਾ ਲੱਗਾ। ਇੱਕ ਕੁਝ ਵੱਡੀ ਉਮਰ ਦੇ ਮੁੰਡੇ ਗੱਡੀ ਨੂੰ ਫੜ ਲਿਆ ਤੇ ਦੂਜਾ ਜਿਹੜਾ ਕੁਝ ਹੌਲੀ ਉਮਰ ਦਾ ਸੀ, ਉਸ ਨਾਲ ਲੜੇ ਤੇ ਵਾਰ-ਵਾਰ ਗੱਡੀ ਵੱਲ ਹੱਥ ਵਧਾਵੇ ਤੇ ਆਖੀ ਜਾਵੇ.

"ਪਹਿਲੇ ਮੈਂ ਗੱਡੀ ਨੂੰ ਫੜਿਆ ਏ।" ਓਹ ਹੱਥ ਅਗਾਂਹ ਕਰਕੇ ਉਹਦੇ ਕੋਲੋਂ ਗੱਡੀ ਖੋਹਣ ਦੀ ਕਰੇ ਤੇ ਦੂਜਾ ਮੁੰਡਾ ਉਹਨੂੰ ਪਰਾਂ ਧੱਕਦਾ ਅਗਾਂਹ ਨੂੰ ਨੱਸੀ ਜਾਵੇ।

ਗੱਡੀ ਪਿੱਛੇ ਦੌੜਨ ਨਾਲ ਦੋਹਾਂ ਨੂੰ ਸਾਹ ਚੜ੍ਹ ਗਏ ਸਨ। ਉੱਭੇ-ਉੱਭੇ ਸਾਹ ਲੈਂਦੇ, ਲੜਕੇ ਉਹ ਸ਼ਹਿਰ ਵੱਲ ਮੂੰਹ ਕਰੀ ਨੱਸੀ ਗਏ, ਨਿੱਕਾ ਮੁੰਡਾ ਨੱਸਦਾ ਕਹੀ ਜਾਵੇ।

"ਤੂੰ ਰੋਂਦ ਮਾਰੀ ਏ, ਗੱਡੀ ਪਹਿਲੇ ਮੈਂ ਫੜੀ ਸੀ। ਤੂੰ ਰੋਂਦ ਮਾਰੀ ਏ। ਤੂੰ ਰੋਂਦ ਮਾਰੀ ਏ।" ਉਹਦੀ ਵਾਜ ਸਾਰੇ ਥਾਂ ਖਿਲਰ ਗਈ। ਮੈਨੂੰ ਲੱਗਾ ਜੇ ਮੈਨੂੰ ਚਾਹੁੰਦਾ ਤਾਂ ਨਿੱਕੇ ਮੁੰਡੇ ਨਾਲ ਰਲ ਕੇ ਉਹਨੂੰ ਗੱਡੀ ਦਿਵਾ ਸਕਦਾ ਸਾਂ। ਏਨੇ ਨੂੰ ਮੈਨੂੰ ਪਿੱਛਿਉਂ ਦੀ ਇਹ ਵਾਜ ਆਈ।

"ਤੂੰ ਰੋਂਦ ਮਾਰੀ ਏ।" ਪਰ ਪਿੱਛੇ ਕੁਝ ਵੀ ਨਹੀਂ ਸੀ।

ਸਲਵਾਰ ਧੋਂਦਾ ਮੁੰਡਾ ਕਦ ਦਾ ਉੱਠ ਕੇ ਟੁਰ ਗਿਆ ਸੀ। ਬੱਸ ਦਰਿਆ ਸੀ ਤੇ ਚੁੱਪ ਚੁਪੀਤਾ ਵਗਦਾ ਪਾਣੀ, ਪਰ ਕੋਲ ਖਲੋਤਿਆਂ ਪਾਣੀ ਦੀ ਟੋਰ ਅੰਦਰੋਂ-ਅੰਦਰੀ ਤਰਿਖੀ ਜਾਪੀ। •


ਪਾਕਿਸਤਾਨ ਦੇ ਪ੍ਰਸਿੱਧ ਪੰਜਾਬੀ ਲੇਖਕ ਪ੍ਰੋ. ਆਸ਼ਕ ਰਹੀਲ ਦਾ
ਯੂ. ਕੇ. ਬਾਰੇ ਲਿਖਿਆ ਪੰਜਾਬੀ ਸਫਰਨਾਮਾ

ਨਵੀਆਂ ਪੁਰਾਣੀਆਂ ਯਾਦਾਂ

ਪੰਨੇ 208 ਮੁੱਲ 200/-

ਗੁਲਸ਼ਨੇ ਅਦਬ ਪਬਲੀਕੇਸ਼ਨਜ਼, ਸੰਤ ਨਗਰ ਲਾਹੌਰ




<u>ਯਾਦਾਂ</u>

# ਤੇਰੀਆਂ ਤਸਵੀਰਾਂ ਤਾਂ ਦੂਸਰੇ ਲੋਕਾਂ ਵਰਗੀਆਂ ਹਨ

**ਡੀਗੋ ਰਿਵੇਰਾ (ਮੈਕਸੀਕਨ ਚਿੱਤਰਕਾਰ)**

ਮੇਰੀ ਪਤਨੀ ਐਂਜ ਲਾਇਨ ਮੈਡਰਿਡ (ਸਪੇਨ) ਵਿਚ ਹੀ ਰਹੀ, ਜਦਕਿ ਮੈਂ ਪੈਰਿਸ ਦੀ ਸਥਿਤੀ ਦੀ ਟੋਹ ਲਾਉਣ ਲਈ ਗਿਆ। ਮੇਰੀਆਂ ਨਵੀਆਂ ਪੇਂਟਿੰਗਾਂ ਨੇ ਕਲਾ ਹਲਕਿਆਂ ਵਿਚ ਝਰਨਾਹਟ ਪੈਦਾ ਕੀਤੀ। ਰਾਵਾਂ ਬੜੀਆਂ ਤਿੱਖੀ ਤਰ੍ਹਾਂ ਕਾਟਵੀਆਂ ਸਨ। ਫੇਰ ਵੀ ਕੁਝ ਆਲੋਚਕਾਂ ਨੇ ਮੇਰੇ ਨਵੇਂ ਕੰਮ ਦਾ ਸਵਾਗਤ ਕੀਤਾ। ਦੂਸਰਿਆਂ, ਖਾਸ ਤੌਰ 'ਤੇ ਕੱਟੜ ਕਿਊਬ ਵਾਦੀਆਂ ਨੇ ਮੈਨੂੰ ਛੇਕਣ ਦੀ ਤਜਵੀਜ਼ ਦਿੱਤੀ, ਕਿਉਂਕਿ ਉਹਨਾਂ ਨੂੰ ਮੇਰੀ ਕਲਾ ਵਿਚ ਵਚਿੱਤਰਤਾ ਜਾਪਦੀ ਸੀ, ਤੇ ਮਗਰਲੇ ਬਿਲਕੁਲ ਹੀ ਗਲਤ ਨਹੀਂ ਸਨ। ਅੱਜ ਜਦੋਂ ਮੈਂ ਉਸ ਸਮੇਂ ਦੀਆਂ ਆਪਣੀਆਂ ਤਸਵੀਰਾਂ ਦਾ ਅਧਿਐਨ ਕਰਦਾ ਹਾਂ, ਮੈਨੂੰ ਅਨੁਭਵ ਹੁੰਦਾ ਹੈ ਕਿ ਉਹਨਾਂ ਉੱਤੇ ਜਿੱਤ ਤੋਂ ਪਹਿਲਾਂ (Pre-conquest) ਦੀ ਮੈਕਸੀਕਨ ਕਲਾ ਦਾ ਸਪੱਸ਼ਟ ਭਾਂਤ ਪ੍ਰਭਾਵ ਵੇਖਿਆ ਜਾ ਸਕਦਾ ਹੈ।

ਏਥੋਂ ਤੀਕ ਕਿ ਯੂਰਪ ਦੇ ਜੀਵਨ ਬਾਰੇ ਮੈਂ ਜੋ ਧਰਤ-ਦ੍ਰਿਸ਼ ਚਿਤਰੇ ਹਨ, ਉਹਨਾਂ ਵਿਚ ਵੀ ਮੈਕਸੀਕਨ ਪ੍ਰਭਾਵ ਪ੍ਰਗਟ ਤੌਰ 'ਤੇ ਦਿਸਦਾ ਹੈ। ਮੈਂ ਚੇਤੇ ਕਰਦਾ ਹਾਂ ਕਿ ਉਸ ਸਮੇਂ ਮੈਂ ਆਪਣੇ ਆਪ ਦੇ ਅੰਦਰਲੇ ਸੱਚ ਨੂੰ ਸਾਹਮਣੇ ਲਿਆਉਣ ਲਈ ਇੱਕ ਸਵੈ-ਚਿੱਤਰ ਬਣਾਇਆ ਸੀ। ਪਰ ਸਪੱਸ਼ਟ ਭਾਂਤ ਇਹ ਗੱਲ ਇਕ ਕਿਊਬ ਵਾਦੀ ਚਿੱਤਰ ਰਾਹੀਂ ਪ੍ਰਗਟ ਹੁੰਦੀ ਹੈ। ਇਹ ਚਿੱਤਰ ਸੀ, 'ਜਾਪਾਟਿਸਟਾਸ' ਜਿਹੜਾ ਮੈਂ 1916 ਵਿਚ ਪੇਂਟ ਕੀਤਾ ਸੀ। ਇਸ ਵਿਚ ਇੱਕ ਮੈਕਸੀਕਨ ਕਿਸਾਨ ਦੇ ਟੋਪ ਨੂੰ ਵਿਖਾਇਆ ਗਿਆ ਹੈ, ਜਿਹੜਾ ਕਿ ਰਾਈਫਲ ਦੇ ਪਿਛਲੇ ਪਾਸੇ ਇਕ ਲੱਕੜੀ ਦੇ ਡੱਬੇ 'ਤੇ ਰੱਖਿਆ ਗਿਆ ਹੈ। ਇਹ ਚਿੱਤਰ ਮੈਂ ਪੈਰਿਸ ਵਿਚਲੀ ਆਪਣੀ ਵਰਕਸ਼ਾਪ ਵਿਚ ਬਿਨਾਂ ਕਿਸੇ ਮੁੱਢਲੇ ਖਾਕੇ ਤੋਂ ਸਿਰੇ ਚਾੜ੍ਹਿਆ ਸੀ।

ਸ਼ਾਇਦ ਇਹ ਮੇਰੀ ਮੈਕਸੀਕਨ ਮਾਨਸਿਕ ਅਵਸਥਾ ਦਾ ਪੂਰੀ ਵਫ਼ਾਦਾਰੀ ਨਾਲ ਪ੍ਰਗਟਾਵਾ ਕਰਦਾ ਹੈ, ਜਿਸ ਦੀ ਕਿ ਮੈਨੂੰ ਘੱਟ ਹੀ ਕਦੇ ਪ੍ਰਾਪਤੀ ਹੁੰਦੀ ਹੈ। ਪਿਕਾਸੋ ਨੇ ਮੇਰੀਆਂ ਤਸਵੀਰਾਂ ਤੱਕਣ ਲਈ ਮੇਰੇ ਸਟੂਡੀਓ ਦਾ ਗੇੜਾ ਮਾਰਿਆ, ਕਿਉਂਕਿ ਉਸ ਨੇ ਇਹਨਾਂ ਤਸਵੀਰਾਂ ਬਾਰੇ ਹੁੰਦੀ ਚਰਚਾ ਸੁਣੀ ਸੀ। ਉਹਨੇ ਤਸਵੀਰਾਂ ਵੇਖੀਆਂ ਤੇ ਖੁਸ਼ ਹੋ ਗਿਆ ਅਤੇ ਪਿਕਾਸੋ ਦੀ ਪ੍ਰਵਾਨਗੀ ਨਾਲ ਲਗਭਗ ਸਾਰੀ ਰਾਏ ਹੀ, ਮੇਰੇ ਹੱਕ ਵਿਚ ਪਲਟ ਗਈ।

ਕਲਾ-ਵਪਾਰੀਆਂ ਨੇ ਮੈਨੂੰ ਅਪਣਾ ਲਿਆ। ਹਾਲੀ ਵੀ, ਭਾਵੇਂ ਮੈਂ 'ਆਣ ਪਹੁੰਚਾ' ਸੀ। ਪਰ ਫੇਰ ਵੀ ਮੈਂ ਉਸ ਮਾਧਿਅਮ ਦੀ ਤਲਾਸ਼ ਵਿਚ ਸੀ, ਜਿਹੜੀ ਉਸ ਸਾਰੇ ਕੁਝ ਨੂੰ,

ਜੋ ਮੈਂ ਵੇਖਿਆ ਸੀ, ਚੰਗੇਰੀ ਤਰ੍ਹਾਂ ਪ੍ਰਗਟਾ ਸਕੇ ਤੇ ਮੈਂ ਆਪਣਾ ਸੰਚਾਰ ਕਰਨਾ ਚਾਹੁੰਦਾ ਸੀ। ਮਾਧਿਅਮ ਜਿਹੜਾ ਕਿਊਬਿਜ਼ਮ ਦੀ ਸਵਤੰਤਰਤਾ ਤੇ ਕਾਢ ਦੀ ਵਰਤੋਂ ਕਰੇ, ਪਰ ਉਹਨਾਂ ਰਵਾਇਤਾਂ ਦੀ ਉਲਝਣ ਤੋਂ ਬਚਿਆ ਰਹੇ, ਜਿਹੜਾ ਕਿ ਕਿਊਬਿਜ਼ਮ ਨੇ ਇਕੱਠਾ ਕੀਤਾ ਹੋਇਆ ਸੀ।

ਉਹ ਕਿਹੜੀ ਚੀਜ਼ ਸੀ, ਜੋ ਮੇਰੇ ਕੀਤੇ ਕੰਮ ਪ੍ਰਤੀ ਅਸੰਤੁਸ਼ਟਤਾ ਦੀ ਪਿੱਠ 'ਤੇ ਸੀ ਤੇ ਜਿਹੜੀ ਮੇਰੀ ਸਫਲਤਾ ਨੂੰ ਕਿਰਕਰਾ ਕਰ ਰਹੀ ਸੀ। ਇਸ ਦਾ ਕੁਝ ਹਿੱਸਾ, ਉਹ ਵਿਸ਼ਵਾਸ ਸੀ ਕਿ ਜ਼ਿੰਦਗੀ ਬਦਲ ਰਹੀ ਹੈ, ਤੇ ਜੰਗ ਤੋਂ ਬਾਅਦ ਕੋਈ ਗੱਲ ਵੀ ਪਹਿਲਾਂ ਵਰਗੀ ਨਹੀਂ ਰਹਿਣੀ, ਮੈਂ ਇਕ ਅਜਿਹੇ ਸਮਾਜ ਦੀ ਪੇਸ਼ੀਨਗੋਈ ਕਰ ਰਿਹਾ ਸੀ, ਜਿਸ ਵਿਚੋਂ ਬੁਰਜੂਆਜ਼ੀ ਅਲੋਪ ਹੋ ਜਾਵੇਗੀ ਤੇ ਕਿਊਬਿਜ਼ਮ, ਭਵਿੱਖਵਾਦ, ਦਾਦਾਇਜ਼ਮ, ਉਸਾਰਵਾਦ, ਪੜ੍ਹ ਯਥਾਰਥਵਾਦ ਅਤੇ ਅਜਿਹਾ ਹੋਰ ਸਭ ਕੁਝ ਖਤਮ ਹੋ ਜਾਵੇਗਾ, ਜੋ ਕਿ ਉਹਨਾਂ ਦੇ ਸੁਹਜ-ਸੁਆਦ ਦੀ ਤ੍ਰਿਪਤੀ ਕਰ ਰਿਹਾ ਸੀ ਤੇ ਉਹਨਾਂ ਦੀ ਕਲਾ ਦੇ ਕਾਰਜਾਂ ਦੇ ਖੇਤਰ ਵਿਚ ਅਜਾਰੇਦਾਰੀ ਖਤਮ ਹੋ ਜਾਵੇਗੀ।

ਬਿਲਕੁਲ ਭਵਿੱਖ ਦਾ ਸਮਾਜ ਜੰਤਕ ਸਮਾਜ ਹੋਵੇਗਾ ਤੇ ਇਹ ਤੱਥ ਨਵੀਆਂ ਸਮੱਸਿਆਵਾਂ ਪੇਸ਼ ਕਰ ਰਿਹਾ ਸੀ। ਪਰੋਲਤਾਰੀ ਦਾ ਕੋਈ ਸੁਹਜ-ਸਵਾਦ ਨਹੀਂ ਸੀ, ਜਾਂ ਸ਼ਾਇਦ ਇਸ ਦੇ ਸੁਹਜ-ਸਵਾਦ ਨੂੰ ਘਟੀਆ ਸੁਹਜਾਤਮਿਕ ਖੁਰਾਕ ਨਾਲ ਪਾਲਿਆ ਗਿਆ ਸੀ ਅਤੇ ਇਹ ਬੁਰਜੂਆ ਦੇ ਮੇਜ਼ਾਂ ਉੱਤੋਂ ਡਿੱਗੀਆਂ ਹੋਈਆਂ ਬੁਰਕੀਆਂ ਤੇ ਟੁਕੜੇ ਆਦਿ ਸਨ।

ਇਸ ਕਾਰਜ ਲਈ ਇਕ ਨਵੀਂ ਕਿਸਮ ਦੀ ਕਲਾ ਦੀ ਅਵੱਸ਼ਕਤਾ ਸੀ। ਅਜਿਹੀ ਕਲਾ ਦੀ ਜਿਹੜੀ ਸਿੱਧੇ ਰੂਪ ਵਿਚ ਦਰਸ਼ਕ ਦੀ, ਰੰਗ ਤੇ ਰੂਪ ਦੀ ਸਮਝ ਨੂੰ ਪ੍ਰਭਾਵਤ ਨਾ ਕਰੇ, ਸਗੋਂ ਉਤੇਜਕ ਵਿਸ਼ੇ-ਵਸਤੂ ਰਾਹੀਂ ਕਰੇ। ਇਹ ਨਵੀਂ ਕਲਾ ਅਜਾਇਬਘਰ ਜਾਂ ਆਰਟ ਗੈਲਰੀ ਦੀ ਕਲਾ ਨਹੀਂ ਹੋਵੇਗੀ। ਸਗੋਂ ਅਜਿਹੀ ਕਲਾ ਜਿੱਥੇ ਕਿ ਲੋਕ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਆਮ ਹੀ ਜਾਂਦੇ ਆਉਂਦੇ ਹਨ, ਮਿਸਾਲ ਵਜੋਂ ਡਾਕਖਾਨੇ, ਸਕੂਲ, ਥੀਏਟਰ, ਰੇਲਵੇ ਸਟੇਸ਼ਨ ਤੇ ਹੋਰ ਪਬਲਿਕ ਦੀਆਂ ਥਾਵਾਂ ਉੱਤੇ ਇਸ ਲਈ ਤਰਕਮਈ ਅਥਵਾ ਸਿਧਾਂਤਕ ਰੂਪ ਵਿਚ ਮੈਂ ਕੰਧ-ਚਿੱਤਰ ਦੀ ਸਿਰਜਣਾ ਤੀਕ ਅੱਪੜ ਗਿਆ।

ਮੇਰੇ ਖ਼ਿਆਲਾਂ ਨੂੰ ਬਹੁਤ ਸਾਰੇ ਚਿੱਤਰਕਾਰਾਂ ਨੇ ਪਸੰਦ ਨਾ ਕੀਤਾ, ਜਿਨ੍ਹਾਂ ਨਾਲ ਕਿ ਮੈਂ ਵਿਚਾਰ-ਵਟਾਂਦਰਾ ਕੀਤਾ। ਕੁਝ ਨੇ ਜਿਹਨਾਂ ਸਮਝਿਆ ਕਿ ਇਸ ਵਿਚ ਕੋਈ ਵਜ਼ਨ ਹੈ, ਆਖਿਆ "ਡੀਗੋ ਸਿਧਾਂਤਕ ਤੌਰ 'ਤੇ ਤੂੰ ਠੀਕ ਹੋ ਸਕਦਾ ਹੈਂ, ਪਰ ਇਸ ਦਾ ਕੋਈ ਪ੍ਰਮਾਣ ਕਿੱਥੇ ਹੈ। ਤੇਰੀ ਚਿੱਤਰਕਲਾ ਬਿਲਕੁਲ ਦੂਸਰਿਆਂ ਵਰਗੀ ਹੀ ਹੈ।"

ਇਹ ਕਿੰਨੇ ਠੀਕ ਸਨ। ਮੈਨੂੰ ਆਪਣੇ ਖ਼ਿਆਲ ਸਿਰਫ਼ ਇਕ ਮਨਾਉਣ ਵਾਲੇ ਢੰਗ ਨਾਲ ਪੇਸ਼ ਕਰਨੇ ਪੈਣੇ ਸਨ - ਸਿਰਫ ਆਪਣੇ ਕੀਤੇ ਕੰਮ ਰਾਹੀਂ ਹੀ। •

**(ਡੀਗੋ ਰਿਵੇਰਾ ਦੀ ਸਵੈ-ਜੀਵਨੀ ਵਿਚੋਂ)**





# ਪੰਜਾਬ ਵਿਚ ਜ਼ੁਬਾਨ ਦਾ ਮਸਲਾ

**ਆਬਦ ਅਮੀਨ**

ਜ਼ੁਬਾਨ ਅੰਦਰ ਦੀ ਰੂਹ ਹੈ। ਜ਼ੁਬਾਨ ਨਿਰਾ ਲਿਬਾਸ ਨਹੀਂ। ਜੇ ਜ਼ੁਬਾਨ ਨਿਰਾ ਲਿਬਾਸ ਬਣ ਜੇ, ਤਾਂ ਬੰਦਾ ਨਹੀਂ ਰਹਿੰਦਾ, ਬੰਦਾ ਉੱਕਾ ਬੜਾਵਾ ਬਣ ਵਹਿੰਦਾ ਹੈ ਅਤੇ ਇਹੋ ਬੰਦੇ ਦਾ ਬੇਸ਼ੌਂਕ ਹੋਵਣ ਏ ਅੰਦਰੋਂ-ਬਾਹਰੋਂ।

ਕਿਉਂ ਇਸ ਗੱਲ ਦੀ ਸਮਝ ਔਖੀ ਏ? ਵੇਖੋ ਈਰਾਨ ਦੀ ਮਿਸਾਲ। ਈਰਾਨ ਨੂੰ ਤਰੈ ਵਾਰੀਂ ਇਹੋ ਜਿਹੇ ਬਖੇੜਿਆਂ ਵਿਚੋਂ ਲੰਘਣਾ ਪਿਆ।

ਇਹ ਯੂਨਾਨ ਅਤੇ ਯੂਨਾਨੀ ਜ਼ੁਬਾਨ, ਯੂਨਾਨੀ ਅਦਬ ਦੇ ਉਭਾਰ ਦਾ ਵੇਲਾ ਏ। ਸਿਕੰਦਰ ਮਹਾਨ ਈਰਾਨ ਉੱਤੇ ਹਮਲਾਵਰ ਹੋਇਆ ਅਤੇ ਪੂਰੇ ਈਰਾਨ ਦਾ ਰਗੜਾ ਕੱਢ ਦਿੱਤਾ। ਯੂਨਾਨੀਆਂ ਨੇ ਮੁਕਾਬਲਾ ਕੀਤਾ ਜੋ ਈਰਾਨ ਹਾਰ ਖਾਵਣ ਤੋਂ ਬਾਅਦ ਯੂਨਾਨੀ ਜ਼ੁਬਾਨ ਅਤੇ ਯੂਨਾਨੀ ਲਿੱਪੀ ਨੂੰ ਕਬੂਲ ਕਰੇ। ਈਰਾਨ ਵਿਚ ਉਸ ਵੇਲੇ ਕੋਈ ਵੱਡਾ ਅਦਬ ਨਹੀਂ ਸੀ। ਖ਼ੁਦ ਈਰਾਨ ਦੀ ਆਪਣੀ ਜ਼ੁਬਾਨ, ਬੋਲੀਆਂ ਵਿਚ ਵੰਡੀ ਪਈ ਏ। ਈਰਾਨ ਕੀ ਕੀਤਾ ਹੋਸੀ? ਉੱਕਾ ਇਨਕਾਰ। ਯੂਨਾਨੀ ਜ਼ੁਬਾਨ ਦਾ ਵੀ ਅਤੇ ਯੂਨਾਨੀ ਲਿੱਪੀ ਦਾ ਵੀ। ਈਰਾਨ ਵਿਚ ਨਾ ਯੂਨਾਨੀ ਜ਼ੁਬਾਨ ਦਾ ਰਿਵਾਜ ਹੋਇਆ, ਨਾ ਯੂਨਾਨੀ ਲਿੱਪੀ ਦਾ। ਇਹ ਈਰਾਨ ਦੀ ਜਿੱਤ ਏ ਅੰਦਰ ਦੀ।

ਇਹ ਅਰਬ ਤੇ ਅਰਬੀ ਜ਼ੁਬਾਨ। ਅਰਬੀ ਅਦਬ ਦੇ ਉਭਾਰ ਦਾ ਵੇਲਾ ਏ। ਹੁਣ ਅਰਬਾਂ ਦੀ ਤਾਕਤ ਦੇ ਅੱਗੇ ਕੌਣ ਡੱਕਾ ਦੇਵੇ। ਈਰਾਨ ਫਤਹਿ ਹੋ ਵਹਿੰਦਾ ਏ ਅਰਬਾਂ ਦੇ ਹੱਥੋਂ। ਬਿਲਕੁਲ ਯੂਨਾਨੀਆਂ ਵਾਂਗੂੰ ਅਰਬਾਂ ਨੇ ਵੀ ਇਹੋ ਮੁਤਾਲਬਾ ਕੀਤਾ। ਜੋ ਈਰਾਨ, ਅਰਬੀ ਜ਼ੁਬਾਨ ਤੇ ਅਰਬੀ ਲਿੱਪੀ ਨੂੰ ਈਰਾਨ ਵਿਚ ਰਿਵਾਜ ਦੇਵੇ। ਈਰਾਨ ਕਿਆ ਕੀਤਾ ਹੋਸੀ? ਉੱਕਾ ਇਨਕਾਰ। ਅਰਬੀ ਜ਼ੁਬਾਨ ਦਾ ਵੀ ਅਤੇ ਅਰਬੀ ਲਿੱਪੀ ਦਾ ਵੀ। ਅਰਬੀ ਜ਼ੁਬਾਨ ਦਾ ਖਿਲਾਰ ਵੇਖੋ। ਮਿਸਰ, ਮਰਾਕਿਸ਼, ਲੈਬਨਾਨ, ਸ਼ਾਮ, ਇਰਾਕ ਅਤੇ ਤੋੜ ਸਪੇਨ ਤਾਈਂ ਅਰਬੀ ਜ਼ੁਬਾਨ ਤੇ ਅਰਬੀ ਲਿੱਪੀ ਦਾ ਰਾਜ ਏ। ਅਰਬ ਮੌਜੂਦ ਏ ਖ਼ੁਦ ਈਰਾਨ ਵਿਚ ਅਤੇ ਦਮਿਸ਼ਕ ਵਿਚ, ਬਗਦਾਦ ਵਿਚ, ਉਸ ਵੇਲੇ ਈਰਾਨ ਇਕੱਲਾ ਮੁਲਕ ਏ, ਜਿਹੜਾ ਮੁਸਲਮਾਨ ਹੋਇਆ। ਪਰ ਅਰਬੀ ਜ਼ੁਬਾਨ ਦਾ ਉੱਕਾ ਇਨਕਾਰ ਕਰ ਦਿੱਤਾ। ਉਸ ਵੇਲੇ ਨੂੰ ਵੇਖੋ। ਈਰਾਨ ਵਿਚ ਕੋਈ ਵੱਡਾ ਲਿਖਾਰੀ ਨਹੀਂ ਸੀ, ਵੱਡਾ ਸ਼ਾਇਰ ਨਹੀਂ ਸੀ, ਦੂਜੇ ਪਾਸੇ ਅਰਬੀ ਸ਼ਾਇਰੀ, ਅਰਬੀ ਅਦਬ ਦੀ, ਧੂੰਮ ਪਈ ਹੋਈ ਏ ਕੁੱਲ ਆਲਮ ਵਿਚ।

ਰੱਬ ਨੂੰ ਈਰਾਨ ਦਾ ਇਹ ਇਨਕਾਰ ਪਸੰਦ ਆਇਆ। ਰੱਬ ਦਾ ਕਰਮ ਹੋਇਆ ਈਰਾਨ ਉੱਤੇ।

ਕਿਉਂ ਇਸ ਪਾਲੋਂ ਜੋ ਈਰਾਨ ਨੇ ਆਪਣਾ ਜ਼ੁਬਾਨ ਦਾ ਆਦਰ ਕੀਤਾ, ਆਪਣੀ

ਅੰਦਰ ਦੀ ਰੂਹ ਦਾ ਆਦਰ ਕੀਤਾ।

ਈਰਾਨ ਵਿਚ ਅਰਬ ਦੀ ਫਤਹਿ ਤੋਂ ਤਿੰਨ ਸੌ ਸਾਲ ਬਾਅਦ ਸ਼ਾਇਰੀ ਦੀ ਬਹਾਰ ਦੇਖੋ, ਰੂਮੀ ਸਾਅਦੀ, ਹਾਫ਼ਜ਼, ਉਮਰਖਿਆਮ, ਅਨਵਰੀ, ਖ਼ਾਕਾਨੀ, ਫਰਦੌਸੀ, ਇੱਕ ਤੋਂ ਇੱਕ ਵੱਡਾ ਸ਼ਾਇਰ ਅਤੇ ਅੱਜ ਸਮਦ ਬਹਿਰੰਗੀ, ਅਹਿਮਦ ਸ਼ਮੂਲਾ। ਕੁਲ ਇਰਾਨ ਨੇ ਅਰਬੀ ਜ਼ੁਬਾਨ ਦਾ ਉੱਕਾ ਇਨਕਾਰ ਕਰ ਦਿੱਤਾ। ਅਰਬੀ ਲਿੱਪੀ ਦੀ ਗੱਲ ਟੁਰਦੀ ਰਹੀ। 20 ਸਾਲ ਤਾਈਂ ਛੇਕੜ ਈਰਾਨ ਨੇ ਜੁਜ਼ਵੀ ਤੌਰ 'ਤੇ (ਥੋੜ੍ਹੇ ਹਿੱਸੇ) ਦੀਨੀ (ਧਾਰਮਕ) ਜ਼ਰੂਰਤਾਂ ਪਾਰੋਂ ਅਰਬੀ ਲਿੱਪੀ ਨੂੰ ਕਬੂਲ ਕੀਤਾ। ਈਰਾਨ ਦੇ ਸੂਝਵਾਨ ਓਸ ਵੇਲੇ ਕੀ ਆਖਦੇ ਹੋਵਣ? ਅਰਬੀ ਲਿੱਪੀ, ਅਰਬੀ ਜ਼ੁਬਾਨ ਦੀਆਂ ਆਵਾਜ਼ਾਂ ਦੇ ਮੁਤਾਬਕ ਏ, ਈਰਾਨ ਦੀ ਜ਼ੁਬਾਨ ਦੀਆਂ ਆਵਾਜ਼ਾਂ ਦੇ ਮੁਤਾਬਕ ਨਹੀਂ, ਈਰਾਨ ਦੀ ਪੂਰੀ ਜ਼ੁਬਾਨ ਦੀ ਖ਼ੂਬਸੂਰਤੀ ਅਰਬੀ ਲਿੱਪੀ ਵਿਚ ਨਹੀਂ ਆਵਣੀ। ਅਰਬੀ ਲਿੱਪੀ ਦੇ ਹਰੂਫ਼ਾਂ ਅਬਜਦ ਨੂੰ ਤਬਦੀਲ ਕੀਤਾ ਗਿਆ। ਪਰ ਨਤੀਜਾ ਈਰਾਨ ਦੀ ਜ਼ੁਬਾਨ ਦੀ ਪੂਰੀ ਖ਼ੂਬਸੂਰਤੀ ਲਿਖਤਾਂ ਵਿਚ ਹੁਣ ਤਾਈਂ ਨਜ਼ਰ ਨਹੀਂ ਆਂਵਦੀ। ਜਿਹੜੀ ਖ਼ੂਬਸੂਰਤੀ ਈਰਾਨ ਦੇ ਲੋਕ-ਅਦਬ, ਲੋਕ-ਸ਼ਾਇਰੀ, ਲੋਕ ਤਮਾਸ਼ਾ ਵਿਚ ਮੌਜੂਦ ਏ। ਇਹਦਾ ਬਹੁਤ ਘੱਟ ਹਿੱਸਾ ਏ ਜਿਹੜਾ ਲਿਖਤਾਂ ਵਿਚ ਆਇਆ ਹੈ। ਇਹਦਾ ਅੱਜ ਤਾਈਂ ਈਰਾਨ ਨੂੰ ਰੰਜ ਏ ਅੰਦਰੋਂ ਅੰਦਰ।

ਜੁਜ਼ਵੀ (ਕੁਝ ਹਿੱਸਾ) ਤੌਰ ਉੱਤੇ ਈਰਾਨ ਵਿਚ ਅਰਬੀ ਲਿੱਪੀ ਨੂੰ ਕਬੂਲ ਕਰਨਾ, ਬਿਲਕੁਲ ਬੰਦ ਤੰਬੂ ਉੱਤੇ ਊਠ ਦਾ ਕਿੱਸਾ ਏ।

ਅਰਬੀ ਲਿੱਪੀ ਦੇ ਆਵਣ ਦਾ ਇਕ ਹੋਰ ਨਤੀਜਾ ਈਰਾਨ ਦੇ ਆਪਣੇ ਛੰਦ, ਆਪਣੀ ਸ਼ਾਇਰੀ, ਕਰਨ ਦੇ ਢੰਗ ਖੜੀਚ (ਗਵਾਚ) ਗਏ। ਲਿਖਤਾਂ ਵਿਚ ਅਰਬੀ ਲਿੱਪੀ ਕਾਰਨ ਅਰਬੀ ਸ਼ਬਦਾਂ ਦਾ ਰਾਜ ਹੋਇਆ। ਈਰਾਨ ਦੀ ਆਪਣੀ ਖ਼ੂਬਸੂਰਤ ਜ਼ੁਬਾਨ ਦਾ ਢੇਰ ਹਿੱਸਾ, ਲਿਖਤਾਂ ਤੋਂ ਬਾਹਰ ਕੁਰਲਾਉਂਦਾ ਰਿਹਾ। ਫਰਦੌਸੀ ਅਨਵਰੀ, ਸਨਾਈ ਦਾ ਇੱਕ ਖਾਸ ਇਹ ਟਕਰਾ ਏ ਇਸ ਗੱਲ ਉੱਤੇ।

ਹੁਣ ਈਰਾਨ ਉੱਤੇ ਯਲਗਾਰ (ਹਮਲਾ) ਏ ਤੁਰਕੀ ਜ਼ੁਬਾਨ ਦੇ ਬੋਲਣ ਵਾਲਿਆਂ ਦੀ। ਹੁਣ ਈਰਾਨ ਉੱਤੇ ਯਲਗਾਰ ਏ ਗੋਬੀ ਦੇ ਮਾਰੂਥਲ ਵਲੋਂ। ਬੁਖ਼ਾਰਾ ਵਲੋਂ, ਸਮਰਕੰਦ ਵਲੋਂ, ਤਾਸ਼ਕੰਦ ਵਲੋਂ। ਪਹਿਲਾਂ ਸਲਜੂਕੀ ਆਏ, ਮਗਰੋਂ ਹਲਾਕੂ ਖਾਨ ਈਰਾਨ ਉੱਤੇ ਰਗੜਾ ਫੇਰਦਾ ਬਗਦਾਦ ਤਾਈਂ ਗਿਆ। ਈਰਾਨ ਵਿਚ ਆਪਣੇ ਜੰਗੀ ਸਰਦਾਰ ਛੱਡ ਗਿਆ। ਇਸ ਤੋਂ ਬਾਅਦ ਬੁਖਾਰਾ ਤੋਂ ਤੈਮੂਰ ਆਉਂਦਾ ਏ। ਈਰਾਨ ਉੱਤੇ ਪੂਰਾ ਕਬਜ਼ਾ ਏ। ਤੁਰਕੀ ਜ਼ੁਬਾਨ ਦੇ ਸਰਦਾਰਾਂ ਦਾ। ਈਰਾਨ ਨੇ ਹੁਣ ਕੀ ਕੀਤਾ ਹੋਸੀ? ਈਰਾਨ ਨੇ ਉੱਕਾ ਇਨਕਾਰ ਕਰ ਦਿੱਤਾ, ਤੁਰਕੀ ਜ਼ੁਬਾਨ ਦਾ। ਈਰਾਨ ਜਿਹੜਾ ਬਦਨਾਮ ਏ, "ਸ਼ਾਹ ਪ੍ਰਸਤ' ਹੋਵਣ ਪਾਰੋਂ। ਈਰਾਨ ਦੇ ਲੋਕਾਂ ਤੁਰਕੀ ਜ਼ੁਬਾਨ ਦਾ ਉੱਕਾ ਇਨਕਾਰ ਕਰ ਦਿੱਤਾ। ਲੋਕ ਤੁਰਕੀ ਜ਼ੁਬਾਨ ਦੇ ਦਰਬਾਰਾਂ ਵਿਚ ਜਾਵਣ ਤੋਂ ਕੰਨ ਕਤਰਾਉਣ ਲੱਗੇ। ਜੇ ਤੁਰਕ ਸਰਦਾਰ ਬੁਲਾਏ, ਤਾਂ ਵੀ ਤੁਰਕੀ ਜ਼ੁਬਾਨ ਨੂੰ ਬੋਲਣ ਤੋਂ ਇਨਕਾਰੀ ਹੋ ਗਏ। ਉਸ ਵੇਲੇ ਦੇ ਸ਼ਾਇਰਾਂ, ਤਾਈਂ ਜ਼ਰੂਰ ਤੁਰਕੀ ਵਿਚ ਕਸੀਦੇ ਲਿਖੇ ਹੋਸਣ। ਨਹੀਂ ਉੱਕਾ ਨਹੀਂ।



"ਜ਼ੁਬਾਨ ਯਾਰ ਮਨ ਤੁਰਕੀ ਵਾ-ਮਨ ਤੁਰਕੀ ਨਮੀਂ ਦਾਨਮ। ਮੇਰੇ ਦੋਸਤ ਦੀ ਜ਼ੁਬਾਨ ਏ, ਅਤੇ ਮੈਨੂੰ ਤੁਰਕੀ ਨਹੀਂ ਆਉਂਦੀ। ਵੇਖੋ ਏਸ ਅਖਾਣ ਵਿਚ ਈਰਾਨ ਦਾ, ਓਸ ਵੇਲੇ ਦਾ ਮਿਜਾਜ਼। ਵੇਖੋ ਈਰਾਨ ਦੀ ਰੂਹ ਨੂੰ ਇਸ ਅਖਾਣ ਵਿਚ ਈਰਾਨ ਨੇ ਇਹ ਕਿਵੇਂ ਕੀਤਾ ਹੋਸੀ? ਯੂਨਾਨੀ ਤੋਂ, ਅਰਬੀ ਤੋਂ, ਤੇ ਛੇਕੜ ਤੁਰਕੀ ਜ਼ੁਬਾਨ ਤੋਂ। ਈਰਾਨ ਨੇ ਆਪਣੀ ਜ਼ੁਬਾਨ ਨੂੰ ਕਿਵੇਂ ਬਚਾਇਆ ਹੋਸੀ? ਬਹੁਤ ਸੌਖੇ ਤਰੀਕੇ ਦੇ ਨਾਲ ਈਰਾਨ ਦੀਆਂ ਆਪਣੀਆਂ ਵੰਨ-ਸੁਵੰਨੀਆਂ ਬੋਲੀਆਂ ਤੇ ਇਕ ਦੂਜੇ ਦੇ ਨਾਲ ਲਾਵਣ ਖਤਮ ਕਰ ਦਿੱਤਾ। ਈਰਾਨ ਦੀਆਂ ਵੰਨ-ਸਵੰਨੀਆਂ ਬੋਲੀਆਂ ਨੇ ਆਪਸ ਵਿਚ ਇਕ ਗੂੜ੍ਹੀ ਸੰਗਤ ਬਣਾ ਲਈ। ਆਪਸ ਵਿਚ ਗੂੜ੍ਹਾ ਇਤਿਹਾਸ ਬਣਾ ਲਿਆ। ਬਾਹਰ ਦੀਆਂ ਵੱਡੀਆਂ ਤੋਂ ਵੱਡੀਆਂ ਜ਼ੁਬਾਨਾਂ ਬੇਵੱਸ ਹੋ ਗਈਆਂ।

ਦੱਸੋ, ਦੁਨੀਆਂ ਦੀਆਂ ਬੋਲੀਆਂ ਕਿਵੇਂ ਮੁੱਕਦੀਆਂ ਨੇ। ਜਿਵੇਂ ਜਿਵੇਂ ਬੋਲੀਆਂ ਆਪਣੇ ਨਾਲ ਦੀ ਗਵਾਂਢੀ ਬੋਲੀ ਦੇ ਨਾਲ ਨਿਖੇੜ ਕਰਦੀਆਂ ਨੇ। ਰਲਣ ਤੋਂ ਇਨਕਾਰੀ ਥੀ ਵਹਿੰਦੀਆਂ ਨੇ, ਮੁੜ ਇੱਕ ਇੱਕ ਕਰ ਕੇ ਬੋਲੀਆਂ ਮੁੱਕ ਵਹਿੰਦੀਆਂ ਨੇ। ਆਪਣੀ ਮੌਤ ਆਪ ਮਰ ਵਹਿੰਦੀਆਂ ਨੇ। ਜੇ ਬੋਲੀਆਂ ਆਪਣੀ ਦੋਸਤ ਗਵਾਂਢੀ ਬੋਲੀਆਂ ਦੇ ਨਾਲ ਏਕਤਾ ਬਣਾਵਣ, ਦੋ ਤਿੰਨ ਬੋਲੀਆਂ ਅੱਗੋਂ ਵੱਧ ਕੇ ਜ਼ੁਬਾਨ ਬਣ ਵੰਞਣ ਤਾਂ ਇੱਕ ਦੂਜੇ ਨਾਲ ਰਲਣ ਪਾਰੋਂ, ਬੋਲੀ ਅੱਗੋਂ ਵਧ ਕੇ ਖ਼ੁਦ ਜ਼ਿੰਦਗੀ ਬਣਾ ਵਹਿੰਦੀ ਏ। ਹਮੇਸ਼ਾ ਅੱਗੋਂ ਵੱਧਣ ਵਾਲੀ ਜ਼ਿੰਦਗੀ। ਸਾਡੇ ਸ਼ਾਇਰਾਂ ਨੂੰ ਅੰਦਰੋਂ ਇਹਦੀ ਸਿਆਣ ਹੈ। ਏਸ ਪੱਖੋਂ ਇਹਨਾਂ ਦੀ ਸ਼ਾਇਰੀ ਵਿਚ ਨਿਰੀ ਇਕ ਬੋਲੀ ਨਹੀਂ ਪੂਰੇ ਪੰਜਾਬ ਦੀਆਂ ਬੋਲੀਆਂ ਨੇ। ਬਾਬਾ ਫਰੀਦ ਸ਼ਕਰ ਗੰਜ ਤੋਂ ਖਵਾਜਾ ਗੁਲਾਮ ਫਰੀਦ ਤਾਈਂ ਏਹੋ ਮਲਾਵਟੀ ਵਹਿਦਤ ਏ ਪੂਰੇ ਪੰਜਾਬ ਦੀਆਂ ਬੋਲੀਆਂ ਦੀ। ਇਹੋ ਜ਼ਿੰਦਗੀ ਦਾ ਵੱਡਾ ਗੁਣ ਏ ਇਹਨਾਂ ਦੀ ਸ਼ਾਇਰੀ ਵਿਚ, ਇਕ ਦੂਜੇ ਦੀ ਤੜ ਉੱਤੇ ਜ਼ਿੰਦਾ ਰਹਿਣ ਦਾ। ਇਹਨਾਂ ਦਾ ਸਬਕ ਏ ਇਸ਼ਕ ਦਾ, ਏਹੋ ਹਕੀਕੀ ਇਸ਼ਕ ਹੈ।

ਅੱਜ ਜ਼ਮਾਨਾ ਏ ਵਿਸ਼ਵੀਕਰਨ ਪਿੰਡ ਦਾ, ਨਿਊ ਵਰਲਡ ਆਰਡਰ ਦਾ, ਸੂਚਨਾ ਤਕਨਾਲੋਜੀ ਦਾ, ਕੰਪਿਊਟਰ ਦਾ, ਇਲੈਕਟ੍ਰਾਨਿਕ ਮੀਡੀਏ ਦਾ। ਅੱਜ ਜ਼ਮਾਨਾ ਏ ਇਕ ਤੋਂ ਇਕ ਵੱਧ ਨਵੀਆਂ-ਨਵੀਆਂ ਸ਼ੈਆਂ ਦਾ। ਅੱਜ ਪੰਜਾਬ ਵਿਚ ਜ਼ੁਬਾਨ ਦਾ ਮਸਲਾ ਕਿਵੇਂ ਤੋੜ ਚੜ੍ਹਸੀ?

ਅੱਜ ਪੰਜਾਬ ਵਿਚ ਜ਼ੁਬਾਨ ਦੇ ਮਸਲੇ ਨੂੰ ਤੋੜ ਚੜ੍ਹਾਉਣਾ ਸੌਖਾ ਏ। ਜੇ ਪੂਰੇ ਪੰਜਾਬ ਵਿਚ ਅੰਦਰ ਦੀ ਅਜੋਕੀ ਵੰਡ ਮੁੱਕ ਜਾਵੇ, ਜੇ ਪੂਰੇ ਪੰਜਾਬ ਵਿਚ ਇਕ ਬੋਲੀ ਦਾ ਦੂਜੀ ਬੋਲੀ ਨਾਲ ਅਜੋਕਾ ਸ਼ਰੀਕਾ ਮੁੱਕ ਜਾਵੇ, ਵੇਖੋ ਅੱਜ ਮਾਹੌਲ ਏ ਕੁਲ ਆਲਮ ਵਿਚ ਮਲਾਵੜੀ ਵਾਹਦਤ ਦਾ। ਦੱਸੋ ਪੰਜਾਬ ਵਿਚ ਇਹ ਕਿਵੇਂ ਹੋਵੇ?

ਪੂਰੇ ਪੰਜਾਬ ਦੀਆਂ ਬੋਲੀਆਂ ਵਿਚ ਕਿਉਂ ਨਾ ਹੋਵੇ, ਇਹ ਮਲਾਵਟੀ ਵਾਹਦਤਾਂ, ਅੱਜ ਏਥੇ ਗੱਲ ਮੁਕਦੀ ਨਹੀਂ, ਅੱਜ ਏਥੋਂ ਗੱਲ ਤੁਰਦੀ ਪਈ ਏ, ਨਵੇਂ ਬੰਨੇ ਨਵੇਂ ਸਿਰੇ ਤੋਂ ਪੂਰੇ ਪੰਜਾਬ ਵਿਚ, ਖ਼ੁਦ ਆਪਣੀ ਜ਼ੁਬਾਨ ਨੂੰ ਆਪਣੇ ਅੰਦਰ ਦੀ ਰੂਹ ਬਣਾਵਣ ਦੀ, ਆਪਣਾ ਦੋਸਤ ਬਣਾਵਣ ਦੀ, ਆਪਣਾ ਸੱਚਾ ਮੁਰਸ਼ਦ ਬਣਾਉਣ ਦੀ। •

# ਪੂਛ ਵਾਲਾ ਤਾਰਾ/

**ਮੂਲ ਲੇਖਕ - ਡਾ. ਜੈਅੰਤ ਨਾਰਲੀਕਰ**

**ਅਨੁਵਾਦਕ - ਅਜਮੇਰ ਸਿੱਧੂ**

ਦਸੰਬਰ ਮਹੀਨੇ ਦੀ ਕਾਲ਼ੀ ਬੋਲ਼ੀ ਰਾਤ ਸੀ। ਸੀਤ ਹਵਾ ਨਾਲ ਇੰਦਰਾਣੀ ਦੇਵੀ ਦੀ ਅੱਖ ਖੁੱਲ੍ਹ ਗਈ। ਉਸ ਨੇ ਉੱਠ ਕੇ ਦੇਖਿਆ ਉਹਦੇ ਘਰ ਵਾਲਾ ਬਿਸਤਰੇ 'ਤੇ ਨਹੀਂ ਸੀ। ਦਰਵਾਜ਼ਾ ਵੀ ਖੁੱਲ੍ਹਾ ਸੀ। ਉਸ ਦਾ ਸਵੈਟਰ ਵੀ ਕੁਰਸੀ 'ਤੇ ਪਿਆ ਸੀ। ਇੰਦਰਾਣੀ ਦੇਵੀ ਨੇ ਸ਼ਾਲ ਦੀ ਬੁੱਕਲ ਮਾਰੀ, ਸਵੈਟਰ ਨੂੰ ਚੁੱਕ ਕੇ ਬਾਹਰ ਛੱਤ 'ਤੇ ਚਲੀ ਗਈ। ਉਸ ਦਾ ਪਤੀ ਦੱਤਾ ਬਾਬੂ ਅੰਤਰ ਦ੍ਰਿਸ਼ਟੀ ਟੈਲੀਸਕੋਪ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੈਠਾ ਸੀ। ਠੰਡ ਦਾ ਜ਼ਰਾ ਵੀ ਖ਼ਿਆਲ ਨਹੀਂ ਸੀ। ਇੰਦਰਾਣੀ ਦੇਵੀ ਖਿੱਝ ਕੇ ਉਸ ਨੂੰ ਕੋਸਣ ਲੱਗੀ।

ਦੱਤਾ ਬਾਬੂ ਇਕ ਖਗੋਲਸ਼ਾਸਤਰੀ ਹੈ। ਉਸ ਨੇ ਆਪਣੀ ਮਿਹਨਤ ਅਤੇ ਡੂੰਘੇ ਵਿਗਿਆਨਕ ਵਿਸ਼ਲੇਸ਼ਣ ਤੋਂ ਬਾਅਦ ਇੱਕ ਟੈਲੀਸਕੋਪ ਬਣਾਈ। ਜਿਸ ਨੂੰ ਉਹ ਅੰਤਰ ਦ੍ਰਿਸ਼ਟੀ ਕਹਿੰਦਾ ਹੈ ਅਤੇ ਅਕਸਰ ਆਪਣੀ ਅੰਤਰ ਦ੍ਰਿਸ਼ਟੀ ਨਾਲ ਸਾਰੀ ਰਾਤ ਆਕਾਸ਼ੀ ਪਿੰਡਾਂ ਨੂੰ ਦੇਖਦਾ ਰਹਿੰਦਾ। ਇੰਦਰਾਣੀ ਦੇਵੀ ਦੇ ਕੌੜੇ ਬਚਨਾਂ ਨੂੰ ਅਣਸੁਣਾ ਕਰ ਦਿੰਦਾ ਜਿਵੇਂ ਉਹ ਬੋਲ਼ਾ ਹੋਵੇ। ਕਈ ਸਾਲਾਂ ਤੋਂ ਉਹ ਇਕ ਨਵੇਂ ਪੂਛ ਵਾਲੇ ਤਾਰੇ ਦੀ ਖੋਜ ਕਰ ਰਿਹਾ ਸੀ। 1910 ਵਿਚ ਹੇਲੀ ਨੇ ਇਕ ਪੂਛ ਵਾਲੇ ਤਾਰੇ ਦੀ ਖੋਜ ਕੀਤੀ ਸੀ। ਇਹ ਘਟਨਾ ਦੱਤਾ ਬਾਬੂ ਨੂੰ ਯਾਦ ਸੀ। ਪੂਛ ਵਾਲਾ ਤਾਰਾ 76 ਸਾਲਾਂ ਬਾਅਦ ਸੂਰਜ ਦੇ ਕਰੀਬ ਆਉਂਦਾ ਹੈ। ਉਸ ਨੂੰ ਵਿਸ਼ਵਾਸ ਸੀ ਕਿ ਇੱਕ ਦਿਨ ਉਹ ਨਵੇਂ ਪੂਛ ਵਾਲੇ ਤਾਰੇ ਦੀ ਖੋਜ ਕਰ ਲਊਗਾ ਅਤੇ ਦੁਨੀਆ ਉਸ ਨੂੰ 'ਦੱਤਾ ਧੂਮਕੇਤੂ' ਨਾਂ ਦੇ ਨਾਲ ਜਾਣੇਗੀ।

ਦੱਤਾ ਬਾਬੂ ਬਹੁਤ ਆਸ਼ਾਵਾਦੀ ਹਨ। ਉਸ ਦੇ ਖ਼ਿਆਲ ਵਿਚ ਇਹ ਕੰਮ ਕੋਈ ਸਨਕੀ ਬੰਦਾ ਹੀ ਕਰ ਸਕਦਾ ਹੈ। ਪੇਸ਼ਾਵਰ ਵਿਗਿਆਨੀ ਨਹੀਂ ਹੈ। ਫਿਰ ਉਸ ਕੋਲ ਸਪੈਸ਼ਲ ਅੰਤਰ ਦ੍ਰਿਸ਼ਟੀ ਟੈਲੀਸਕੋਪ ਵੀ ਸੀ।

ਅੱਜ ਦੀ ਰਾਤ ਦੱਤਾ ਬਾਬੂ ਲਈ ਬਹੁਤ ਉਤਸ਼ਾਹ ਵਾਲੀ ਸੀ। ਉਹ ਨੈਬੁਲਸ ਗਲੈਕਸੀ ਅਤੇ ਤਾਰਿਆਂ ਵਿਚਕਾਰ ਕਿਸੇ ਖਾਸ ਦੀ ਟੋਹ ਲੈ ਰਿਹਾ ਸੀ। ਵਾਰ-ਵਾਰ ਟਾਰਚ ਨਾਲ ਚਾਰਟ ਨੂੰ ਦੇਖਦਾ। ਕੈਲਕੂਲੇਟਰ 'ਤੇ ਗਿਣਤੀ-ਮਿਣਤੀ ਕਰਦਾ। ਫਿਰ ਟੈਲੀਸਕੋਪ ਨਾਲ ਤਾਰਿਆਂ ਦਾ ਅਧਿਐਨ ਕਰਨ ਲੱਗ ਜਾਂਦਾ।

"ਉਹੀ ਪੁਰਾਣਾ ਤਾਰਾ। ਨਹੀਂ ਨਹੀਂ ਇਹ ਤਾਂ ਕੋਈ ਨਵਾਂ ਹੈ।"

ਫਿਰ ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਹ ਪੂਰੇ ਨਿਰੀਖਣਾਂ ਦੇ ਸੰਕੇਤ ਲਿਖਣ ਲੱਗ ਪਿਆ।

ਹੁਣ ਉਸ ਨੂੰ ਸਵੇਰ ਦਾ ਇੰਤਜ਼ਾਰ ਸੀ ਤਾਂ ਕਿ ਦੁਨੀਆ ਨੂੰ ਆਪਣੀ ਇਸ ਪ੍ਰਾਪਤੀ ਬਾਰੇ ਦੱਸ ਸਕੇ।

ਦੋ ਦਿਨ ਬਾਅਦ ਕਲਕੱਤੇ ਦੀ "ਅੰਮ੍ਰਿਤ ਬਜ਼ਾਰ ਪੱਤ੍ਰਿਕਾ" ਵਿਚ ਇਸ ਵਿਗਿਆਨੀ ਵਲੋਂ ਨਵੇਂ ਪੂਛ ਵਾਲੇ ਤਾਰੇ ਦੀ ਖੋਜ ਬਾਰੇ ਖ਼ਬਰ ਛਪੀ—



"ਸ਼੍ਰੀ ਮਨੋਜ ਦੱਤਾ, ਕਲਕੱਤੇ ਦੀ ਦੱਖਣੀ ਆਊਟ ਸਰਕਟ ਦੇ ਨਿਵਾਸੀ ਨੇ ਨਵੇਂ ਪੂਛ ਵਾਲੇ ਤਾਰੇ ਨੂੰ ਲੱਭਣ ਦਾ ਦਾਅਵਾ ਕੀਤਾ ਹੈ। ਉਹਨਾਂ ਨੇ ਕਈ ਰਾਤਾਂ ਤੋਂ ਇਸ ਧੂਮਕੇਤੂ ਦੇ ਪੰਧ ਅਤੇ ਇਸਦੀ ਸਥਿਤੀ ਦਾ ਨਿਰੀਖਣ ਕਰਕੇ ਪੂਰੀ ਰਿਪੋਰਟ ਇੰਡੀਅਨ ਇੰਸਟੀਚਿਊਟ ਆਫ਼ ਐਸਟ੍ਰੋਫਿਜ਼ਿਕਸ ਬੰਗਲੌਰ ਨੂੰ ਭੇਜੀ ਹੈ। ਆਈ. ਆਈ. ਏ. ਦੇ ਕੋਲ 90 ਇੰਚ ਦਾ ਇਕ ਟੈਲੀਸਕੋਪ ਹੈ, ਜਿਹੜਾ ਏਸ਼ੀਆ ਵਿਚ ਸਭ ਤੋਂ ਵੱਡਾ ਹੈ। ਜੇਕਰ ਸੰਸਥਾ ਦੱਤਾ ਬਾਬੂ ਦੇ ਨਿਰੀਖਣਾਂ ਅਤੇ ਖੋਜ ਨੂੰ ਸਹੀ ਪਾਏਗੀ ਤਾਂ ਇਹ ਉਨ੍ਹਾਂ ਲਈ ਅਤੇ ਭਾਰਤ ਲਈ ਬਹੁਤ ਵੱਡੀ ਪ੍ਰਾਪਤੀ ਹੋਵੇਗੀ। ਦੱਤਾ ਬਾਬੂ ਆਪਣੀ ਖੋਜ ਦਾ ਸਾਰਾ ਸਿਹਰਾ ਆਪਣੇ ਅੰਤਰ ਦ੍ਰਿਸ਼ਟੀ ਟੈਲੀਸਕੋਪ ਨੂੰ ਦਿੰਦੇ ਹਨ।"

ਇੱਕ ਹਫ਼ਤੇ ਬਾਅਦ ਆਈ. ਆਈ. ਏ. ਨੇ ਦੱਤਾ ਬਾਬੂ ਦੀ ਖੋਜ ਦੀ ਪੁਸ਼ਟੀ ਕਰ ਦਿੱਤੀ ਅਤੇ ਇਹ ਸੂਚਨਾ ਪੂਰੀ ਦੁਨੀਆ ਦੇ ਖਗੋਲ ਵਿਗਿਆਨੀਆਂ ਤੱਕ ਪਹੁੰਚ ਗਈ। ਨਵੇਂ ਪੂਛ ਵਾਲੇ ਤਾਰੇ ਦਾ ਨਾਂ 'ਦੱਤਾ ਧੂਮਕੇਤੂ' ਰੱਖ ਦਿੱਤਾ। ਹੁਣ ਦੱਤਾ ਬਾਬੂ ਕਲਕੱਤੇ ਅਤੇ ਭਾਰਤ ਵਿਚ ਹੀ ਨਹੀਂ, ਸਗੋਂ ਪੂਰੀ ਦੁਨੀਆ ਵਿਚ ਇਕ ਜਾਣਿਆ-ਪਛਾਣਿਆ ਖਗੋਲ ਵਿਗਿਆਨੀ ਬਣ ਗਿਆ। ਕਈ ਦੇਸ਼ਾਂ ਦੀਆਂ ਸੰਸਥਾਵਾਂ ਵਲੋਂ ਉਸ ਨੂੰ ਸੱਦੇ ਆਉਣ ਲੱਗੇ। ਘਰ ਵਿਚ ਵੀ ਮਿਲਣ ਆਉਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ। ਇਕ ਸਮਾਰੋਹ ਵਿਚ ਉਸ ਤੋਂ ਗ੍ਰਹਿ ਚੱਕਰ, ਗ੍ਰਹਿ ਪ੍ਰਭਾਵ ਅਤੇ ਜੋਤਿਸ਼ ਸੰਬੰਧੀ ਪੁੱਛਿਆ ਤਾਂ ਉਸ ਨੇ ਇਸ ਤਰ੍ਹਾਂ ਦੇ ਅੰਧ ਵਿਸ਼ਵਾਸ ਤੋਂ ਦੂਰ ਹੀ ਰਹਿਣ ਲਈ ਕਿਹਾ ਅਤੇ ਜੋਤਿਸ਼ ਨੂੰ ਤੀਰ ਤੁੱਕਾ ਜਿਹਾ ਦੱਸਿਆ। ਇਸ ਗੱਲ 'ਤੇ ਕਾਫੀ ਬਹਿਸ ਹੋਈ। ਉਹ ਘਰ ਮੁੜਿਆ। ਕਾਫੀ ਥੱਕ ਗਿਆ ਸੀ। ਜੋਤਿਸ਼ ਅਤੇ ਗ੍ਰਹਿਾਂ ਬਾਰੇ ਕਈ ਬੇਤੁੱਕੇ ਸਵਾਲਾਂ ਨੇ ਸਿਰ ਦੁਖਣ ਲਾ ਦਿੱਤਾ ਸੀ।

"ਕਿੰਨਾ ਚੰਗਾ ਹੁੰਦਾ, ਜੇ ਮੈਂ ਇਹ ਖੋਜ ਨਾ ਕੀਤੀ ਹੁੰਦੀ।"

ਉਸ ਦੇ ਮੂੰਹ 'ਚੋਂ ਨਿਕਲਿਆ, ਤਾਂ ਇੰਦਰਾਣੀ ਦੇਵੀ ਨੇ ਕਿਹਾ —

"ਤੁਸੀਂ ਸਭਾ, ਮੰਚ ਅਤੇ ਪ੍ਰਚਾਰ ਤੋਂ ਦੂਰ ਰਹਿਣ ਵਾਲੇ ਹੋ। ਇਸ ਲਈ ਪ੍ਰੇਸ਼ਾਨ ਹੋ ਜਾਂਦੇ ਹੋ। ਪਰ ਮੇਰੀ ਪ੍ਰੇਸ਼ਾਨੀ ਦਾ ਕਾਰਨ ਦੂਜਾ ਹੈ। ਤੁਸੀਂ ਜਾਣਦੇ ਹੋ ਕਿ ਪੂਛ ਵਾਲੇ ਤਾਰੇ ਮਾੜੀ ਕਿਸਮਤ ਲਿਆਉਂਦੇ ਹਨ। ਮੈਨੂੰ ਇਹ ਚੰਗਾ ਨਹੀਂ ਲੱਗ ਰਿਹਾ ਕਿ ਮੇਰਾ ਪਤੀ ਜਿਹੜਾ ਕਿ ਇਕ ਵਧੀਆ ਇਨਸਾਨ ਹੈ, ਇਸ ਵਿਨਾਸ਼ਕਾਰੀ ਕੰਮ ਨਾਲ ਜੁੜੇ।"

ਪਤਨੀ ਦੀ ਗੱਲ ਸੁਣ ਕੇ ਦੱਤਾ ਬਾਬੂ ਹੱਸਣ ਲੱਗ ਪਿਆ।

"ਤੇਰੀ ਸੋਚ ਐੱਮ. ਏ. ਦੀ ਡਿਗਰੀ ਕਰਕੇ ਵੀ ਅੰਧਵਿਸ਼ਵਾਸਾਂ 'ਚੋਂ ਬਾਹਰ ਨਹੀਂ ਨਿਕਲ ਸਕੀ। ਪੂਛ ਵਾਲੇ ਤਾਰੇ ਦੀ ਧਰਤੀ 'ਤੇ ਹੋਣ ਵਾਲੀਆਂ ਘਟਨਾਵਾਂ ਨਾਲ ਕੋਈ ਸੰਬੰਧ ਨਹੀਂ ਹੈ। ਤੂੰ ਦੇਖੀਂ ਇੰਦਰਾਣੀ, ਮੇਰਾ ਕਾਮੇਟ ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ, ਆਪਣੇ ਰਾਹ ਚਲਦਾ ਹੋਇਆ ਅਦ੍ਰਿਸ਼ ਹੋ ਜਾਵੇਗਾ।"

ਪਰ ਆਖਰੀ ਸ਼ਬਦ ਕਹਿੰਦੇ ਹੋਏ ਦੱਤਾ ਬਾਬੂ ਦੇ ਮਨ ਵਿਚ ਥੋੜ੍ਹੀ ਜਿਹੀ ਸ਼ੰਕਾ ਖੜ੍ਹੀ ਹੋ ਗਈ, ਕਿ ਬੇਵਜ੍ਹਾ ਕੁਝ ਹੋ ਨਾ ਜਾਵੇ।

ਕਿੰਗ ਕਾਲਜ, ਕੈਂਬਰਿਜ਼ ਦੇ ਡਾਇਨਿੰਗ ਹਾਲ ਵਿਚ ਵਿਗਿਆਨੀ ਜੇਮਜ਼ ਨੂੰ ਡਿਫੈਂਸ ਵਿਭਾਗ ਦਾ ਪੱਤਰ ਮਿਲਿਆ ਕਿ ਰਾਤੋਂ ਰਾਤ ਬਿਨਾਂ ਦੇਰੀ ਕੀਤਿਆਂ ਲੰਦਨ ਪਹੁੰਚੇ। ਉਥੇ

ਸਰ ਜਾਨ ਮੈਕਫਰਸਨ ਜੇਮਜ਼ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਜੇਮਜ਼ ਦੇ ਪਹੁੰਚਣ 'ਤੇ ਸਰ ਜਾਨ ਨੇ ਮਾਫ਼ੀ ਮੰਗੀ ਅਤੇ ਉਹਨਾਂ ਦੇ ਹੀ ਇੱਕ ਲੇਖ ਦੀ ਕਾਪੀ ਉਨ੍ਹਾਂ ਦੇ ਸਾਹਮਣੇ ਰੱਖੀ, ਜਿਹੜੀ 'ਨੇਚਰ' ਨਾਂ ਦੇ ਵਿਗਿਆਨ ਮੈਗਜ਼ੀਨ ਵਿਚ ਛਪਣ ਲਈ ਭੇਜੀ ਗਈ ਸੀ।

"ਤੁਸੀਂ ਆਪਣੇ ਲੇਖ ਨੂੰ ਦੇਖ ਕੇ ਹੈਰਾਨ ਹੋਏ ਹੋਵੋਗੇ। 'ਦੱਤਾ ਕਾਮੇਟ' ਦੇ ਧਰਤੀ ਨਾਲ ਟਕਰਾਉਣ ਬਾਰੇ ਜੋ ਤੁਸੀਂ ਲਿਖਿਆ ਹੈ। ਉਸ ਬਾਰੇ ਮੈਂ ਤੁਹਾਡੇ ਕੋਲੋਂ ਜਾਨਣਾ ਚਾਹੁੰਦਾ ਹਾਂ ਕਿ ਕੀ ਤੁਹਾਡੀ ਗਣਨਾ ਸਹੀ ਹੈ? ਜੇ ਸਹੀ ਹੈ ਤਾਂ ਇੰਨੀ ਵੱਡੀ ਘਟਨਾ ਦੀ ਜਾਣਕਾਰੀ ਲੋਕਾਂ ਨੂੰ ਦਿੱਤੀ ਜਾਵੇ ਜਾਂ ਨਹੀਂ?"

ਜੇਮਜ਼ ਨੇ ਗੰਭੀਰਤਾ ਨਾਲ ਸੋਚ ਕੇ ਦੱਸਿਆ, "ਮੇਰੀ ਗਿਣਤੀ ਇਕਦਮ ਸਹੀ ਹੈ ਅਤੇ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ 'ਦੱਤਾ ਕਾਮੇਟ' ਇਸੇ ਸਾਲ 15 ਦਿਸੰਬਰ ਨੂੰ ਧਰਤੀ ਨਾਲ ਟਕਰਾਏਗਾ। ਲੋਕਾਂ ਨੂੰ ਇਸ ਘਟਨਾ ਬਾਰੇ ਦੱਸਣ ਦੀ ਬਜਾਏ ਇਸ ਦੁਰਘਟਨਾ ਨੂੰ ਟਾਲਣ ਦਾ ਯਤਨ ਕਰਨਾ ਚਾਹੀਦਾ ਹੈ।"

ਕਾਫ਼ੀ ਸੋਚ ਵਿਚਾਰ ਤੋਂ ਬਾਅਦ ਲੰਦਨ ਅਤੇ ਅਗਲੇ ਹਫ਼ਤੇ ਦੁਨੀਆ 'ਚੋਂ ਕੁਝ ਚੁਣੇ ਹੋਏ ਵਿਗਿਆਨੀਆਂ ਦੀ ਮੀਟਿੰਗ ਬੁਲਾਉਣ ਦਾ ਫੈਸਲਾ ਲਿਆ ਗਿਆ। ਮਨੋਜ ਦੱਤਾ ਨੂੰ ਸਪੈਸ਼ਲ ਸੱਦਾ ਭੇਜਿਆ ਗਿਆ। ਮਿੱਥੇ ਸਮੇਂ 'ਤੇ ਬੈਠਕ ਸ਼ੁਰੂ ਹੋਈ। ਇਸ ਨੂੰ ਪ੍ਰੈਸ ਤੋਂ, ਮੀਡੀਏ ਤੋਂ ਅਤੇ ਆਮ ਲੋਕਾਂ ਤੋਂ ਛੁਪਾ ਕੇ ਰੱਖਿਆ ਗਿਆ ਸੀ। ਸਰਬਸੰਮਤੀ ਨਾਲ ਫੈਸਲਾ ਹੋਇਆ ਕਿ 10 ਅਕਤੂਬਰ ਤੋਂ 15 ਦਿਸੰਬਰ ਤੱਕ ਇਕ ਸੂਖ਼ਮ ਸਮਾਂ ਸਾਰਨੀ ਬਣਾ ਕੇ ਪ੍ਰਮਾਣੂ ਵਿਸਫੋਟ ਦੇ ਜ਼ਰੀਏ 'ਦੱਤਾ ਕਾਮੇਟ' ਦਾ ਰਾਹ ਬਦਲਿਆ ਜਾਵੇ। ਅਸਲ ਵਿਚ 15 ਦਿਸੰਬਰ ਸਫਲਤਾ ਜਾਂ ਵਿਨਾਸ਼ ਦੋਨਾਂ ਦੀ ਸੰਭਾਵਨਾ ਦਾ ਦਿਨ ਬਣ ਗਿਆ। ਇਸ ਗੰਭੀਰ ਮਿਸ਼ਨ ਦਾ ਨਾਂ 'ਪ੍ਰੋਜੈਕਟ ਲਾਇਟ ਬ੍ਰਿਗੇਡ' ਰੱਖਿਆ ਗਿਆ। ਇਸ ਕੰਮ ਵਿਚ ਚੁਣੇ ਹੋਏ ਵਿਗਿਆਨੀ ਲੱਗ ਗਏ।

ਦੱਤਾ ਬਾਬੂ ਨੇ ਸਰ ਜਾਨ ਤੋਂ ਉਨ੍ਹਾਂ ਦੀ ਰਾਇ ਜਾਨਣੀ ਚਾਹੀ ਤਾਂ ਉਹ ਬੋਲੇ —

"ਮੇਰਾ ਤਾਂ ਇਹੀ ਉੱਤਰ ਹੈ ਕਿ ਮੈਂ 15 ਦਸੰਬਰ ਤੋਂ ਬਾਅਦ ਹੀ ਕ੍ਰਿਸਮਿਸ ਗਿਫ਼ਟ ਖਰੀਦਾਂਗਾ।"

ਦੱਤਾ ਬਾਬੂ ਕਈ ਦੇਸ਼ਾਂ ਅਤੇ ਸ਼ਹਿਰਾਂ ਦੀ ਯਾਤਰਾ ਕਰਦੇ ਹੋਏ ਦੋ ਹਫ਼ਤਿਆਂ ਬਾਅਦ ਪਰਤੇ। ਇਸ ਦੌਰਾਨ ਉਹ ਕਈ ਖਗੋਲ ਵਿਗਿਆਨੀਆਂ ਨੂੰ ਮਿਲੇ ਅਤੇ ਉਨ੍ਹਾਂ ਦੀਆਂ ਪ੍ਰਯੋਗਸ਼ਾਲਾਵਾਂ ਨੂੰ ਵੀ ਦੇਖਿਆ ਸੀ। ਕਲਕੱਤਾ ਏਅਰਪੋਰਟ 'ਤੇ ਸ਼ਹਿਰ ਦੇ ਨੇਤਾ, ਬੁੱਧੀਜੀਵੀ ਅਤੇ ਵਿਦਿਆਰਥੀ ਉਸ ਨੂੰ ਜੀ ਆਇਆਂ ਕਹਿਣ ਲਈ ਖੜ੍ਹੇ ਸਨ। ਪ੍ਰੈਸ ਵਾਲਿਆਂ ਨੇ ਉਸ ਦੀ ਯਾਤਰਾ ਨਾਲ ਸਬੰਧਤ ਕਈ ਸਵਾਲ-ਜਵਾਬ ਕੀਤੇ। ਸਭ ਨੂੰ ਜਵਾਬ ਦਿੱਤੇ। ਕਾਰ ਵਿਚ ਬੈਠ ਕੇ ਘਰ ਵੱਲ ਨੂੰ ਚੱਲ ਪਏ। ਉਸ ਨੂੰ ਇਸ ਗੱਲ ਦੀਂ ਖੁਸ਼ੀ ਸੀ ਕਿ ਇੱਥੇ 'ਦੱਤਾ ਕਾਮੇਟ' ਦੀ ਵਿਨਾਸ਼ਲੀਲਾ ਤੋਂ ਸਾਰੇ ਅਣਜਾਣ ਸਨ।

ਘਰ ਵਿਚ ਪਹੁੰਚ ਕੇ ਦੇਖਿਆ ਤਾਂ ਖਾਲੀ ਥਾਂ ਵਿਚ ਪੰਡਾਲ ਲੱਗਿਆ ਹੋਇਆ ਸੀ। ਧੂਫ਼ ਬੱਤੀ, ਆਰਤੀ, ਫੁੱਲ ਮਾਲਾ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਉਸ ਨੂੰ ਹੈਰਾਨੀ ਵਿਚ ਦੇਖ ਕੇ ਇੰਦਰਾਣੀ ਨੇ ਦੱਸਿਆ ਕਿ ਯੱਗ ਦਾ ਪ੍ਰਬੰਧ ਕੀਤਾ ਗਿਆ ਅਤੇ ਪੰਡਿਤ ਯੱਗ



ਕਰਕੇ ਉਸ ਨੂੰ ਆਸ਼ੀਰਵਾਦ ਦੇਣਗੇ।

"ਆਖ਼ਿਰ ਕਿਉਂ?' ਹੁਣ ਤਾਂ ਸਮੁੰਦਰ ਪਾਰ ਜਾਣਾ ਕੋਈ ਪਾਪ ਨਹੀਂ ਮੰਨਿਆ ਜਾਂਦਾ, ਯੱਗ ਵਗੈਰਾ ਦੀ ਕੋਈ ਲੋੜ ਨਹੀਂ ਹੈ।" ਵਿਰੋਧ ਕਰਨ 'ਤੇ ਇੰਦਰਾਣੀ, ਬਾਬੂ ਸ਼ਿਵ ਵੱਲ ਦੇਖਣ ਲੱਗ ਪਈ। ਬਾਬੂ ਸ਼ਿਵ ਜੀ ਦੱਤਾ ਬਾਬੂ ਦਾ ਛੋਟਾ ਭਰਾ ਹੈ। ਸ਼ਿਵ ਜੀ ਨੇ ਸਮਝਾਇਆ— "ਜਦੋਂ ਦੀ ਤੁਸੀਂ ਪੂਛ ਵਾਲੇ ਤਾਰੇ ਦੀ ਖੋਜ ਕੀਤੀ ਹੈ। ਅਸੀਂ ਸਾਰੇ ਅਨਜਾਣੇ ਡਰ ਨਾਲ ਡਾਢੇ ਪ੍ਰੇਸ਼ਾਨ ਹਾਂ। ਗੁਰੂ ਜੀ ਨੇ ਦੱਸਿਆ ਕਿ ਸ਼ਾਂਤੀ ਯੱਗ ਦੇ ਸਫਲ ਹੋਣ ਨਾਲ ਸਾਰੇ ਪਾਪ ਸ਼ਾਪ ਖ਼ਤਮ ਹੋ ਜਾਣਗੇ। ਬੱਸ ਤੁਹਾਡਾ ਹੀ ਇੰਤਜ਼ਾਰ ਕਰ ਰਹੇ ਸੀ।"

ਦੱਤਾ ਬਾਬੂ ਖਿੱਝ ਕੇ ਬੋਲੇ, "ਇਹ ਸਭ ਪਾਖੰਡ ਹੈ, ਇਹ ਤਾਂ ਉਨ੍ਹਾਂ ਦਿਨਾਂ ਦੀਆਂ ਗੱਲਾਂ ਹਨ ਜਦੋਂ ਆਦਮੀ ਤਾਰਿਆਂ, ਗ੍ਰਹਿਆਂ ਬਾਰੇ ਜਾਣਦਾ ਨਹੀਂ ਸੀ। ਹੁਣ ਤਾਂ ਵਿਗਿਆਨ ਦੀ ਕ੍ਰਿਪਾ ਨਾਲ ਗ੍ਰਹਿਆਂ ਅਤੇ ਤਾਰਿਆਂ ਦੀ ਗਤੀ, ਅਕਾਸ਼ ਬਾਰੇ ਪੂਰੀ ਜਾਣਕਾਰੀ ਘਰ ਬੈਠਿਆਂ-ਬੈਠਿਆਂ ਹੀ ਮਿਲ ਜਾਂਦੀ ਹੈ। ਪੂਛ ਵਾਲੇ ਤਾਰੇ ਜਾਂ ਹੋਰ ਗ੍ਰਹਿਆਂ ਦਾ ਸਾਡੀ ਧਰਤੀ 'ਤੇ ਰਹਿੰਦੇ ਜੀਵ-ਜੰਤੂਆਂ ਨਾਲ ਕੋਈ ਸੰਬੰਧ ਨਹੀਂ ਹੈ।"

"ਤਾਂ ਕੀ ਸਾਡੇ ਪੁਰਖੇ ਮੂਰਖ ਸਨ? ਜਿਹੜੇ ਯੱਗ ਕਰਾਉਂਦੇ ਰਹਿੰਦੇ ਸਨ?" ਸ਼ਿਵ ਜੀ ਨੇ ਜਵਾਬੀ ਸਵਾਲ ਕੀਤਾ।

"ਸ਼ਿਵ ਇਹ ਕਹਿ ਕੇ ਅਸੀਂ ਆਪਣੇ ਪੁਰਖਿਆਂ ਦਾ ਮਾਖ਼ੌਲ ਉਡਾਉਂਦੇ ਹਾਂ। ਉਨ੍ਹਾਂ ਨੇ ਕਦੇ ਵੀ ਅੱਖਾਂ ਮੀਟ ਕੇ ਕੋਈ ਕੰਮ ਨਹੀਂ ਕੀਤਾ। ਖ਼ੈਰ ਮੁਕਦੀ ਗੱਲ ਤਾਂ ਇਹ ਹੈ ਕਿ ਮੇਰਾ ਇਹਨਾਂ ਕਰਮ-ਕਾਂਡਾਂ ਵਿਚ ਬਿਲਕੁਲ ਯਕੀਨ ਨਹੀਂ ਹੈ। ਇਸ ਲਈ ਮੈਂ ਤੁਹਾਡੇ ਕਿਸੇ ਯੱਗ ਵਗੈਰਾ ਵਿਚ ਸ਼ਾਮਲ ਨਹੀਂ ਹੋਵਾਂਗਾ।"

ਦੱਤਾ ਬਾਬੂ ਸਭ ਨੂੰ ਡੌਂਬਰੇ ਜਿਹੇ ਛੱਡ ਕੇ ਆਪਣੇ ਅਧਿਐਨ ਕਮਰੇ ਵਿਚ ਚਲਾ ਗਿਆ। ਸਰ ਜਾਨ ਨਾਲ ਉਸ ਦਾ ਰਾਬਤਾ ਬਣਿਆ ਹੋਇਆ ਸੀ। ਸੰਕੇਤਕ ਭਾਸ਼ਾ ਵਿਚ ਲਗਾਤਾਰ ਜਾਣਕਾਰੀ ਮਿਲਦੀ ਰਹਿੰਦੀ। ਇਸੇ ਦੌਰਾਨ 'ਦੱਤਾ ਕਾਮੇਟ' ਆਕਾਸ਼ ਵਿਚੋਂ ਸਪੱਸ਼ਟ ਨਜ਼ਰ ਆਉਣ ਲੱਗਾ। ਉਹ ਸੂਰਜ ਦੇ ਦੁਆਲੇ ਚੱਕਰ ਕੱਟਦਾ। ਉਸਦੀ ਪੂਛ ਰਾਤ ਨੂੰ ਸਾਫ਼ ਦਿਖਾਈ ਦਿੰਦੀ।

ਯੱਗ ਸੰਪੂਰਨ ਹੋ ਚੁੱਕਾ ਸੀ। ਦੀਵਾਲੀ ਵੀ ਲੰਘ ਗਈ। ਦੱਤਾ ਬਾਬੂ ਕਿਸੇ ਵੀ ਪੂਜਾ-ਪਾਠ ਵਿਚ ਸ਼ਾਮਿਲ ਨਹੀਂ ਹੋਏ। ਬਹੁਤਾ ਸਮਾਂ ਆਪਣੇ ਅਧਿਐਨ ਕਮਰੇ ਵਿਚ ਗੁਜ਼ਾਰਦੇ।

18 ਨਵੰਬਰ ਨੂੰ ਬ੍ਰਿਟਿਸ਼ ਕੌਂਸਲ ਵਲੋਂ ਟੈਲੇਕਸ ਮੈਸਿਜ ਆਇਆ। ਉਪਰੇਟਰ ਨੇ ਉਸ ਨੂੰ ਮਾਮੂਲੀ ਮੈਸਿਜ ਸਮਝਿਆ ਸੀ। ਫਿਰ ਵੀ ਨਿਰਦੇਸ਼ ਅਨੁਸਾਰ ਦੱਤਾ ਬਾਬੂ ਨੂੰ ਖ਼ਬਰ ਭੇਜੀ ਗਈ। ਦੱਤਾ ਬਾਬੂ ਪੜ੍ਹਦੇ ਸਾਰ ਹੀ ਮਠਿਆਈ ਦੀ ਦੁਕਾਨ ਵੱਲ ਭੱਜ ਪਏ। ਸਰ ਜਾਨ ਦਾ ਸੁਨੇਹਾ ਸੀ —"ਮੈਂ ਬਿਲਕੁਲ ਬੇਫ਼ਿਕਰ ਹਾਂ, ਹੁਣ 15 ਦਸੰਬਰ ਨੂੰ ਕ੍ਰਿਸਮਿਸ ਦਾ ਤੋਹਫ਼ਾ ਖਰੀਦਾਂਗਾ।"

15 ਦਸੰਬਰ ਦੀ ਰਾਤ ਲੋਕਾਂ ਨੇ ਨੰਗੀ ਅੱਖ ਨਾਲ ਦੇਖਿਆ ਸੀ ਕਿ 'ਦੱਤਾ ਕਾਮੇਟ' ਧਰਤੀ ਵੱਲ ਨੂੰ ਆ ਰਿਹਾ ਹੈ। ਦੱਤਾ ਬਾਬੂ ਨੇ 8000 ਕਿ.ਮੀ. ਦਾ ਅੰਦਾਜ਼ਾ ਲਗਾਇਆ। ਫਿਰ ਪੂਛ ਵਾਲਾ ਤਾਰਾ ਗਾਇਬ ਹੋ ਗਿਆ ਸੀ। ਲੋਕ ਨਹੀਂ ਜਾਣ ਸਕੇ ਕਿ ਕੀ ਹੋਇਆ।

ਪਰ ਦੱਤਾ ਬਾਬੂ ਸਭ ਕੁਝ ਸਮਝ ਰਿਹਾ ਸੀ। ਉਹ ਬੇਫ਼ਿਕਰ ਹੋ ਕੇ ਘਰ ਪਰਿਵਾਰ ਵਿਚ ਬੈਠ ਕੇ ਗੱਪਸ਼ੱਪ ਮਾਰਨ ਲੱਗਾ। ਗੱਲਾਂ-ਗੱਲਾਂ ਵਿਚ ਉਸ ਨੇ ਇੰਦਰਾਣੀ ਨੂੰ ਕਿਹਾ—

"ਕੀ ਤੈਨੂੰ ਪਤੈ ਕਿ 'ਦੱਤਾ ਕਾਮੇਟ' ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ ਗਾਇਬ ਹੋ ਗਿਆ ਹੈ। ਕੋਈ ਬਿਪਤਾ ਨਹੀਂ ਪਈ।"

"ਮੈਂ ਤਾਂ ਪਹਿਲਾਂ ਹੀ ਬੇਫ਼ਿਕਰ ਹੋ ਗਈ ਸੀ ਕਿ ਹੁਣ ਕੋਈ ਭਾਣਾ ਨਹੀਂ ਵਾਪਰੇਗਾ।" ਇੰਦਰਾਣੀ ਦੇਵੀ ਨੇ ਵਿਸ਼ਵਾਸ ਨਾਲ ਕਿਹਾ।

ਦੱਤਾ ਬਾਬੂ ਬਹੁਤ ਹੈਰਾਨ ਹੋਏ ਕਿ ਉਸਨੇ ਤਾਂ ਇਸ ਨੂੰ 'ਪ੍ਰੋਜੈਕਟ ਲਾਇਟ ਬ੍ਰਿਗੇਡ' ਬਾਰੇ ਕਦੇ ਕੁਝ ਨਹੀਂ ਦੱਸਿਆ। ਫਿਰ ਇਹ ਕਿਵੇਂ ਜਾਣ ਗਈ?

"ਤੂੰ ਇਹ ਗੱਲ ਕਿਸ ਆਧਾਰ 'ਤੇ ਕਹਿ ਰਹੀ ਹੈਂ?" ਉਸਨੇ ਪੁੱਛ ਹੀ ਲਿਆ।

"ਜਦੋਂ ਮੇਰਾ ਯੱਗ ਸੰਪੂਰਨ ਹੋ ਗਿਆ ਤਾਂ ਸਭ ਕੁਝ ਠੀਕ ਹੀ ਹੋਣਾ ਸੀ।" ਇੰਦਰਾਣੀ ਦੇਵੀ ਮਾਣ ਨਾਲ ਬੋਲੀ।

"ਪਰ ਮੈਂ ਤਾਂ ਤੇਰੇ ਯੱਗ ਵਿਚ ਸ਼ਾਮਿਲ ਹੀ ਨਹੀਂ ਹੋਇਆ।" ਦੱਤਾ ਬਾਬੂ ਹੈਰਾਨ ਸੀ।

"ਹਾਂ, ਜਦੋਂ ਤੁਸੀਂ ਰਾਜ਼ੀ ਨਹੀਂ ਹੋਏ ਤਾਂ ਗੁਰੂ ਜੀ ਨੇ ਰਾਹ ਕੱਢ ਲਿਆ। ਉਨ੍ਹਾਂ ਨੇ ਤੁਹਾਡੀ ਥਾਂ ਕਿਸੇ ਹੋਰ ਨੂੰ ਯੱਗ ਵਿਚ ਬਿਠਾਇਆ। ਜਿਸਨੇ ਤੁਹਾਡੀ ਜਗ੍ਹਾ ਸਾਰੀਆਂ ਰਸਮਾਂ ਵਿਚ ਹਿੱਸਾ ਲਿਆ।

ਦੱਤਾ ਬਾਬੂ ਦੇ ਸਾਹਮਣੇ ਦੋ ਦ੍ਰਿਸ਼ ਉੱਭਰੇ। ਯੱਗ ਹੋ ਰਿਹਾ ਹੈ। ਆਦਮੀ ਅਹੂਤੀ ਪਾ ਰਿਹਾ ਸੀ। ਪੁਜਾਰੀ ਮੰਤਰ ਪੜ੍ਹ ਰਿਹਾ ਸੀ। ਦੂਜੇ ਵਿਚ 'ਪ੍ਰੋਜੈਕਟ ਲਾਇਟ ਬ੍ਰਿਗੇਡ' ਦੇ ਵਿਗਿਆਨੀ ਆਪਣੇ ਯੰਤਰਾਂ ਨਾਲ, ਮਿੱਥੇ ਸਮੇਂ ਅਤੇ ਸਥਾਨ 'ਤੇ ਪ੍ਰਮਾਣੂ ਵਿਸਫੋਟ ਕਰਨ ਲਈ ਜੁਝ ਰਹੇ ਸਨ।

ਉਸ ਦੇ ਮਨ ਵਿਚ ਉੱਭਰੇ ਇਹ ਦੋਨੋਂ ਦ੍ਰਿਸ਼ ਇਕ ਹੀ ਸਮੇਂ ਵਿਚ ਵਿਚਰ ਰਹੇ ਮਾਨਵ ਸਮਾਜ ਦੀਆਂ ਦੋ ਸੋਚਾਂ ਨੂੰ ਪ੍ਰਗਟ ਕਰਦੇ ਲੱਗੇ। ਉਸ ਨੂੰ ਅਮੀਰ ਗਰੀਬ ਦਾ, ਪੜ੍ਹੇ ਅਤੇ ਅਨਪੜ੍ਹ ਦਾ ਫ਼ਰਕ ਤਾਂ ਸਮਝ ਆ ਰਿਹਾ ਹੈ। ਪਰ ਉਸ ਨੂੰ ਇਹ ਗੱਲ ਸਮਝ ਨਹੀਂ ਲੱਗ ਰਹੀ ਕਿ ਪੜ੍ਹੇ ਲਿਖੇ ਲੋਕ ਵੀ ਕਰਮਕਾਂਡਾਂ ਅਤੇ ਝੂਠੀਆਂ ਮਾਨਤਾਵਾਂ ਨੂੰ ਇਸ ਹੱਦ ਤੱਕ ਮੰਨਦੇ ਹਨ। ਨਾਲ ਵਿਗਿਆਨ ਨੂੰ ਮੰਨਣ ਵਾਲਿਆਂ ਨੂੰ ਅਣਜਾਣ ਅਤੇ ਨਾਸਮਝ ਸਮਝਦੇ ਹਨ। ਦੂਜੇ ਪਾਸੇ ਵਿਗਿਆਨ ਨੂੰ ਅਜਿਹੇ ਲੋਕਾਂ ਦੀ ਸੋਚ 'ਤੇ ਹਾਸਾ ਵੀ ਆਉਂਦਾ ਹੈ ਤੇ ਤਰਸ ਵੀ। ਇਸ ਦਾ ਹੱਲ? ਪਰ ਦੱਤਾ ਬਾਬੂ ਕੋਲ ਫਿਲਹਾਲ ਇਸ ਦਾ ਕੋਈ ਜਵਾਬ ਨਹੀਂ ਹੈ।

( ਜੇ. ਵੀ. ਨਾਰਲੀਕਰ ਜਾਂ ਡਾ. ਜੇਅੰਤ ਨਾਰਲੀਕਰ ਭਾਰਤ ਦੇ ਪ੍ਰਸਿੱਧ ਵਿਗਿਆਨੀ ਹਨ। ਉਨ੍ਹਾਂ ਵਲੋਂ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਕਹਾਣੀ ਨੂੰ ਅਨੁਵਾਦਕ ਵਲੋਂ ਸੰਖੇਪ ਅਤੇ ਸੰਪਾਦਤ ਕੀਤਾ ਗਿਆ ਹੈ। 'ਵਿਗਿਆਨ ਪ੍ਰਗਤੀ' ਵਿਚੋਂ ਧੰਨਵਾਦ ਸਹਿਤ ਛਾਪ ਰਹੇ ਹਾਂ।) •

(ਜੰਡੇ ਹੇਅਰ ਡਰੈੱਸਰਜ਼, ਚੰਡੀਗੜ੍ਹ ਰੋਡ, ਨਵਾਂਸ਼ਹਿਰ-144514)



<u>ਮੁਲਾਂਕਣ</u>

# ਪ੍ਰਗਤੀਸ਼ੀਲ ਵਿਚਾਰਾਂ ਦਾ ਰੌਸ਼ਨ ਅਕਸ- ਸੰਤੋਖ ਸਿੰਘ ਧੀਰ

**ਡਾ. ਚਮਨ ਲਾਲ**

ਸੰਤੋਖ ਸਿੰਘ ਧੀਰ ਪੰਜਾਬੀ ਦੇ ਉੱਘੇ ਪ੍ਰਗਤੀਸ਼ੀਲ ਸਾਹਿਤਕਾਰ ਹਨ ਜੋ ਉਮਰ ਦੇ ਪਚਾਸੀਵੇਂ ਵਰ੍ਹੇ (ਜਨਮ ਦਿਸੰਬਰ 1920) ਵਿਚ ਸਿਰਜਣਾਤਮਕ ਰੂਪ ਨਾਲ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਛੇਵੇਂ ਦਹਾਕੇ 'ਚ ਆਪਣੀ ਕਹਾਣੀ 'ਕੋਈ ਇਕ ਸਵਾਰ' ਨਾਲ ਪੰਜਾਬੀ ਸਾਹਿਤ 'ਚ ਹਲਚਲ ਪੈਦਾ ਕਰ ਦੇਣ ਵਾਲੇ ਸੰਤੋਖ ਸਿੰਘ ਧੀਰ ਅਨੇਕਾਂ ਵਿਧਾਵਾਂ ਵਿਚ ਸਿਰਜਣ ਕਰਨ ਵਾਲੇ ਲੇਖਕ ਹਨ। ਇੱਕ ਪਾਸੇ ਉਹਨਾਂ ਨੇ 'ਸਵੇਰ ਹੋਣ ਤੱਕ' 'ਸਾਂਝੀ ਕੰਧ' ਤੇ 'ਕੋਈ ਇਕ ਸਵਾਰ' ਵਰਗੀਆਂ ਕਹਾਣੀਆਂ ਨਾਲ ਇਕ ਕਹਾਣੀਕਾਰ ਦੇ ਰੂਪ 'ਚ ਦਸ ਕਹਾਣੀ ਸੰਗ੍ਰਹਿਆਂ ਦੇ ਨਾਲ ਪ੍ਰਸਿੱਧੀ ਪ੍ਰਾਪਤ ਕੀਤੀ ਤਾਂ ਨਾਵਲਾਂ 'ਚ ਵੀ ਉਹਨਾਂ ਨੇ 'ਯਾਦਗਾਰ' ਹਿੰਦੁਸਤਾਨ ਹਮਾਰਾ' 'ਨਵਾਂ ਜਨਮ' ਆਦਿ ਪੰਜ ਨਾਵਲਾਂ ਨਾਲ ਪੰਜਾਬੀ 'ਚ ਇਸ ਵਿਧਾ ਨੂੰ ਅਮੀਰ ਬਣਾਇਆ। ਗਲਪ-ਸਾਹਿਤ ਦੇ ਨਾਲ਼-ਨਾਲ਼ ਸੰਤੋਖ ਸਿੰਘ ਧੀਰ ਪ੍ਰਗਤੀਸ਼ੀਲ ਕਵੀ ਦੇ ਰੂਪ 'ਚ ਵੀ ਉੱਨੇ ਹੀ ਚਰਚਿਤ ਹਨ। ਪੰਜਾਬੀ ਭਾਸ਼ਾ 'ਚ ਉਹਨਾਂ ਦੇ ਹੁਣ ਤੱਕ ਬਾਰਾਂ ਕਵਿਤਾ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। 'ਤੇਲੰਗਾਨਾ ਤੂੰ ਕਰਵਟ ਲੈ' ਜਿਹੀਆਂ ਕਵਿਤਾਵਾਂ ਨਾਲ ਉਹਨ ਨੇ ਕ੍ਰਾਂਤੀਕਾਰੀ ਅੰਦੋਲਨ ਨੂੰ ਸੱਦਾ ਦਿੱਤਾ ਹੈ ਤਾਂ ਪੰਜਾਬ ਵਿਚ ਹੀ ਖਾਲਿਸਤਾਨੀ ਅੱਤਵਾਦ ਦੇ ਹੱਥੋਂ ਆਪਣੇ ਪੁੱਤਰ ਜਿਹੇ ਜਵਾਈ ਦੇ ਕਤਲ 'ਤੇ 'ਨਹੀਂ ਮੈਂ ਰੋਵਾਂਗਾ ਨਹੀਂ' ਜਿਹੀਆਂ ਕਵਿਤਾਵਾਂ ਲਿਖ ਕੇ ਇਸ ਮਨੁੱਖ ਵਿਰੋਧੀ ਅੰਦੋਲਨ ਦਾ ਜ਼ਾਲਮ ਚਿਹਰਾ ਪਾਸ਼ ਦੀ ਤਰ੍ਹਾਂ ਨੰਗਾ ਕੀਤਾ ਹੈ।

ਕਵਿਤਾ ਤੇ ਗਲਪ ਸਾਹਿਤ ਤੋਂ ਇਲਾਵਾ ਸੰਤੋਖ ਸਿੰਘ ਧੀਰ ਨੇ ਇੰਗਲੈਂਡ ਯਾਤਰਾ ਬਾਰੇ ਸਫਰਨਾਮਾ, ਅੱਤਵਾਦ ਜਿਹੀਆਂ ਘਟਨਾਵਾਂ ਤੇ 'ਕਾਲੀਆਂ ਹਵਾਵਾਂ ਵਿਚ' ਲੇਖ ਸੰਗ੍ਰਹਿ, ਸਵੈਜੀਵਨੀ 'ਬ੍ਰਹਸਪਤੀ, ਸਾਹਿਤਿਕ ਸਵੈਜੀਵਨੀ, 'ਮੇਰੀ ਕਲਮ' 'ਡਾਇਰੀ' ਲੋਕ ਸਾਹਿਤ ਸਬੰਧੀ ਰਚਨਾਵਾਂ ਦੇ ਨਾਲ਼-ਨਾਲ਼ ਅਯੋਧਯਾ ਸਿੰਘ ਉਪਾਧਯਾਯ ਦੀ ਰਚਨਾ 'ਕਬੀਰ ਵਚਨਾਵਲੀ' ਦਾ ਪੰਜਾਬੀ ਅਨੁਵਾਦ ਵੀ ਕੀਤਾ ਹੈ। ਪੈਂਤੀ ਤੋਂ ਵੱਧ ਕਿਤਾਬਾਂ ਤੇ ਸਿਰਜਣਕਰਤਾ ਸੰਤੋਖ ਸਿੰਘ ਧੀਰ ਨੂੰ ਜੇਕਰ ਪੰਜਾਬ ਦਾ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਇਨਾਮ ਮਿਲਿਆ ਹੈ ਤਾਂ ਸਾਹਿਤ ਅਕਾਦਮੀ ਨੇ ਉਹਨਾਂ ਨੂੰ 'ਪੱਖੀ' ਸੰਗ੍ਰਹਿ ਤੇ ਰਾਸ਼ਟਰੀ ਪੁਰਸਕਾਰ ਵੀ ਦਿੱਤਾ ਹੈ।

ਸੰਤੋਖ ਸਿੰਘ ਧੀਰ ਆਪਣੇ ਲੇਖਨ ਦੇ ਆਰੰਭ ਤੋਂ ਹੀ ਘੋਸ਼ਿਤ ਰੂਪ ਨਾਲ ਪ੍ਰਤੀਬੱਧ ਪ੍ਰਗਤੀਸ਼ੀਲ ਲੇਖਕ ਹੈ। ਉਹਨਾਂ ਨੇ ਆਪਣੀਆਂ ਰਚਨਾਵਾਂ ਨੂੰ ਆਪਣੇ ਪ੍ਰਗਤੀਸ਼ੀਲ ਵਿਚਾਰਾਂ ਦੇ ਸਿਰਜਣਾਤਮਕ ਪ੍ਰਗਟਾਵੇ ਦਾ ਮਜ਼ਬੂਤ ਮਾਧਿਅਮ ਬਣਾਇਆ ਹੈ। ਆਪਣੇ ਪ੍ਰਗਤੀਸ਼ੀਲ ਵਿਚਾਰਾਂ ਨੂੰ ਉਹ ਭਾਰਤ ਦੀ ਪ੍ਰਗਤੀਸ਼ੀਲ ਚਿੰਤਨ ਪਰੰਪਰਾ ਨਾਲ ਜੋੜ ਕੇ ਵੇਖਦੇ ਹਨ। ਇਸ ਸੰਕਲਨ ਦੇ ਆਰੰਭ 'ਚ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ

ਦਲਿਤ ਸਮਰਥੰਕ ਵਾਣੀ ਨੂੰ ਪੇਸ਼ ਕੀਤਾ ਹੈ —

ਨੀਚਾ ਅੰਦਰ ਨੀਚ ਜਾਤ
ਨੀਚਾ ਹੂੰ ਅਤਿ ਨੀਚ
ਨਾਨਕ ਤਿਨ ਦੇ ਸੰਗਿ ਸਾਥ
ਵਡਿਆ ਸਿਓ ਕਯਾ ਰੀਸ।

ਸੰਤੋਖ ਸਿੰਘ ਧੀਰ ਦੇ ਕਾਵਿ ਜਗਤ 'ਚ ਮਿਹਨਤਕਸ਼ ਜਨਤਾ ਦੇ ਸੰਘਰਸ਼ਾਂ ਦੇ ਸਭ ਤੋਂ ਵੱਧ ਚਿੱਤਰ ਮਿਲਦੇ ਹਨ। ਇਥੋਂ ਤੱਕ ਕਿ ਪ੍ਰਕ੍ਰਿਤੀ ਦੇ ਸੁੰਦਰ ਰੂਪ 'ਚ ਚਿੱਤਰਣ 'ਚ ਵੀ ਸੰਘਰਸ਼ ਦਾ ਸੰਦੇਸ਼ ਦੇ ਦਿੰਦੇ ਹਨ। 'ਇੱਕ ਫੁੱਲ ਦਾ ਬਿਆਨ' ਕਵਿਤਾ 'ਚ ਉਹਂ ਦੁਨੀਆ ਦੇ ਸੁਹਾਵਣੇ ਜਿਹੇ ਬਾਗ ਦੇ ਫੁੱਲ ਨੂੰ ਕਹਿੰਦੇ ਹਨ —

ਮੈਂ ਗਮਲਿਆਂ ਦਾ ਫੁੱਲ ਨਹੀਂ
ਬਾਗਾਂ ਦੀਆਂ ਕਿਆਰੀਆਂ ਵੀ
ਮੇਰੇ ਗੌਰਵ ਦਾ ਹਿੱਸਾ ਨਹੀਂ
ਮੈਂ ਤਾਂ ਬਿਆਬਾਨ ਤੇ ਉਜਾੜ ਦੀ
ਪੈਦਾਇਸ਼ ਹਾਂ।

ਇਹ ਇਹੋ ਜਿਹਾ ਫੁੱਲ ਹੈ ਜੋ ਹਨ੍ਹੇਰੀਆਂ ਵੀ ਆਈਆਂ / ਬਿਜਲੀਆਂ ਵੀ ਕੜਕੀਆਂ, ਪਰ ਇਹ ਫੁੱਲ ਇਨ੍ਹਾਂ ਸਾਰੀਆਂ ਮੁਸ਼ਕਲਾਂ ਤੇ ਹਮਲਿਆਂ ਨੂੰ ਸਹਿੰਦਾ ਰਿਹਾ–ਜੂਝਦਾ ਰਿਹਾ।

ਮੁਕਤੀਬੋਧ ਜੇਕਰ ਮੇਹਤਰ ਬਣਕੇ ਸਮਾਜ ਦਾ ਕੂੜਾ ਸਾਫ ਕਰਨ ਨੂੰ ਸਨਮਾਨਜਨਕ ਕਾਰਜ ਸਮਝਦਾ ਹੈ ਤਾਂ ਸੰਤੋਖ ਸਿੰਘ ਧੀਰ ਪਹਿਰੇਦਾਰ ਬਣਕੇ ਸਮਾਜ ਲਈ ਕਾਰਜ ਕਰਨ ਨੂੰ ਸਨਮਾਨ ਸਮਝਦਾ ਹੈ —

ਕਿੰਨਾ ਵੱਡਾ ਸਨਮਾਨ ਹੈ ਇਹ
ਸਾਰੀ ਰਾਤ ਜਾਗਣਾ
ਲੋਕਾਂ ਨੂੰ ਜਗਾਉਣਾ
ਪਹਿਰੇਦਾਰ ਬਣ ਜਾਣਾ
ਤੇ ਸਾਰੀ ਰਾਤ ਆਵਾਜ਼ ਲਗਾਉਣਾ।

ਇਸ ਕਵਿਤਾ 'ਚ ਉਹ ਪ੍ਰਗਤੀਸ਼ੀਲਤਾ ਵਿਚ ਪਰੰਪਰਾ ਤੇ ਆਧੁਨਿਕਤਾ ਦਾ ਮੇਲ ਕਰਦੇ ਹੋਏ ਕਹਿੰਦੇ ਹਨ—

ਕਿੰਨਾ ਵੱਡਾ ਸਨਮਾਨ ਹੈ ਇਹ
ਗੁਰੂ ਨਾਨਕ ਦਾ ਸਿੱਖ ਹੋਣਾ
ਲੈਨਿਨ ਦਾ ਸਿਪਾਹੀ ਹੋਣਾ

ਸੰਤੋਖ ਸਿੰਘ ਧੀਰ ਲੈਨਿਨ ਦੇ ਸਿਪਾਹੀ ਬਣ ਕੇ ਸਥਾਈ ਸੰਘਰਸ਼ 'ਚ ਯਕੀਨ ਰੱਖਦੇ ਹਨ, ਹਾਰ ਜਾਂ ਜਿੱਤ ਦੀ ਉਹਨਾਂ ਨੂੰ ਫਿਕਰ ਨਹੀਂ ਹੈ। 'ਸਨਮਾਨ ਸਮਾਗਮ ਦਾ ਸੰਦੇਸ਼' ਕਵਿਤਾ 'ਚ ਉਹ ਕਹਿੰਦੇ ਹਨ —

ਨਾ ਜਿੱਤ ਸਬੰਧੀ ਸੋਚਣਾ



ਨਾ ਹਾਰ ਬਾਰੇ
ਜਿੱਤ ਜਾਉ ਠੀਕ
ਹਾਰ ਜਾਉ ਤਾਂ ਵੀ ਠੀਕ
ਤੁਹਾਡਾ ਕੰਮ ਲੜਨਾ ਹੈ
ਬਸ, ਲੜਦੇ ਹੀ ਜਾਣਾ।

ਪ੍ਰਗਤੀਸ਼ੀਲ ਸ਼ਕਤੀਆਂ ਦੀ ਹਾਰ ਤੇ ਨਿਰਾਸ਼ਾ ਦੇ ਇਸ ਦੌਰ 'ਚ ਸੰਤੋਖ ਸਿੰਘ ਧੀਰ ਦੀਆਂ ਇਹੋ ਜਿਹੀਆਂ ਕਵਿਤਾਵਾਂ–ਨਾਗਾਰੁਜਨ ਅਤੇ ਮੁਕਤੀਬੋਧ ਦੀ ਸੰਘਰਸ਼ ਦੇ ਪ੍ਰਤੀ ਅਨੰਤ ਆਸ਼ਾਵਾਦਿਤਾ ਨੂੰ ਹੋਰ ਅੱਗੇ ਵਧਾਉਣ ਵਾਲੀਆਂ ਹਨ।

'ਨਵਜਾਤ ਸ਼ਿਸ਼ੂ ਦੇ ਨਾਮ' ਕਵਿਤਾ 'ਚ ਕਵੀ ਨੂੰ ਇਹ ਅਫ਼ਸੋਸ ਹੈ ਕਿ ਉਹ ਇਸ ਸ਼ਿਸ਼ੂ ਦੇ ਜਨਮ ਤੋਂ ਪਹਿਲਾਂ 'ਭਾਰਤ ਦੇਸ਼ ਦੇ ਵਿਹੜੇ 'ਚੋਂ / ਕੁੰਭੀ ਨਰਕ ਹਟਾ ਨਹੀਂ ਸਕਿਆ/ ਆਪਣਾ ਫਰਜ਼ ਨਿਭਾ ਨਹੀਂ ਸਕਿਆ। ਪਾਸ਼ ਦੀ ਤਰ੍ਹਾਂ ਹੀ ਉਹ ਵੀ ਸ਼ੋਸ਼ਕਾਂ ਦੇ ਭਾਰਤ ਨਾਲੋਂ ਆਪ ਨੂੰ ਅਲਗ ਕਰਦੇ ਹੋਏ ਕਹਿੰਦਾ ਹੈ - ਪਰ ਬੱਚੇ। ਇਹ ਸੱਚੀ ਗੱਲ ਹੈ/ ਨਾ ਇਹ ਤੇਰਾ ਨਾ ਇਹ ਮੇਰਾ।'

1970 'ਚ ਸੰਤੋਖ ਸਿੰਘ ਧੀਰ ਨੇ ਦੇਸ਼ 'ਚ ਉਭਰਦੇ ਹੋਏ ਨਕਸਲਵਾਦੀ ਅੰਦੋਲਨ ਦੇ ਦੌਰ 'ਚ ਕਵਿਤਾ ਲਿਖੀ 'ਤਲੰਗਾਨਾ ਤੂੰ ਕਰਵਟ ਲੈ' ਇਸ ਕਵਿਤਾ 'ਚ ਤੇਲੰਗਾਨਾ ਦੇ ਹੀ ਦੌਰ 'ਚ ਪੰਜਾਬ ਦੇ ਤੇਜਾ ਸਿੰਘ ਸੁਤੰਤਰ ਦੀ 'ਲਾਲ ਪਾਰਟੀ' ਰਾਹੀਂ ਕਿਸ਼ਨਗੜ੍ਹ 'ਚ ਲੜੇ ਕਿਸਾਨਾਂ ਦੇ ਮੁਕਤੀ ਸੰਘਰਸ਼ ਦੀ ਵੀ ਆਵਾਜ਼ ਹੈ। ਇਸ ਪਿੰਡ ਨੂੰ ਵੀ ਕਿਸਾਨਾਂ ਨੇ ਆਪਣੇ ਹਥਿਆਰਬੰਦ ਸੰਘਰਸ਼ ਨਾਲ ਕੁਝ ਸਮੇਂ ਲਈ ਵੱਡੇ ਜ਼ਿਮੀਂਦਾਰਾਂ ਤੋਂ ਮੁਕਤ ਕਰਵਾ ਕੇ ਉਥੇ ਲਾਲ ਝੰਡਾ ਲਹਿਰਾ ਦਿੱਤਾ ਸੀ। ਕਵੀ ਮੰਗ ਕਰਦਾ ਹੈ — ਤੇਲੰਗਾਨਾ ਤੂੰ ਕਰਵਟ ਲੈ / ਕਿਸ਼ਨਗੜ੍ਹ / ਸਿਰ ਚੁੱਕ ਆਪਣਾ / ਨਹੀਂ ਹੁਣ 'ਗਾਫਲੀ' ਚਲਣੀ / ਤੂੰ ਸੁਣ ਲੈ ਵੇਦਨਾ ਯੁਗ ਦੀ। ਕਵੀ ਤੇਲੰਗਾਨਾ ਤੇ ਕਿਸ਼ਨਗੜ੍ਹ ਤੋਂ ਕਹਾਉਂਦਾ ਹੈ ਕਿ ਚੁੱਕ ਲੈ ਹਥਿਆਰ / ਨਾ ਦੇਖ ਦਿੱਲੀ ਦੇ ਭਵਨਾਂ ਨੂੰ / ਤੇ ਉਹਨਾਂ ਦੇ ਸਬਜ਼ਬਾਗਾਂ ਨੂੰ।

'ਇਹ ਜਨਕ ਦਾ ਧਨੁੱਸ਼ ਨਹੀਂ' ਕਵਿਤਾ 'ਚ ਕਵੀ ਦਲਿਤ ਸ਼ਕਤੀ ਦੀ ਪਹਿਚਾਣ ਕਰਦਾ ਹੋਇਆ ਕਹਿੰਦਾ - 'ਇਹ ਜਨਕ ਦਾ ਧਨੁਸ਼ ਨਹੀਂ / ਇਕ ਯੁੱਗ ਨੂੰ ਤੋੜਨਾ ਹੈ / ਅਵਤਾਰਾਂ ਦੇ ਵੱਸ ਦੀ ਗੱਲ ਨਹੀਂ / ਇਹ ਕਰੋੜਾਂ ਭੀਲਾਂ / ਤੇ ਸੂਦਰਾਂ ਦਾ ਕੰਮ ਹੈ। ਕਵੀ ਯੁੱਗ ਨੂੰ ਤੋੜ ਕੇ ਫਿਰ ਉਸਦੀ ਜਗ੍ਹਾ 'ਤੇ ਨਵੇਂ ਯੁੱਗ ਦਾ ਸਿਰਜਣ ਕਰਦਾ ਹੈ। ਮਾਰਕਸਵਾਦੀ ਵਿਚਾਰਾਂ ਨਾਲ ਲੈਸ ਕਵੀ 'ਨਾਸ਼ ਤੇ ਨਿਰਮਾਣ' ਦੇ ਦਵੰਦ ਨੂੰ ਨਾਲ਼–ਨਾਲ਼ ਪੇਸ਼ ਕਰਦਾ ਹੈ। ਉਹ ਕੇਵਲ ਨਾਸ਼ਵਾਦੀ ਨਹੀਂ ਹੈ। ਨਾਲ ਹੀ ਮਿਹਨਤਕਸ਼ ਸੰਘਰਸ਼ਸ਼ੀਲ ਜਨਤਾ 'ਚ ਉਹ ਮਜ਼ਦੂਰਾਂ ਕਿਸਾਨਾਂ ਦੇ ਨਾਲ਼–ਨਾਲ਼ ਆਦਿਵਾਸੀ ਭੀਲ ਤੇ ਦਲਿਤ ਸ਼ੂਦਰ ਵਰਗ ਦੇ ਵਿਆਪਕ ਮੋਰਚੇ ਦੀ ਸੰਕਲਪਨਾ ਵੀ ਕਰਦਾ ਹੈ।

ਕਵੀ ਗੁਰੂ ਨਾਨਕ ਦਾ ਸਿੱਖ ਹੈ, ਪਰੰਤੂ ਧਰਮ–ਸਥਾਨਾਂ, ਉਹ ਹਿੰਦੂ ਧਰਮ–ਸਥਾਨ ਹੋਵੇ ਜਾਂ ਸਿੱਖ ਜਾਂ ਮੁਸਲਿਮ, ਇਸਾਈ 'ਚ ਹੁੰਦੇ ਜ਼ੁਲਮਾਂ ਦੇ ਵਿਰੁੱਧ ਅਵਾਜ਼ ਉਠਾਨ 'ਚ ਉਹ ਗੁਰੇਜ਼ ਨਹੀਂ ਕਰਦਾ। ਉਹ ਕਿਸੇ ਵੀ ਧਰਮ ਨਾਲ ਜੁੜੇ ਫਾਸਿਸਟ ਮੂਲਵਾਦੀਆਂ /

ਘਿਣਾਵਾਦੀਆਂ / ਫਿਰਕਾਪ੍ਰਸਤਾਂ ਦਾ ਚਿਹਰਾ ਨੰਗਾ ਕਰਨ 'ਚ ਵੀ ਢਿੱਲ ਨਹੀਂ ਵਰਤਦਾ ਤੇ ਨਾ ਹੀ ਗੋਲਮੋਲ ਸ਼ਬਦਾਂ ਨਾਲ ਬਚ ਕੇ ਨਿਕਲਦਾ ਹੈ। ਪੰਜਾਬ 'ਚ ਫਾਸਿਸਟ ਖਾਲਿਸਤਾਨੀ ਅੱਤਵਾਦ ਦੇ ਦਹਾਕੇ ਭਰੇ ਲੰਮੇ ਪੀੜਾਦਾਈ ਦੌਰ 'ਚ ਕਵੀ ਧੀਰ ਨੇ ਤਮਾਮ ਖ਼ਤਰਿਆਂ ਦਾ ਸਾਹਮਣਾ ਕਰਦੇ ਹੋਏ ਪ੍ਰਗਤੀਸ਼ੀਲ ਤੇ ਮਾਨਵਵਾਦੀ ਵਿਚਾਰਾਂ ਦੀ ਮਿਸਾਲ ਆਪਣੀਆਂ ਰਚਨਾਵਾਂ ਦੁਆਰਾ ਜਲਾਈ ਰੱਖੀ ਹੈ ਤੇ ਉਨ੍ਹਾਂ ਲੇਖਕਾਂ 'ਤੇ ਵਿਅੰਗ ਵੀ ਕੀਤਾ, ਜਿਹੜੇ ਦਹਿਸ਼ਤ ਦੇ ਪਰਛਾਵੇਂ 'ਚ ਪਾਸਾ ਬਦਲ ਗਏ ਜਾਂ ਆਪਣੇ ਵਿਚਾਰਾਂ ਤੋਂ ਬਦਲ ਗਏ। ਸੰਤੋਖ ਸਿੰਘ ਧੀਰ ਦਾ ਪੁੱਤਰ ਜਿਹਾ ਪਿਆਰਾ ਜਵਾਈ ਤੇ ਸਾਬਕਾ ਨਕਸਲਵਾਦੀ ਕ੍ਰਾਂਤੀਕਾਰੀ ਅਤੇ ਪ੍ਰਮੁੱਖ ਪੰਜਾਬੀ ਪੱਤਰਕਾਰ ਬੰਤ ਸਿੰਘ ਰਾਇਪੁਰ ਖਾਲਿਸਤਾਨੀ ਅੱਤਵਾਦੀਆਂ ਦੀ ਗੋਲੀ ਦਾ ਨਿਸ਼ਾਨਾ ਵੀ ਬਣਿਆ, ਪਰੰਤੂ ਲੇਖਕ ਨੇ ਗੋਲੀ ਦਾ ਜਵਾਬ ਆਪਣੀ ਕਲਮ ਦੀ ਜ਼ਿਆਦਾ ਤਾਕਤਵਰ ਗੋਲੀ ਨਾਲ ਦਿੱਤਾ ਤੇ ਸਮੇਂ ਦੇ ਨਾਲ ਪਾਸ਼ ਅਤੇ ਸੰਤੋਖ ਸਿੰਘ ਧੀਰ ਦੇ ਕਲਮ ਦੀ ਗੋਲੀ ਖਾਲਿਸਤਾਨੀ ਇਨਸਾਨ ਧਰੋਹੀ ਗੋਲੀ ਨਾਲੋਂ ਜ਼ਿਆਦਾ ਤਾਕਤਵਰ ਸਿੱਧ ਹੋਈ। ਖਾਲਿਸਤਾਨੀ ਅੱਤਵਾਦ ਅੱਜ ਇਤਿਹਾਸ ਦਾ ਕੂੜਾ ਬਣ ਚੁੱਕਿਆ ਹੈ, ਜਦੋਂ ਕਿ ਪਾਸ਼ ਤੇ ਧੀਰ ਦੀ ਕਵਿਤਾ ਅੱਜ ਵੀ ਇਨਸਾਨੀਅਤ ਦੀ ਬੁਲੰਦ ਆਵਾਜ਼ ਬਣ ਕੇ ਇਨਸਾਨ ਧਰੋਹੀ ਫਾਸ਼ੀਵਾਦੀਆਂ ਦੇ ਵਿਰੁੱਧ ਪਹਿਰੇਦਾਰ ਦਾ ਕੰਮ ਕਰ ਰਹੀ ਹੈ।

ਧੀਰ ਨੇ ਸਭ ਤੋਂ ਜ਼ਿਆਦਾ ਤਿੱਖਾ ਡੰਗ ਮਾਰਨ ਵਾਲੀਆਂ ਕਵਿਤਾਵਾਂ ਖਾਲਿਸਤਾਨੀ ਅੱਤਵਾਦ ਦੇ ਵਿਰੁੱਧ ਹੀ ਲਿਖੀਆਂ ਹਨ। 'ਮੈਂ ਮੁਖਬਿਰ ਨਹੀਂ ਸੀ' ਕਵਿਤਾ 'ਚ ਤਿੰਨ ਸਾਲ ਦੀ ਬੱਚੀ ਤੋਂ ਧੀਰ ਨੇ ਕਹਾਇਆ ਹੈ —

'ਤਿੰਨ ਜਾਂ ਚਾਰ ਅੰਕਲ ਆਏ/ ਪਹਿਲਾਂ ਮੇਰੇ ਦਾਦੇ ਨੂੰ ਮਾਰਿਆ / ਫਿਰ ਮੇਰੀ ਦਾਦੀ ਨੂੰ/ ਫਿਰ ਮੇਰੇ ਡੈਡੀ ਨੂੰ/ ਫਿਰ ਮੇਰੀ ਮੰਮੀ ਨੂੰ / ਫਿਰ ਵੱਡੇ ਵੀਰ ਨੂੰ ਮਾਰਿਆ/ ਫਿਰ ਛੋਟੇ ਨੂੰ/ ਫਿਰ ਉਹ ਮੈਨੂੰ ਮਾਰਨ ਲੱਗੇ / ਮੈਂ ਕਿਹਾ / ਅੰਕਲ ਮੈਨੂੰ ਕਿਉਂ ਮਾਰਦੇ ਹੋ/ ਉਹ ਕਹਿਣ ਲੱਗੇ / ਤੂੰ ਮੁਖਬਿਰ ਹੈ/ ਮੈਂ ਕਿਹਾ / ਅੰਕਲ ਮੁਖਬਿਰ ਕਿਸ ਨੂੰ ਕਹਿੰਦੇ ਨੇ/ ਉੱਤਰ 'ਚ ਉਹਨਾਂ ਮੈਨੂੰ ਚੌਦਾਂ ਗੋਲੀਆਂ ਮਾਰ ਦਿੱਤੀਆਂ।

ਇਸ ਕਵਿਤਾ ਨੂੰ ਪੜ੍ਹਦੇ ਹੋਏ ਪਾਸ਼ ਦੀ ਕਵਿਤਾ 'ਧਰਮਗੁਰੂ ਦੇ ਪ੍ਰਤੀ' ਯਾਦ ਆਉਣਾ ਸੁਭਾਵਿਕ ਗੱਲ ਹੈ।

ਦੋ ਬੱਸਾਂ 'ਚੋਂ 76 ਮੁਸਾਫਿਰ ਕੱਢ ਕੇ ਅੱਤਵਾਦੀਆਂ ਵਲੋਂ ਗੋਲੀਆਂ ਨਾਲ ਭੁੰਨੇ ਜਾਣ 'ਤੇ ਕਵੀ ਨੇ ਕਾਵਿਯਾਤਮਕ ਪ੍ਰਤੀਕਰਮ ਦਿੱਤਾ - 'ਕਿੱਥੇ ਜਾਣੀ ਸੀ ਇਹ ਬੱਸ' ਕਵਿਤਾ ਰਾਹੀਂ ਅਤੇ 'ਬੰਦੂਕ ਦੀ ਅਜਿਹੀ ਗੋਲੀ' ਕਵਿਤਾ ਵਿਚ ਐਲਾਨ ਕੀਤਾ-

ਕਿਸੇ ਵੀ ਬੰਦੂਕ ਲਈ
ਅਜਿਹੀ ਕੋਈ ਗੋਲੀ
ਦੁਨੀਆ ਵਿਚ ਨਹੀਂ ਬਣੀ
ਜੋ ਇਨਸਾਨ ਨੂੰ ਮਾਰ ਸਕੇ
ਇਨਸਾਨੀਅਤ ਨੂੰ ਮਾਰ ਸਕੇ।



'ਲਾਚਾਰ' ਕਵਿਤਾ 'ਚ ਅੱਤਵਾਦੀ ਦੌਰ 'ਚ ਡੋਲ ਗਏ ਲੇਖਕਾਂ 'ਤੇ ਵਿਅੰਗ ਕਰਦੇ ਹੋਏ ਕਵੀ ਨੇ ਕਿਹਾ ' ਪੜ੍ਹੇ ਲਿਖੇ ਬੜੇ ਸੀ/ ਪਰ ਗੱਡੇ ਹੀ ਲੱਦੇ ਹੋਏ ਸੀ/ ਮਾਨ ਹੀ ਮਾਨ ਪਾਇਆ ਸੀ/ ਬਨਾਰਸ ਦੇ ਪੰਡਿਆਂ ਤੇ ਮੱਕੇ ਦੇ ਮੌਲਾਨਿਆਂ ਵਾਂਗ/ ਅੰਦਰ ਸ਼ਕਤੀ ਨਹੀਂ ਸੀ।'

1988 'ਚ ਕਵੀ ਨੇ ਅੱਤਵਾਦੀਆਂ ਦੁਆਰਾ ਆਪਣੇ ਜਵਾਈ ਦੀ ਹੱਤਿਆ 'ਤੇ ਗੁੱਸੇ ਵਿਚ ਭਰ ਕੇ ਕਵਿਤਾ ਲਿਖੀ 'ਨਹੀਂ ਮੈਂ ਰੋਵਾਂਗਾ ਨਹੀਂ।'

ਕਵੀ ਬੰਤ ਸਿੰਘ ਰਾਇਪੁਰੀ ਦੇ ਖ਼ੂਨ ਨੂੰ ਦੁਨੀਆ ਭਰ ਦੇ ਕ੍ਰਾਂਤੀਕਾਰੀਆਂ ਦੇ ਲਹੂ ਦੀ ਪਰੰਪਰਾ ਨਾਲ ਜੋੜ ਕੇ ਵੇਖਦਾ ਹੈ -

ਇਹ ਬੰਤ ਸਿੰਘ ਰਾਇਪੁਰੀ ਦਾ/ ਖ਼ੂਨ ਹੀ ਨਹੀਂ ਸੀ ਸਿਰਫ਼/ ਇਹ ਪਾਸ਼ ਦਾ ਵੀ ਖ਼ੂਨ ਸੀ/ ਜੈਮਲ ਸਿੰਘ ਪੱਡਾ ਦਾ ਵੀ/ ਇਹ ਲੁਮੁੰਬਾ ਦਾ ਖ਼ੂਨ ਸੀ/ ਮਹਾਨ ਜੂਲੀਯਸ ਫਿਊਚਿਕ ਦਾ/ ਭਗਤ ਸਿੰਘ, ਸਰਾਭੇ ਦਾ।

ਤੇ ਇਸ ਖ਼ੂਨ 'ਤੇ ਕਵੀ ਨੂੰ ਮਾਣ ਹੈ, ਇਸ ਲਈ ਉਹ ਘੋਸ਼ਣਾ ਕਰਦਾ ਹੈ-

ਨਹੀਂ ਮੈਂ ਰੋਵਾਂਗਾ ਨਹੀਂ
ਮੈਂ ਆਪਣੇ ਹੰਝੂਆਂ ਨਾਲ
ਇਸ ਖ਼ੂਨ ਦਾ ਲਾਲ ਰੰਗ
ਹਲਕਾ ਨਹੀਂ ਕਰਾਂਗਾ
ਇਸ ਖ਼ੂਨ ਦਾ ਦਰਜਾ
ਮੈਂ ਨੀਵਾਂ ਨਹੀਂ ਕਰਾਂਗਾ।

ਅੱਤਵਾਦ ਨੂੰ ਕਵੀ 'ਪਾਗਲ ਕੁੱਤਾ' ਕਹਿ ਕੇ ਕਵਿਤਾ 'ਚ ਸੰਬੋਧਿਤ ਹੁੰਦਾ ਹੈ। 'ਸ਼ਾਇਦ ਇਹ ਜ਼ੁਲਮ ਨਹੀਂ ਸੀ' ਕਵਿਤਾ 'ਚ ਗੁਰੁਦੁਆਰੇ ਵਿਚ ਸੇਵਾਦਾਰ ਇਕ ਦਲਿਤ ਔਰਤ ਦੇ ਗੁਪਤਾਂਗ 'ਚ ਬਾਈ ਇੰਚ ਲੰਮਾ ਡੰਡਾ ਘੁਸਾ ਕੇ ਕਤਲ ਕਰਨ ਦੀ ਘਿਣਤ ਤੇ ਦਹਿਸ਼ਤਨਾਕ ਕਾਰਵਾਈ ਨੂੰ 'ਇਕ ਸਧਾਰਨ ਜਿਹੀ ਗੱਲ ਹੀ ਸੀ' ਕਹਿ ਕੇ ਕਵੀ ਨੇ ਸਮਾਜ 'ਤੇ ਕਾਬਜ਼ ਉੱਚ ਜਾਤੀਵਾਦੀਆਂ 'ਤੇ ਚੋਟ ਕੀਤੀ ਹੈ। 'ਦੁਸਹਿਰੇ ਦਾ ਖੇਡ' ਕਵਿਤਾ 'ਚ ਉਹ ਸ਼੍ਰੀਰਾਮ ਦੀ ਜਗ੍ਹਾ ਭੀਲਾਂ ਦੇ ਤੀਰਾਂ ਨਾਲ ਹੀ ਅਸਲੀ ਰਾਵਣ ਦਾ ਅੰਤ ਵੇਖਦਾ ਹੈ ਤੇ ਰਮਾਇਣ ਦੇ ਮਹਾਂਕਾਵਿ 'ਚ ਉਹ ਇਸ ਮਿਥਕ ਕਹਾਣੀ 'ਤੇ ਵੀ ਆਪਣਾ ਸੰਦੇਹ ਪ੍ਰਗਟਾਉਂਦਾ ਹੈ - 'ਕੀ ਸ਼੍ਰੀਰਾਮ ਨੇ ਭੀਲਨੀ ਦੇ ਜੂਠੇ ਬੇਰ ਸੱਚੀਂ ਖਾਧੇ ਸੀ?'

ਸੰਤੋਖ ਸਿੰਘ ਧੀਰ ਲੋਕਾਂ ਦੀ ਕਲਪਣਾ ਸਿਰਫ਼ ਇਨਸਾਨ ਤੇ ਹੈਵਾਨਾਂ ਜਾਂ ਕਵਿਤਾ ਸੰਗੀਤ ਦੇ ਬਰਬਰਤਾ ਦੇ ਦਵੰਦ 'ਚ ਹੀ ਸੰਕਲਪਤ ਕਰਦੇ ਹਨ।

ਪਰੰਤੂ ਕਵੀ ਦੀ ਸਕਾਰਾਤਮਕ ਕਲਪਣਾ ਹੈ - 'ਮੈਂ ਯੁਗ ਦਾ ਸਿਰਜਣ ਕਰਾਂਗਾ' ਜਿਸ 'ਚ ਹਲ ਦੀ ਨੋਕ, ਹਥੌੜੇ ਤੇ ਕਵੀ ਦੀ ਕਲਮ ਦਾ ਪ੍ਰਯੋਗ ਹੋਵੇਗਾ, ਜਿਸ 'ਚ ਨਾ ਜਾਤ-ਗੋਤਰ ਹੋਵੇਗਾ, ਨਾ ਧਰਮ ਭੇਦ। ਇਸ ਯੁਗ ਦੇ ਸਿਰਜਣ 'ਚ 1857 ਵਿਚ ਮੰਗਲ ਪਾਂਡੇ ਨੇ ਸਭ ਤੋਂ ਪਹਿਲੀ ਗੋਲੀ ਦਾਗੀ ਸੀ। ਕਵੀ ਜਨ ਸੰਘਰਸ਼ 'ਚ ਖੁਦ ਜੇਲ੍ਹ ਗਿਆ ਤੇ 1981 'ਚ ਚੰਡੀਗੜ੍ਹ ਜੇਲ੍ਹ 'ਚ ਬੈਠ ਕੇ ਉਸਨੇ ਪੁਲਿਸ ਦੇ ਜ਼ੁਲਮਾਂ ਦਾ ਕੱਚਾ-ਚਿੱਠਾ

ਖੋਲ੍ਹਣ ਵਾਲੀਆਂ ਕਵਿਤਾਵਾਂ ਵੀ ਲਿਖੀਆਂ -

ਕੈਦੀ ਮੈਨੂੰ ਪੁੱਛਣ ਲੱਗਾ
ਸਾਹਬ ਇਹ ਇਕਬਾਲ-ਇਕਬਾਲ
ਕਿਸ ਚੀਜ਼ ਨੂੰ ਕਹਿੰਦੇ ਹਨ
ਪੁਲਿਸ ਮੈਨੂੰ ਕਹਿੰਦੀ ਹੈ
ਅਦਾਲਤ ਵਿਚ ਇਕਬਾਲ ਕਰ
ਨਹੀਂ ਤਾਂ ਅਸੀਂ ਤੇਰੇ ਨਾਲ
ਤੇਰੇ ਮਾਪਿਆਂ ਨੂੰ ਵੀ
ਗ੍ਰਿਫਤਾਰ ਕਰ ਲਵਾਂਗੇ
ਸਾਹਬ ਮੇਰੇ ਮਾਂ-ਬਾਪ ਨੂੰ
ਫੜ ਲੈਣ ਦਾ ਮਤਲਬ ਕੀ।

ਤੇ 'ਆਉਣ ਵਾਲਾ ਸਮਾਂ' ਕਵਿਤਾ 'ਚ ਪੱਚੀ ਮੁੰਡੇ / ਇਕ ਮੰਤਰੀ ਦੇ ਪੁੱਤਰ ਨਾਲ/ ਮਿਲ ਕੇ ਚੁੱਕ ਲੈਂਦੇ ਹਨ/ ਇਕ ਭੋਲੀ ਜਿਹੀ ਕੁੜੀ/ ਏ. ਐੱਸ. ਆਈ./ ਐੱਸ. ਆਈ./ ਡੀ. ਐੱਸ. ਪੀ. / ਨਾਲ ਹਿੱਸੇਦਾਰ।

ਦੇਸ਼ ਭਗਤ ਉਰਦੂ ਸ਼ਾਇਰ ਤੇ ਸੁਪਰੀਮ ਕੋਰਟ ਦੇ ਜੱਜ ਦੀ ਪਦਵੀ ਤੱਕ ਪਹੁੰਚੇ ਆਨੰਦ ਨਰਾਇਣ ਮੁੱਲਾ ਦਾ ਕਥਨ ਇੰਨਾਂ ਦੋ ਕਵਿਤਾਵਾਂ 'ਚ ਸਹੀ ਨਜ਼ਰ ਆਇਆ ਹੈ। 'ਭਾਰਤੀ ਪੁਲਿਸ ਗੁੰਡਿਆਂ ਦਾ ਸਭ ਤੋਂ ਜ਼ਿਆਦਾ ਸੰਗਠਤ ਗਿਰੋਹ ਹੈ।' ਅੱਤਵਾਦੀ ਤੇ ਪੁਲਿਸ ਸਧਾਰਨ ਜਨਤਾ ਲਈ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ। ਇਹ ਸੱਚ ਪਾਸ਼ ਤੇ ਧੀਰ ਦੋਵਾਂ ਨੇ ਬਿਆਨ ਕੀਤਾ ਹੈ, ਪਰ ਕਵੀ ਧੀਰ ਦਾ ਸੁਫਨਾ ਹੈ -

ਜਦੋਂ ਅਸੀਂ ਆਵਾਂਗੇ / ਸੂਰਜ ਦੀਆਂ ਕਿਰਨਾਂ ਵਾਂਗ।
ਜਦੋਂ ਅਸੀਂ ਆਵਾਂਗੇ / ਚੁੱਲ੍ਹੇ 'ਤੇ ਪੱਕ ਰਹੀ
ਰੋਟੀ ਦੀ ਖੁਸ਼ਬੂ / ਸਾਰੇ ਘਰ 'ਚ ਫੈਲੀ ਹੋਵੇਗੀ।
ਧਰਤੀ ਨੂੰ ਫਸਲਾਂ / ਤੇ ਫੁੱਲਾਂ ਨਾਲ ਮਹਿਕਾਉਣ ਲਈ / ਖੇਤਾਂ 'ਚ ਪਹੁੰਚ ਜਾਵੇਗੀ।
ਜਦੋਂ ਅਸੀਂ ਆਵਾਂਗੇ / ਜਦੋਂ ਅਸੀਂ ਆਵਾਂਗੇ।


ਚਰਚਿਤ ਸ਼ਾਇਰ ਤੇ ਗੀਤਕਾਰ
ਅਮਰਦੀਪ ਗਿੱਲ ਦਾ ਪਲੇਠਾ ਕਾਵਿ-ਸੰਗ੍ਰਹਿ

**"ਅਰਥਾਂ ਦਾ ਜੰਗਲ"**

**ਵਿਕਰੇਤਾ ਕੁਕਨੁਸ ਪ੍ਰਕਾਸ਼ਨ ਜਲੰਧਰ**
ਪੇਪਰ ਬੈਕ 70 ਰੁਪਏ




# ਪ੍ਰਸ਼ਨ ਕਵਿਤਾਵਾਂ /ਦਰਸ਼ਨ ਬੁੱਟਰ

## ਮਹਿਕਨਾਮਾ

ਮਹਿਕ ........ ਫੁੱਲਾਂ 'ਚ ਨਹੀਂ
ਮਿੱਟੀ ਦੀ ਤਾਸੀਰ 'ਚ ਹੁੰਦੀ
ਆਪਣੀ ਮਿੱਟੀ ਨੂੰ
ਫੁੱਲਾਂ ਜੋਗੀ ਕਰ ਲੈ.....
ਸੰਗੀਤ..... ਸਾਜ਼ ਵਿਚ ਨਹੀਂ
ਸੁਰਤ ਵਿਚ ਹੁੰਦਾ
ਆਪਣੀ ਹੋਂਦ ਨੂੰ
ਸੁਰਾਂ ਨਾਲ ਵਰ ਲੈ।

## ਇਕਰਾਰਨਾਮਾ

ਮੇਰੀਆਂ ਰੀਝਾਂ ਦੀ ਕਣਕ ਨੂੰ
ਕਈ ਵੇਰ
ਪੈ ਚੁੱਕੀ ....... ਕਾਂਗਿਆਰੀ
ਕਾਂਗਿਆਰੀ
ਮੈਨੂੰ ਫਸਲ ਬੀਜਣ ਤੋਂ
ਕਦ ਰੋਕ ਸਕਦੀ..........

## ਸਫ਼ਰਨਾਮਾ

ਪੈਰਾਂ ਹੇਠਾਂ ....... ਜ਼ਲਜ਼ਲੇ
ਸਿਰ 'ਤੇ ਨੱਚਦੀ ....... ਅੱਗ
ਸੀਨੇ ਵਿਚ ..... ਤੂਫ਼ਾਨ
ਅੱਖਾਂ ਅੱਗੇ ..... ਕਾਲਖਾਂ
ਮੱਥੇ ਵਿਚ ......... ਚਿਰਾਗ
ਖ਼ਾਬਾਂ ਅੰਦਰ ....... ਕਹਿਕਸ਼ਾਂ

## ਵਸੀਅਤਨਾਮਾ

ਮਸਾਂ ਲੱਭਿਆ ਹੈ
ਉਦਾਸ ਡਾਇਰੀ 'ਚੋਂ
ਇਕ ਲਫ਼ਜ਼ ...... ਮਹਿਕ
ਇਸ ਤੋਂ ਪਹਿਲਾਂ
ਕਿ ਇਹ ....... ਧੂੰਏਂ 'ਚ ਉੱਡ ਜਾਏ
ਵਸੀਅਤ ਕਰਦਾ ਹਾਂ
ਆਪਣੇ ਵਾਰਸਾਂ ਨੂੰ

# ਕਹਾਣੀ ਦਾ ਪਾਸਪੋਰਟ

ਅਫ਼ਜ਼ਲ ਤੌਸੀਫ

ਕਹਾਣੀ ਦਾ ਕੀ ਏ? ਹਰ ਥਾਂ ਲੱਭ ਜਾਂਦੀ ਹੈ। ਹਰ ਥਾਂ ਤੁਰੀ ਫਿਰਦੀ ਏ। ਦੇਸ-ਪ੍ਰਦੇਸ, ਸਫਰ, ਸ਼ਹਿਰ ਮਕਾਨਾਂ, ਬੰਦਾ ਤੇ ਬੰਦਾ, ਇੱਟ ਦੀ ਵੀ ਕਹਾਣੀ ਬਣ ਜਾਂਦੀ ਏ। ਆਹੋ! ਜੇ ਮੈਂ ਓਸ ਦਿਨ ........ ਓਸ ਖਾਸ ਦਿਨ ਜੋ ਆਪ ਵੀ ਕਹਾਣੀ ਬਣ ਚੁੱਕਾ ਏ। ਸਿੰਬਲੀ (ਪਿਛਲਾ ਪਿੰਡ) ਜਾ ਕੇ ਆਪਣੇ ਚੁਬਾਰੇ ਦੀ ਡਿੱਗੀ ਇਕ ਇੱਟ ਚੁਕ ਲਿਆਉਂਦੀ ਤਾਂ ਓਸ ਇੱਟ ਦੀ ਕਹਾਣੀ ਲਿਖਣ ਲਈ ਮੈਨੂੰ ਮੁਗਲਾਂ ਦੇ ਜ਼ਮਾਨੇ ਤਾਈਂ ਜਾਣਾ ਪੈਂਦਾ। ਮੈਂ ਇੱਟ ਨਹੀਂ ਚੁੱਕੀ, ਚੰਗਾ ਹੋਇਆ। ਪਰ ਕੀ ਚੰਗਾ। ਮੂਸਾ ਡਰਿਆ ਮੌਤ ਤੋਂ ਅੱਗੇ ਮੌਤ ਖੜ੍ਹ ਵਾਲੀ ਗੱਲ ਹੋਈ। ਕਹਾਣੀ ਨੇ ਮੇਰੇ ਸਿਰ ਚੜ੍ਹਨਾ ਹੀ ਸੀ, ਇੱਟ ਨਾ ਪੁੱਟੀ, ਅਖਬਾਰ ਪੜ੍ਹ ਲਿਆ। ਅਖਬਾਰ ਵਾਲੀ ਕਿਹੜੀ ਘੱਟ ਸੀ। ਉਹ ਮੈਨੂੰ ਲੈ ਤੁਰੀ, ਪਹਿਲਾਂ ਅਮਰੀਕਾ ਲੈ ਗਈ। ਅੱਜ ਦੇ ਅਮਰੀਕਾ ਵਿਚ ਕਈ ਥਾਂ ਫਿਰਾਉਂਦੀ ਹੋਈ, ਪਿੱਛੇ ਦੂਰ ਸੱਠ ਵਰ੍ਹੇ ਪਹਿਲਾਂ ਦੇ ਅਮਰੀਕਾ ਵਿਚ ਕੰਟਰੀ ਸਾਈਡ (ਪੇਂਡੂ ਇਲਾਕਾ) ਤੇ ਕਾਲਿਆਂ ਦੀ ਕਾਲੋਨੀ ਵੱਲ ਲੈ ਤੁਰੀ। ਅਣਜਾਣੇ ਮੁਲਕ ਦੇ ਅਣਜਾਣੇ ਜ਼ਮਾਨੇ। ਕਿੱਡੀ ਮੁਸ਼ਕਿਲ ਏ, ਮੇਰੇ ਵਰਗੇ ਬੰਦੇ ਲਈ, ਜੋ ਕਦੇ ਅਮਰੀਕਾ ਗਿਆ ਈ ਨਾ ਹੋਵੇ।

ਪਰ ਹੋਰ ਕੀ ਆਸਾਨ ਸੀ। ਓਸ ਕਹਾਣੀ ਦਾ ਧੰਨ ਜਿਗਰਾ। ਕਹਾਣੀ ਦੀ ਰਾਮ ਦੁਲਾਰੀ ਜੋ ਮੈਨੂੰ ਅਮਰੀਕਾ ਫਿਰਾ ਕੇ ਮੁੜ ਹਿੰਦੁਸਤਾਨ ਲੈ ਆਈ। ਭਾਰਤ ਨਹੀਂ ਉਹ ਹਿੰਦੁਸਤਾਨ ਦਾ ਪੰਜਾਬ ਸੀ, ਉਹ ਜ਼ਮਾਨਾ ਬ੍ਰਿਟਿਸ਼ ਰਾਜ ਦਾ ਸੀ। ਅੱਜ ਤੋਂ ਸੱਠ ਕੁ ਸਾਲ ਪਹਿਲਾਂ ਜਾਰਜ ਕਿ ਐਡਵਰਲਡ, ਸ਼ਿਸ਼ਮ ਕਿ ਹਫਤੰਮ (ਛੇਵਾਂ ਕਿ ਸੱਤਵਾਂ) ਮਲਕਾ, ਵਿਕਟੋਰੀਆ ਦਾ ਕੋਈ ਪੋਤਾ ਸੀ ਤਖ਼ਤ ਉੱਤੇ। ਮੇਰਾ ਮਤਲਬ ਏ ਇੰਗਲਿਸਤਾਨ ਦੇ ਤਖ਼ਤ ਉੱਤੇ ਕੋਹਿਨੂਰ ਹੀਰੇ ਵਾਲਾ ਤਾਜ ਸਿਰ 'ਤੇ ਰੱਖੀ ਬੈਠਾ ਹਕੂਮਤ ਕਰ ਰਿਹਾ ਸੀ। ਬਰਤਾਨੀਆ ਦੀਆਂ ਫੌਜਾਂ ਤੇ ਸਮੁੰਦਰੀ ਬੇੜੇ ਯੂਰਪ ਤੋਂ ਲੈ ਕੇ ਏਸ਼ੀਆ ਤੋੜੀ ਯੂਨੀਅਨ ਜੈਕ ਦਾ ਝੰਡਾ ਲਹਿਰਾ ਕੇ ਦੁਨੀਆਂ ਦੀ ਸੁਪਰਪਾਵਰ ਦਾ ਡੰਕਾ ਵਜਾ ਰਿਹਾ ਸੀ। ਬਰਤਾਨੀਆ ਰਾਜ ਵਾਲੀ ਉਸ ਦੁਨੀਆਂ ਵਿਚ ਸੂਰਜ ਨੂੰ ਹੁਕਮ ਸੀ ਕਿ ਉਹ ਰਾਤ ਨੂੰ ਵੀ ਦਿਨ ਰੱਖੇ। ਓਸ ਜ਼ਮਾਨੇ ਹਿੰਦੁਸਤਾਨ ਵਿਚ ਬੜਾ ਹੀ ਹਨ੍ਹੇਰਾ ਸੀ। ਦਿਨ ਨੂੰ ਦਿਨ ਨਹੀਂ ਸੀ ਚੜ੍ਹਦਾ। ਪਰ ਇਹ ਗੱਲ ਸਿਰਫ਼ ਲੋਕਾਂ ਵਾਸਤੇ ਹੀ ਸੱਚ ਸੀ। ਹਾਕਮਾਂ ਵਾਸਤੇ ਨਹੀਂ।

ਸੱਚ ਝੂਠ, ਹਨ੍ਹੇਰੇ ਚਾਨਣ। ਸਤਯੁੱਗ ਕਲਯੁੱਗ ਦੇ ਓਸ ਹਿੰਦੁਸਤਾਨ ਵਿਚ ਇੱਕ ਪਾਸਪੋਰਟ ਬਣਿਆ। ਹਿੱਜ਼ ਮੈਜਸਟੀ ਦੀ ਕਿੰਗ ਦੀ ਤਸਵੀਰ ਵਾਲੇ ਕਾਗਜ਼, ਇਕ ਹੁਕਮਨਾਮਾ ਵਾਇਸਰਾਏ ਹਿੰਦ ਵਲੋਂ ਜਾਰੀ ਹੋਇਆ। ਉੱਨੀ ਸਾਲ ਦੀ ਉਮਰ ਦਾ ਇੱਕ ਗੱਭਰੂ ਕਿਸਾਨ, ਪੰਦਰਾਂ ਕੁ ਸਾਲ ਦੀ ਵਹੁਟੀ ਲੈ ਕੇ ਅਮਰੀਕਾ ਜਾਣਾ ਚਾਹੁੰਦਾ ਸੀ। ਓਸ ਵੇਲੇ ਦੇ ਹਿਸਾਬ ਨਾਲ ਬਹੁਤੀ ਖਾਸ ਗੱਲ ਵੀ ਨਹੀਂ ਸੀ। ਕਿਉਂ ਜੇ ਉਸ ਥੀਂ ਪਹਿਲਾਂ ਓਸ



ਮੁੰਡੇ ਦਾ ਤਾਇਆ ਤੇ ਦਾਦਾ ਅਮਰੀਕਾ ਜਾ ਚੁੱਕੇ ਸਨ। ਉਥੇ ਵਰਜੀਨੀਆ ਦੇ ਫਾਰਮਾਂ ਉੱਤੇ ਘੋੜਿਆਂ ਨਾਲ ਹਲ ਵਾਹੁੰਦੇ ਹੋਏ ਅੱਗੋਂ ਟਰੈਕਟਰ ਚਲਾਉਣਾ ਵੀ ਸਿੱਖ ਗਏ ਸੀ। ਉਹਨਾਂ ਦੀਆਂ ਚਿੱਠੀਆਂ ਪੱਤਰਾਂ ਤੋਂ ਪਤਾ ਲੱਗਦਾ ਸੀ ਬਈ ਮਿਹਨਤ ਭਾਵੇਂ ਬਹੁਤ ਸਖ਼ਤ ਏ, ਪਰ ਰੱਜਵੀਂ ਰੋਟੀ ਬੜੀ ਲੱਭਦੀ ਏ ਤੇ ਚੋਖੀ ਆਜ਼ਾਦੀ ਵੀ ਹੈ। ਕੋਈ ਮੁਜਾਰਾ ਕਰਜ਼ੇ ਥੱਲੇ ਦੱਬਿਆ ਹੋਇਆ ਨਹੀਂ। ਕਿਸੇ ਨੂੰ ਅਨਾਜ ਉਗਾ ਕੇ ਭੁੱਖਾ ਨਹੀਂ ਮਰਨਾ ਪੈਂਦਾ। ਮਾਲਕਾਂ ਵਲੋਂ ਵੀ ਕੋਈ ਤੰਗੀ ਨਹੀਂ ਦਿੱਤੀ ਜਾਂਦੀ। ਸਾਡੀ ਕਹਾਣੀ ਦੇ ਹੀਰੋ, ਹੀਰੋਇਨ ਅਮਰੀਕਾ ਵਿਚ ਸਾਰੀ ਜਵਾਨੀ, ਵਿਚਕਾਰਲੀ ਉਮਰ ਤੇ ਬੁਢੇਪਾ ਗੁਜ਼ਾਰ ਚੁੱਕੇ ਨੇ। ਉਹਨਾਂ ਨੂੰ ਕੱਖ ਪਤਾ ਨਹੀਂ ਪਿੱਛੇ ਹਿੰਦੁਸਤਾਨ ਵਿਚ ਕੀ ਹੋਇਆ ਤੇ ਕਿਸ ਤਰ੍ਹਾਂ ਹੋਇਆ। ਉਹਨਾਂ ਦਾ ਪਹਿਲਾਂ ਪੁੱਤਰ ਉੱਥੇ ਵਰਜੀਨੀਆ ਦੇ ਕਿਸੇ ਫਾਰਮ 'ਤੇ ਜੰਮਿਆ ਸੀ। ਪਿੱਛੇ ਕੋਈ ਰਿਸ਼ਤੇਦਾਰ ਬਚਿਆ ਨਹੀਂ ਸੀ। ਫੇਰ ਵੀ ਉਹ ਅਮਰੀਕੀ ਨਹੀਂ ਸੀ ਬਣ ਸਕੇ। ਉਹਨਾਂ ਦਾ ਖਾਣ-ਪੀਣ ਹੁਲੀਆ ਓਸੇ ਦੇਸ਼ ਤੋਂ ਏ, ਜਿਸ ਤਰ੍ਹਾਂ ਦੀ ਕਰਨੀ ਵੀ ਕਰਦੀ ਵੀ ਉਸੇ ਤਰ੍ਹਾਂ ਦੀ ਰਹੀ। ਅਖੀਰਲੀ ਉਮਰ ਦੀਆਂ ਟੱਕਰਾਂ ਵੀ ਅਮਰੀਕੀ ਨਹੀਂ। ਹਿੰਦੁਸਤਾਨੀ ਟੱਕਰਾਂ ਰਹੀਆਂ। ਹੁਣ ਕੋਈ ਪੁੱਛੇ, ਸੱਠ ਸਾਲ ਅਮਰੀਕਾ ਵਿਚ ਰਹਿ ਕੇ ਕਦੇ ਵੀ ਪਿੱਛੇ ਨਾ ਪਰਤ ਕੇ ਅਖ਼ੀਰ ਉਹਨਾਂ ਦੀ ਤਕਦੀਰ ਉਹੋ ਕਿਉਂ ਬਣੀ, ਜੋ ਹਿੰਦੁਸਤਾਨੀ ਸਮਾਜ ਦੇ ਗਰੀਬ ਬੁੱਢੇ-ਬੁੱਢੀ ਦੀ ਹੁੰਦੀ ਏ। ਉਂਝ ਗਰੀਬ ਤਾਂ ਉਹ ਸੱਠ ਸਾਲ ਪਹਿਲਾਂ ਹੁੰਦੇ ਸੀ।

ਪਿੱਛੋਂ ਅਮਰੀਕਾ ਜਾ ਕੇ ਉਹਨਾਂ ਦੇ ਦਿਨ ਬਦਲ ਗਏ। ਦੱਬ ਕਮਾਈਆਂ ਕੀਤੀਆਂ ਆਪਣਾ ਮਕਾਨ। ਕਈ ਮੁੰਡੇ ਕੁੜੀਆਂ ਜੰਮ ਪਏ। ਫੇਰ ਅੱਗੋਂ ਪੋਤੇ ਵੀ ਹੋ ਗਏ, ਹਿੰਦੁਸਤਾਨੀ ਸਮਾਜ ਵਿਚ ਦੌਲਤ-ਮੰਦੀ ਤੇ ਬਖਤਾਵਰੀ ਏਸੇ ਨੂੰ ਆਖਿਆ ਜਾਂਦਾ ਏ। ਨਹੀਂ?

ਪਰ ਇੱਕ ਦਿਨ ਅਚਾਨਕ ਉਹਨਾਂ ਨੂੰ ਲੱਗਾ ਕਿ ਉਹ ਲੁੱਟੇ ਗਏ ਨੇ। ਉਹਨਾਂ ਦਾ ਘਰ ਫਾਰਮ, ਮਕਾਨ ਤੇ ਬੈਂਕ ਵਿਚਲੇ ਪੈਸੇ ਸਭ ਕੁਝ ਖੁਸ ਗਿਆ ਹੈ ਤੇ ਉਹ ਘਰੋਂ ਕੱਢੇ ਜਾ ਰਹੇ ਨੇ। ਘਰੋਂ ਨਿਕਲ ਕੇ ਜਾਣਾ ਕਿੱਥੇ? ਮੁੜ ਪਿੱਛੇ। ਬੁੱਢੜੀ ਨੇ ਖੌਰੇ ਕੰਧ ਕੋਲੋਂ ਪੁੱਛਿਆ ਕਿ ਤਕਦੀਰ ਕੋਲੋਂ। ਪਰ ਉਹਦੀ ਕੰਧ ਤੇ ਤਕਦੀਰ ਤਾਂ ਉਹੋ ਇਕ ਬੰਦਾ ਸੀ, ਜਿਹਦੇ ਲੜ ਲੱਗ ਕੇ, ਫੇਰੇ ਲੈ ਕੇ ਪਹਿਲਾਂ ਬਾਪ ਦੀ ਦਹਿਲੀਜ਼ ਟੱਪੀ ਸੀ। ਫੇਰ ਵਰ੍ਹੇ ਕੁ ਪਿੱਛੋਂ, ਪਿੱਛੇ-ਪਿੱਛੇ ਤੁਰਦੀ ਰੇਲ 'ਤੇ ਚੜ੍ਹ ਕੇ ਬੰਬਈ ਅੱਪੜੀ। ਸਮੁੰਦਰੀ ਜਹਾਜ਼ ਦੀਆਂ ਪੌੜੀਆਂ ਚੜ੍ਹਨ ਵੇਲੇ ਉਹ ਬਹੁਤ ਈ ਡਰ ਗਈ ਸੀ। ਏਸੇ ਕਰਕੇ ਪਹਿਲੀ ਵਾਰੀ ਉਹ ਦੁਨੀਆਂ ਦੇ ਸਾਹਮਣੇ ਆਪਣੇ ਪਤੀ ਦੀ ਬਾਂਹ ਨਾਲ ਜਾ ਲੱਗੀ। ਪਹਿਲੀ ਵਾਰ ਈ ਲਾਲਾ ਜੀ ਨੇ ਵੀ ਆਪਣੀ ਚਿੜੀ ਵਰਗੀ ਵਹੁਟੀ ਨੂੰ ਸਹਾਰਾ ਦੇ ਕੇ ਪੌੜੀਆਂ ਚੜ੍ਹਾਈਆਂ। ਏਸ ਥੀਂ ਪਿੱਛੋਂ ਫੇਰ ਸਾਰੇ ਜ਼ਮਾਨੇ ਅੱਗੇ ਪਿੱਛੇ ਟੁਰਨ ਦੇ ਸੀ। ਮੂੰਹ ਤੇ ਘੁੰਡ। ਅੱਖਾਂ ਨੀਵੀਆਂ, ਪਤੀ ਕੋਲੋਂ ਦੋ ਕਦਮ ਪਿੱਛੇ ਰਹਿ ਕੇ ਉਹਦੇ ਮਗਰ ਮਗਰ ਟੁਰਦੀ ਨੂੰ ਇਹ ਦਿਨ ਆ ਗਿਆ। ਪਰ ਅੱਜ ਫਿਰ ਉਹਨੂੰ ਬੜਾ ਈ ਡ਼ਰ ਲੱਗਾ। ਅੱਜ ਉਹਦੇ ਸਾਹਮਣੇ ਕੋਈ ਜਹਾਜ਼ ਵੀ ਨਹੀਂ ਸੀ, ਜੋ ਕਿਸੇ ਨੂੰ ਨਵੀਂ ਦੁਨੀਆ ਵੱਲ ਲੈ ਜਾਊ। ਪੰਦਰਾਂ ਸਾਲਾਂ ਦੀ ਕੁੜੀ ਪੰਝੱਤਰਾਂ ਵਰ੍ਹਿਆਂ ਦੀ

ਬੁੱਢੀ ਬਣ ਚੁੱਕੀ ਸੀ। ਪਰ ਅੰਦਰ ਡਰ ਦਾ ਕਾਂਬਾ ਉਸੇ ਬਾਲੜੀ ਵਰਗਾ ਸੀ। ਅੱਜ ਤਾਂ ਉਹ ਬਾਂਹ ਵੀ ਬੜੀ ਥੱਕੀ ਹੋਈ ਸੀ, ਜਿਹਨੂੰ ਫੜ ਕੇ ਉਹ ਪ੍ਰਦੇਸ ਦੀ ਰਾਹ 'ਤੇ ਟੁਰੀ ਸੀ।

ਅੱਸੀ ਕੁ ਸਾਲ ਦੇ ਕਿਸਾਨ ਨੇ ਅੱਖ ਚੁੱਕ ਕੇ ਵੇਖਿਆ, ਅੱਗੇ ਭਵਿੱਖ ਦੀ ਹਰਿਆਵਲ ਕੋਈ ਨਹੀਂ ਸੀ ਦਿਸਦੀ।

ਪਿੱਛੇ ਬੀਤੇ ਦੇ ਬੰਜਰ ਹੀ ਬੰਜਰ। "ਇਹ ਤਾਂ ਬੜੀ ਬੇਇਨਸਾਫੀ ਏ ਭਾਈ।" ਮੈਂ ਵੱਡੇ ਸ਼ਹਿਰ ਜਾਵਾਂਗਾ। ਗੋਰੇ ਸਦਰ ਕੋਲ ਫਰਿਆਦ ਕਰਾਂਗਾ। ਉਹ ਨੂੰ ਯਾਦ ਆਇਆ। ਹਿੰਦੁਸਤਾਨ ਵਿਚ ਕਿਸ ਤਰ੍ਹਾਂ ਗੋਰਾ ਸਾਹਿਬ ਕਚਹਿਰੀ ਲਾ ਕੇ ਨਿੱਕੇ ਵੱਡੇ ਦਾ ਇਨਸਾਫ ਕਰਦਾ ਸੀ। ਕਿਸੇ ਦੀ ਮਜ਼ਾਲ ਨਹੀਂ ਕੋਈ ਡਾਢਾ ਮਾੜੇ ਨੂੰ ਘਰੋਂ ਕੱਢ ਦੇਵੇ। ਚੱਲ ਚੱਲੀਏ, ਭਲੀਏ ਲੋਕੇ, ਕਿਤੇ ਸ਼ਹਿਰ ਜਾ ਕੇ ਇਨਸਾਫ ਦਾ ਘਰ ਲੱਭੀਏ। ਖਾਵੰਦ ਨੇ ਸਲਾਹ ਕੀਤੀ। ਜ਼ਨਾਨੀ ਨੇ ਗੱਠੜੀ ਬੰਨ੍ਹ ਲਈ। ਆਪਣੀ ਟੂੰਬ ਟਾਕੀ ਪੈਸਿਆਂ ਦੀ ਗੁਥਲੀ ਤੇ ਇਕ ਹੋਰ ਗੁਥਲੀ ਟਰੰਕ ਵਿਚੋਂ ਕੱਢ ਕੇ ਨਾਲ ਰੱਖ ਲਈ।

ਵੱਡੇ ਅਮਰੀਕਾ ਦੇ ਵੱਡੇ ਸ਼ਹਿਰ ਦੀਆਂ ਚੌੜੀਆਂ ਸੜਕਾਂ ਤੇ ਉੱਚੀਆਂ ਇਮਾਰਤਾਂ ਵਿਚਕਾਰ ਉਹ ਦੋਵੇਂ ਬਹੁਤ ਹੀ ਨਿੱਕੇ-ਨਿੱਕੇ, ਡਰੇ ਡਰੇ ਜਾਨਵਰ ਜਿਹੇ ਗੱਡੀਆਂ ਬੱਸਾਂ ਦੀ ਭੀੜ ਵਿਚ ਬੇਬੱਸ ਹੋ ਗਏ ਤਾਂ ਇਕ ਬੱਸ ਸਟਾਪ 'ਤੇ ਸਾਹ ਲੈਣ ਲਈ ਖਲੋ ਗਏ। ਲਾਲਾ ਜੀ ਨੂੰ ਅੰਗ੍ਰੇਜ਼ੀ ਗੁਜ਼ਾਰੇ ਲਾਇਕ ਆਉਂਦੀ ਸੀ। ਪਰ ਕੀਹਦੇ ਕੋਲੋਂ ਪੁੱਛਣ ਤੇ ਕੀ ਪੁੱਛਣ। ਹਰ ਕੋਈ ਰੁੱਝਿਆ, ਬੱਸ ਦੀ ਉਡੀਕ ਵਾਲੇ ਪੰਜ ਮਿੰਟ ਗੁਜ਼ਾਰਨ ਲਈ ਆਪਣੇ ਆਹਰੇ ਲੱਗੇ ਹੋਏ, ਕਿਸੇ ਦੀਆਂ ਅੱਖਾਂ ਅਖਬਾਰ 'ਤੇ ਗੱਡੀਆਂ ਹੋਈਆਂ। ਕਿਸੇ ਦੀਆਂ ਗਰਲ-ਫਰੈਂਡ ਦੇ ਮੂੰਹ 'ਤੇ ਲੱਗੀਆਂ। ਕਿਸੇ ਦੇ ਬੁੱਲ੍ਹ ਸਿਗਰਟ ਨਾਲ ਸੀਤੇ ਹੋਏ, ਕਿਸੇ ਦੇ ਕੁੜੀ ਦੇ ਬੁੱਲ੍ਹਾਂ ਨਾਲ ਗੋਂਦੇ ਹੋਏ।

"ਪਾਣੀ ਪੀਣਾ ਏ।" ਜ਼ਨਾਨੀ ਦੀ ਆਵਾਜ਼ ਸੁਣ ਕੇ ਲਾਲਾ ਜੀ ਨੂੰ ਲੱਗਾ, ਜਿਵੇਂ ਉਹ ਆਪ ਵੀ ਧੁਰ ਦਾ ਪਿਆਸਾ ਹੋਵੇ। ਚੰਗਾ ਤੂੰ ਇੱਥੇ ਖਲੋ, ਮੈਂ ਪਾਣੀ ਦੀ ਬੋਤਲ ਲਿਆਉਂਦਾ। ਪਾਣੀ ਦੀ ਥਾਂ ਲੱਭਦਾ-ਲੱਭਦਾ ਵਿਚਾਰਾ ਪ੍ਰਦੇਸੀ, ਉਹ ਥਾਂ ਵੀ ਭੁੱਲ ਗਿਆ, ਜਿੱਥੇ ਜੀਵਨ ਸਾਥਣ ਨੂੰ ਛੱਡ ਕੇ ਗਿਆ ਸੀ। ਹੁਣ ਉਹਨਾਂ ਦੀ ਹਾਲਤ ਬਹੁਤ ਬੁਰੀ ਸੀ। ਕੱਲੇ ਕੱਲੇ ਪ੍ਰੇਸ਼ਾਨ ਇਕ-ਦੂਜੇ ਨੂੰ ਲੱਭ ਰਹੇ ਸਨ। ਜ਼ਨਾਨੀ ਤਾਂ ਉਸੇ ਥਾਂ ਗੱਡੀ ਖੜੀ ਸੀ। ਅੱਖਾਂ ਵਿਚ ਅੱਥਰੂ, ਦਿਲ ਕੰਬ ਰਿਹਾ ਸੀ। ਮੁਸ਼ਕਿਲ ਨਾਲ ਆਵਾਜ਼ ਕੱਢਦੀ, ਲਾਲਾ ਜੀ, ਲਾਲਾ ਜੀ, ਫੇਰ ਆਸ ਪਾਸ ਵਾਲਿਆਂ ਦੀ ਮਿੰਨਤ ਕੀਤੀ। ਹੈਲਪ, ਹੈਲਪ, ਕਰੋ ਜੀ।

ਹੈਲਪ (ਸਹਾਇਤਾ) ਕਰਨ ਵਾਲੇ ਆ ਗਏ, ਤਾਂ ਅੱਗੋਂ ਵੀ ਮੁਸ਼ਕਿਲ। ਇੱਕ ਲਫਜ਼ ਹਸਬੈਂਡ ਲੋਸਟ (ਪਤੀ ਗਵਾਚ ਗਿਆ) ਹੋਰ ਕੰਮ ਆ ਗਿਆ। ਪਰ ਜਦੋਂ ਉਹਨਾਂ ਓਸ ਹਸਬੈਂਡ ਦਾ ਨਾਂ ਪੁੱਛਿਆ ਤਾਂ ਬੜੀ ਮੁਸ਼ਕਿਲ ਬਣੀ। ਹਿੰਦੁਸਤਾਨੀ ਔਰਤ ਪੁਰਾਣੇ ਵੇਲਿਆਂ ਦੀ। ਆਪਣੇ ਸਿਰਤਾਜ ਦਾ ਨਾਂ ਕਿਵੇਂ ਲੈ ਸਕਦੀ ਸੀ। ਏਸ ਗੱਲ ਨੂੰ ਗੋਰੇ ਸਮਝ ਵੀ ਨਹੀਂ ਸੀ ਸਕਦੇ। ਤਾਹੀਓਂ ਇਕ ਸਮਝਣ ਵਾਲਾ ਵੀ ਆ ਗਿਆ। ਕੋਈ ਹਿੰਦੁਸਤਾਨੀ



ਸੀ ਜਾਂ ਪਾਕਿਸਤਾਨੀ ਸੀ। ਉਸਨੇ ਮਾਈ ਨੂੰ ਕਿਹਾ, ਕੋਈ ਕਾਗਜ਼ ਪੱਤਰ ਹੋਵੇ ਤਾਂ ਵਿਖਾ ਦਿਓ। ਨਾਂ ਵੀ ਪਤਾ ਹੋਵੇ ਤਾਂ ਬੰਦਾ ਲੱਭਣਾ ਆਸਾਨ ਹੋ ਜਾਊ।

ਹੁਣ ਮਾਈ ਨੇ ਆਪਣੇ ਕੰਬਦੇ ਹੱਥਾਂ ਨਾਲ ਪੁਰਾਣੇ ਵੇਲਿਆਂ ਦੀ ਅਟੈਚੀ ਖੋਲ੍ਹੀ। ਅੰਦਰੋਂ ਇਕ ਗਠੜੀ ਵਿਚੋਂ ਗੁਥਲੀ ਕੱਢ ਕੇ ਪਾਸਪੋਰਟ ਦਾ ਕਾਗਜ਼ ਖਿੱਚ ਲਿਆ। ਪਹਿਲਾ ਕਾਗਜ਼ ਹਿਜ਼ ਮੈਜਸਟੀ ਦੀ ਕਿੰਗ ਜਾਰਜ ਸ਼ਿਸਮ (ਛੇਵਾਂ) ਦੀ ਮੋਹਰ ਸੀ। ਇੱਕ ਗੱਭਰੂ ਜਵਾਨ ਪੇਂਡੂ ਜਿਹੇ ਬੰਦੇ ਦੀ ਤਸਵੀਰ। ਥੱਲੇ ਨਾਂ, ਪਿੰਡ ਦਾ ਨਾਂ, ਜਾਤ, ਗੋਤ, ਨਿਸ਼ਾਨ, ਗਵਾਹ, ਹਿਸਟਰੀ ਦਾ ਇੱਕ ਪੰਨਾ। ਅੱਜ ਕਿਸ ਦਾ ਸੀ। ਗਵਾਚੇ ਬੰਦੇ ਨੂੰ ਲੱਭਣ ਵਿਚ ਮਦਦ ਨਹੀਂ ਕਰ ਸਕਦਾ। ਅਮਰੀਕਾ ਵਿਚ ਗਵਾਚਿਆਂ ਨੂੰ ਲੱਭਣ ਦਾ ਚੰਗਾ ਸਿਸਟਮ ਹੈਗਾ ਏ। ਪਰ ਓਸ ਸਿਸਟਮ ਨੂੰ ਬਹੁਤ ਖੇਚਲ ਈ ਨਾ ਕਰਨੀ ਪਈ। ਰਾਮ ਰੱਖਾ ਦੇ ਹੁਲੀਏ ਦਾ ਇੱਕੋ ਈ ਤਾਂ ਬੰਦਾ ਸੀ ਓਸ ਇਲਾਕੇ ਵਿਚ। ਫੇਰ ਉਹ ਗਵਾਚਾ ਜੀ ਆਪਣੀ ਗਵਾਚੀ ਬੁੱਢੀ ਨੂੰ ਲੱਭਦਾ ਏਸ ਗੱਲ ਦਾ ਪੂਰਾ ਧਿਆਨ ਰੱਖ ਰਿਹਾ ਸੀ ਕਿ ਪਈ ਕਿਤੇ ਦੂਰ ਨਾ ਨਿਕਲ ਜਾਵੇ। ਉਧਰ ਸੀਤਾ ਦੇਵੀ ਲਛਮਣ ਰੇਖਾ 'ਤੇ ਜੰਮ ਕੇ ਖੜ੍ਹੀ ਸੀ। ਦਸਾਂ ਕੁ ਮਿੰਟਾਂ ਪਿਛੋਂ ਉਹ ਦੋਵੇਂ ਇਕ ਦੂਜੇ ਦੇ ਅੱਥਰੂ ਪੂੰਝ ਰਹੇ ਸੀ। ਅੱਧੇ ਘੰਟੇ ਦੀ ਜੁਦਾਈ ਸਦੀ ਬਰੋਬਰ ਲੱਗੀ। ਪਰ ਏਸ ਵਿਛੋੜੇ ਪਿੱਛੋਂ ਮਿਲਣ ਦਾ ਮੁੱਲ........। ਤੁਸੀਂ ਕਿੱਥੋਂ ਆਏ ਹੋ। ਕਿੱਥੇ ਜਾਣਾ ਏ। ਵਿਛੜ ਕਿਵੇਂ ਗਏ? ਅਮਰੀਕੀ ਵੈੱਲਫੇਅਰ ਸਿਸਟਮ ਦੀ ਮਦਦਗਾਰ ਇਨਕੁਆਰੀ ਸ਼ੁਰੂ ਹੋਈ ਤਾਂ ਉਹ ਕਹਾਣੀ ਨਿਕਲੀ ਜੋ ਨਿਊਯਾਰਕ ਨੇ ਛਾਪੀ, ਇੰਡੀਅਨ ਐਕਸਪ੍ਰੈੱਸ ਨੇ ਲਿਫਟ ਕੀਤੀ ਤੇ ਮੈਂ ਜਲੰਧਰ ਦੇ ਸਕਾਈਲਾਰਕ ਹੋਟਲ ਦੇ ਕਮਰੇ ਦੀ ਖਿੜਕੀ 'ਚੋਂ ਆਉਂਦੀ ਮਾਘ ਦੀ ਧੁੱਪ ਸੇਕਦੀ ਨੇ ਪੜ੍ਹੀ। ਅਜਬ ਅਹਿਸਾਸ ਬਣਿਆ। ਪ੍ਰਦੇਸੋਂ ਆਈ, ਦੇਸ ਦੇ ਲੋਕਾਂ ਦੀ ਕਹਾਣੀ ਮੈਂ ਪ੍ਰਦੇਸ ਵਿਚ ਪੜ੍ਹੀ ਤਾਂ ਲੱਗਾ ਕਹਾਣੀ ਦੇ ਦੋਹਾਂ ਕਿਰਦਾਰਾਂ ਨਾਲ ਮੇਰਾ ਜੀਵਨ ਜਨਮ ਦਾ ਰਿਸ਼ਤਾ ਏ। ਦੇਸ ਦਾ ਪ੍ਰਦੇਸ ਦਾ ਰਿਸ਼ਤਾ। ਖੌਰੇ ਕੋਈ ਹੋਰ ਨਾਤਾ, ਕੋਈ ਰਿਸ਼ਤਾ ਈ ਤਾਂ ਹੈ ਜਿਹਨੇ ਕਹਾਣੀ ਬੁਣ ਦਿੱਤੀ। ਨਹੀਂ ਤਾਂ ਗੱਲ ਏਨੀ ਕੁ ਸੀ ਪਈ ਹਿੰਦੁਸਤਾਨ ਦੇ ਰਾਮ ਰੱਖਾ ਤੇ ਰਾਮ ਦੁਲਾਰੀ ਨੇ ਸੱਠ ਸਾਲ ਪਹਿਲਾਂ ਵਰਜੀਨੀਆ ਜਾ ਕੇ ਫਸਲਾਂ ਉਗਾਈਆਂ, ਬੱਚੇ ਜੰਮੇ, ਪਾਲੇ ਵਿਆਹੇ। ਕੰਮਾਂ ਕਾਰਾਂ 'ਤੇ ਲਾਏ, ਜੁਦੇ ਕਰ ਦਿੱਤੇ। ਫੇਰ ਜਦੋਂ ਪੋਤਿਆਂ ਦੀ ਨਸਲ ਜਵਾਨ ਹੋਈ ਤਾਂ ਇੱਕ ਪੋਤਾ ਬਹੁਤਾ ਹੀ ਪਿਆਰਾ ਹੋ ਗਿਆ। ਅਸਲ ਵਿਚ ਉਹਨੂੰ ਮਾਪਿਆਂ ਨੇ ਘਰੋਂ ਕੱਢ ਦਿੱਤਾ ਸੀ। ਦਾਦੇ ਦਾਦੀ ਨੂੰ ਦਇਆ ਆਈ। ਉਹਨਾਂ ਦਿਲਾਸਾ ਦਿੱਤਾ। ਆਪਣੇ ਕੋਲ ਜੋ ਕੁਝ ਹੈ ਸੀ, ਉਹ ਸਾਰਾ ਈ ਦੇ ਦਿੱਤਾ। ਮਤਾ ਮੁੰਡੇ ਦਾ ਦਿਲ ਹਲਕਾ ਨਾ ਹੋਵੇ। ਫਾਰਮ, ਮਕਾਨ ਤੇ ਬੈਂਕ ਦੀ ਕਾਪੀ ਸਭ ਕੁਝ ਦੇ ਕੇ ਆਖਿਆ, "ਸਾਡਾ ਤਾਂ ਅਖੀਰਲਾ ਪਹਿਰਾ ਏ ਕਾਕਾ। ਬੱਸ ਦੋ ਰੋਟੀਆਂ ਚਾਹੀਦੀਆਂ ਨੇ। ਰਾਮ ਨਾਮ ਜਪਦਿਆਂ, ਵੇਲਾ ਬੀਤ ਜਾਵੇਗਾ। ਅੰਤ ਸਮੇਂ ਸਾਰਿਆਂ ਨੂੰ ਸੱਦੀਂ। ਅਖੀਰੀ ਰਸਮ ਕਰਵਾਈਂ। ਪਰ ਮੁੰਡੇ ਨੇ ਇਹ ਗੱਲ ਤਾਂ ਸੁਣੀ ਨਾ। ਆਪਣੇ ਖੇਲ ਲੱਗ ਗਿਆ।

ਥੋੜ੍ਹੇ ਦਿਨਾਂ ਪਿੱਛੋਂ ਅਮਰੀਕਨ ਕੁੜੀ ਵਿਆਹ ਲਿਆਇਆ। ਤੇਜ਼ ਤਰਾਰ ਸ਼ਹਿਰੀ ? ਫਾਰਮ 'ਤੇ ਕਿਵੇਂ ਰਹਿੰਦੀ। ਨਿਊਯਾਰਕ ਦੇ ਮਜ਼ੇ ਕਿਉਂ ਨਾ ਲੈਂਦੀ? ਦਾਦੇ ਦਾਦੀ ਨੂੰ ਪਤਾ ਈ ਨਾ ਲੱਗਾ। ਫਾਰਮ ਵਿਕ ਗਿਆ। ਗੱਲ ਠੀਕ ਸੀਗੀ। ਹੁਣ ਉਹ ਮਾਲਕ ਨਹੀਂ ਸਨ, ਮਾਲਕ ਨੇ ਵੇਚ ਦਿੱਤਾ। ਓਸ ਵੇਲੇ ਜਦੋਂ ਦੋਹਾਂ ਬੁਢੜਿਆਂ ਨੂੰ ਫਾਰਮ ਹਾਊਸ ਖਾਲੀ ਕਰਨ ਦਾ ਨੋਟਿਸ ਮਿਲਿਆ। ਉਹਨਾਂ ਦਾ ਪੋਤਾ ਕਿਤੇ ਦੂਰ ਸ਼ਹਿਰ ਵਿਚ ਹੋਟਲ ਖਰੀਦ ਰਿਹਾ ਸੀ। ਏਥੇ ਹੋ ਸਕਦਾ ਤੁਹਾਨੂੰ ਲੱਗੇ ਗੱਲ ਮੁੱਕ ਗਈ। ਮੈਨੂੰ ਵੀ ਏਸ ਤਰ੍ਹਾਂ ਲੱਗਾ ਸੀ। ਪਰ ਨਹੀਂ ਕਹਾਣੀ ਦਾ ਪੰਧ ਅਜੇ ਰਹਿੰਦਾ ਏ। ਉਹ ਵੇਖੋ ਹੌਲ਼ੀ ਹੌਲ਼ੀ ਤੁਰੀ ਜਾ ਰਹੀ ਏ। ਰਾਮ ਦੁਲਾਰੀ ਲਾਲਾ ਜੀ ਦੇ ਮਗਰ-ਮਗਰ। ਕਿੱਥੇ ਜਾਵਾਂਗੇ ਦੋਵੇਂ? ਹੁਣ ਉਹਨਾਂ ਦਾ ਦੇਸ ਕੋਈ ਨਹੀਂ ਰਿਹਾ। ਲੋਕਾਂ ਨੇ ਚੰਗੀ ਤਰ੍ਹਾਂ ਸਮਝਾ ਦਿੱਤਾ। ਪਈ ਅਮਰੀਕਾ ਦਾ ਸਦਰ ਇਸ ਮਾਮਲੇ ਵਿਚ ਕੁਝ ਵੀ ਨਹੀਂ ਕਰ ਸਕਦਾ। ਅਮਰੀਕੀ ਸਮਾਜ ਵਿਚ ਏਸ ਤਰ੍ਹਾਂ ਦੇ ਪੁੱਤ ਪੋਤਿਆਂ ਨੂੰ ਲਾਹਣ-ਤਾਣ ਕਰਨ ਦਾ ਵੀ ਕੋਈ ਰਿਵਾਜ ਨਹੀਂ।

ਪਰ ਸਭ ਤੋਂ ਮਾੜੀ ਗੱਲ ਜੋ ਉਹਨਾਂ ਦੋਹਾਂ ਦੇ ਹੱਕ ਵਿਚ ਇੰਝ ਹੋ ਗਈ, ਉਹ ਇਹ ਪਤਾ ਲੱਗਣਾ ਏ ਪਈ ਉਹਨਾਂ ਦਾ ਪਾਸਪੋਰਟ ਆਊਟ ਡੇਟ ਹੋ ਗਿਆ ਏ। ਹਿਜ਼ ਮੇਜੈਸਟੀ ਦੀ ਕਿੰਗ ਜਾਰਜ ਸ਼ਿਸ਼ਮ (ਛੇਵੇਂ) ਦੀ ਤਸਵੀਰ ਵਾਲਾ ਕਾਗਜ਼ ਜੀਹਦੇ ਉੱਤੇ ਉਹਨਾਂ ਦੇ ਪਿੰਡ ਦਾ ਨਾਂ ਅਤੇ ਡਾਕਖਾਨਾ, ਤਹਿਸੀਲ ਜ਼ਿਲਾ ਸਮਝੋ ਸਭ ਕੁਝ ਦਰਜ ਏ, ਆਖਰੀ ਜਗੀਰ ਹੁਣ ਉਹਨਾਂ ਕੋਲੋਂ ਆਪ ਵਕਤ ਦੇ ਪੋਤੇ ਨੇ ਖੋਹ ਲਈ। ਵਕਤ ਜੋ ਬਦਲ ਕੇ ਵੀ ਬਦਲ ਗਿਆ ਸੀ।

ਹੁਣ ਬਿਨਾਂ ਪਾਸਪੋਰਟ ਕਹਾਣੀ ਦੇ ਜਾਣਾ ਵੀ ਕਿੱਥੇ ਏ?


**ਹਰਭਜਨ ਸਿੰਘ ਹੁੰਦਲ**

ਦੀਆਂ ਦੋ ਨਵੀਆਂ ਛਪੀਆਂ ਵਾਰਤਕ ਪੁਸਤਕਾਂ

**ਪਿੰਡਾਂ ਵਿਚੋਂ ਪਿੰਡ ਸੁਣੀਂਦਾ**

ਪੰਨੇ 136 ਮੁੱਲ 150/-

**ਕਵਿਤਾ ਦੇ ਰੂਬਰੂ** (ਕਾਵਿ ਆਲੋਚਨਾ)

ਪੰਨੇ 155 ਮੁੱਲ 150/-

**ਮਨਪ੍ਰੀਤ ਪ੍ਰਕਾਸ਼ਨ**

16/16 ਗੀਤਾ ਕਾਲੋਨੀ ਪਹਿਲੀ ਮੰਜ਼ਿਲ ਦਿੱਲੀ-31




ਯਾਦਾਂ ('ਅੱਕ ਦਾ ਦੁੱਧ' ਸ੍ਵੈ-ਜੀਵਨੀ ਵਿਚੋਂ)

# ਅਣਖ ਦੇ ਬੀਜ

**ਅਤਰਜੀਤ**

ਕੁਝ ਵੀ ਪੂਰਵ ਲਿਖਿਆ ਨਹੀਂ। ਨਾ ਹੀ ਕਿਸੇ ਦਾ ਜਨਮ-ਮਰਨ ਕਿਸੇ ਪੂਰਵ ਕਰਮਫਲ 'ਤੇ ਆਧਾਰਤ ਹੁੰਦਾ ਹੈ। ਜ਼ਰਖੇਜ਼ ਅਤੇ ਵੱਤਰ ਆਈ ਜ਼ਮੀਨ 'ਤੇ ਡਿੱਗੇ ਬੀਜ ਨੇ ਪੁੰਗਰਨਾ ਹੀ ਹੁੰਦਾ ਹੈ। ਕਿਸੇ ਵਿਅਕਤੀ ਦਾ ਸੁਭਾਅ ਪਿਤਰੀ ਗੁਣਾਂ ਦੀ ਆਧਾਰਸ਼ਿਲਾ 'ਤੇ ਸਿਰਫ਼ ਇਸ ਕਰਕੇ ਟਿਕਦਾ ਬਣਦਾ ਹੈ ਕਿਉਂਕਿ ਮਾਪੇ ਹੀ ਬੱਚੇ ਨੂੰ ਵਿਗਸਣ ਲਈ ਮਾਹੌਲ ਪ੍ਰਦਾਨ ਕਰਦੇ ਹਨ। ਜੇਕਰ ਬਾਲ ਉਸਦੇ ਜਣਨਹਾਰਿਆਂ ਤੋਂ ਨਿਖੇੜ ਕੇ ਹੋਰ ਤਰ੍ਹਾਂ ਦੇ ਪਾਲਣਹਾਰਿਆਂ ਦੇ ਹਵਾਲੇ ਕਰ ਦਿੱਤਾ ਜਾਵੇ ਤਾਂ ਉਸਦਾ ਸੁਭਾਅ ਜਣਨਹਾਰਿਆਂ ਦੇ ਸੁਭਾਅ ਤੋਂ ਅਲਹਿਦਾ ਹੋਵੇਗਾ।

ਮੇਰੇ ਜਣਨਹਾਰੇ ਆਮ ਅਛੂਤ ਪਰਿਵਾਰਾਂ ਨਾਲੋਂ ਕੁਝ ਵੱਖਰੀ ਮਿੱਟੀ ਦੇ ਬਣੇ ਹੋਏ ਸਨ। ਪਰਿਵਾਰ ਦਾ ਇਤਿਹਾਸ ਆਮ ਵਿਹੜੇ ਤੇ ਪਰਿਵਾਰਾਂ ਨਾਲੋਂ ਕੁਝ ਵੱਖਰੀ ਭਾਂਤ ਦਾ ਸੀ। ਕਈ ਪੀੜ੍ਹੀਆਂ ਤੋਂ ਘਰ ਵਿਚ ਸਿੱਖੀ ਵਾਲਾ ਮਾਹੌਲ ਸੀ। ਮੈਨੂੰ ਦੱਸਿਆ ਗਿਆ ਕਿ ਜਦੋਂ ਮੇਰਾ ਜਨਮ ਹੋਇਆ ਮੇਰੇ ਤਾਲੂਏ ਨਾਲ ਗੁੜ, ਸ਼ਹਿਦ ਜਾਂ ਦੁੱਧ ਦੀ ਭਿੱਜੀ ਲੀਰ ਨਹੀਂ ਲਾਈ ਗਈ। ਬਾਬੇ ਦਾ ਹੁਕਮ ਸੀ ਕਿ ਬਾਲ ਨੂੰ ਗੁੜ ਜਾਂ ਸ਼ਹਿਦ ਦੀ ਗੁੜ੍ਹਤੀ ਨਹੀਂ ਦੇਣੀ। ਬਜ਼ੁਰਗਾਂ ਨੂੰ ਖੇਤੋਂ ਬੁਲਾਇਆ ਗਿਆ। ਸਕੇ ਪਰਿਵਾਰਾਂ ਦੇ ਪੰਜ ਜੀਆਂ ਨੇ ਅਸ਼ਨਾਨ ਸੋਧ ਕੇ ਸ਼ੁੱਧ ਜਲ ਖੂਹ ਤੋਂ ਲਿਆਂਦਾ। ਮੇਰੀ ਦਾਦੀ ਪਤਾਸੇ ਲੈ ਕੇ ਆਈ। ਕੌਲੀ ਕੁ ਜਿੱਡਾ ਬਾਟਾ ਤੇ ਢਾਈ ਤਿੰਨ ਇੰਚ ਦਾ ਖੰਡਾ ਆਪਣੀ ਸੁਰਤ ਵਿਚ ਮੈਂ ਘਰ ਪਿਆ ਵੇਖਦਾ ਰਿਹਾ। ਪੰਜ ਸਿੰਘਾਂ ਨੇ ਅੰਮ੍ਰਿਤ ਦੀ ਘੁੱਟੀ ਮੇਰੇ ਮੂੰਹ ਵਿਚ ਪਾਈ ਸੀ। ਸਾਡੇ ਸਾਰੇ ਹੀ ਬਜ਼ੁਰਗਾਂ ਨੇ ਵਿੱਦਿਆ ਦੇ ਸੋਮੇ ਮਸਤੂਆਣੇ ਵਾਲੇ ਸੰਤ ਬਾਬਾ ਅਤਰ ਸਿੰਘ ਪਾਸੋਂ ਅੰਮ੍ਰਿਤ ਛਕਿਆ ਸੀ। ਘਰ ਦੇ ਸ੍ਰੋਤਾਂ ਮੁਤਾਬਿਕ ਪਿੰਡ ਦਾ ਜਗੀਰਦਾਰ ਗੁਰਬਖਸ਼ ਸਿੰਘ ਸੀ। ਆਜ਼ਾਦੀ ਦਾ ਉਭਾਰ ਸਿਖਰ 'ਤੇ ਸੀ। ਕਮਿਊਨਿਸਟ ਵਿਚਾਰਧਾਰਾ ਦੀਆਂ ਜੜ੍ਹਾਂ ਪੰਜਾਬ ਵਿਚ ਵੀ ਲੱਗ ਚੁੱਕੀਆਂ ਸਨ। ਸੰਤ ਅਤਰ ਸਿੰਘ ਦੀ ਪ੍ਰੇਰਨਾ ਨਾਲ ਗੁਰਬਖਸ਼ ਸਿੰਘ ਨੇ ਕਰੀਬ ਦੋ ਸੌ ਮਜ਼ਬੀ ਰਾਮਦਾਸੀਏ ਅੰਮ੍ਰਿਤਧਾਰੀ ਸਜਵਾਏ ਤਾਂ ਜੋ ਗਰੀਬ ਗੁਰਬਾ ਕਮਿਊਨਿਸਟਾਂ ਦੇ ਪ੍ਰਭਾਵ ਹੇਠ ਆ ਕੇ ਲੋਕਾਂ ਨੂੰ ਜਗੀਰਦਾਰਾਂ, ਸਾਮੰਤਾਂ ਦਾ ਵਿਰੋਧੀ ਨਾ ਬਣਾ ਜਾਵੇ। ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿਚ ਪੰਜਾਬ ਵਿਚ ਨਵਾਂ ਤਿਲੰਗਾਨਾ ਬਣਨ ਦੀਆਂ ਸੰਭਾਵਨਾਵਾਂ ਸਨ। ਰਾਜਿਆਂ ਮਹਾਰਾਜਿਆਂ ਦੇ ਇਹ ਸਾਮੰਤ ਜਗੀਰਦਾਰ ਥੰਮ੍ਹ ਸਨ। ਸੋਵੀਅਤ ਰੂਸ ਵਿਚ ਸਮਾਜਵਾਦੀ ਇਨਕਲਾਬ ਹੋ ਚੁੱਕਾ ਸੀ, ਜਿਸ ਦਾ ਵਿਰੋਧ ਕਰਨਾ ਜ਼ਰੂਰੀ ਸੀ। ਨਿੱਕੇ ਹੁੰਦਿਆਂ ਆਪਣੇ ਬਾਬਾ ਚੰਨਣ ਸਿੰਘ ਦੇ ਮੂੰਹੋਂ ਮੈਂ ਇਹ ਬੋਲ ਅਕਸਰ ਸੁਣਦਾ ਰਿਹਾ।

'ਰੂਸ ਪੰਜਾਬ ਆਵੇ, ਟਕੇ ਸੇਰ ਅੰਨ ਵਿਕਾਵੇ' ਤੇ ਕਮਿਊਨਿਸਟ ਜਿਹੜੇ ਕੌਮ ਨੂੰ ਨਸ਼ਟ ਕਰਦੇ ਹਨ। ਕੀ ਇਹ ਵਿਚਾਰ ਮੇਰੇ ਬਾਬੇ ਦੇ ਆਪਣੇ ਸਨ? ਬਿਲਕੁਲ ਨਹੀਂ। ਗੁਰਬਖਸ਼ ਸਿੰਘ ਨੇ ਜੋ ਭਿੱਤੀ ਉਸਨੂੰ ਪੜ੍ਹਾ ਦਿੱਤੀ ਹੋਈ ਸੀ, ਮੇਰਾ ਬਾਬਾ ਬੋਲੀ ਜਾਂਦਾ ਸੀ। ਬਾਈ ਤੇਈ ਸਾਲ ਦੀ ਉਮਰ ਤੱਕ ਮੈਂ ਵੀ ਕਮਿਊਨਿਸਟ (ਸਾਂਝੀਵਾਲ) ਸ਼ਬਦ ਨੂੰ ਕੌਮਨਸ਼ਟ ਹੀ ਉਚਾਰਦਾ ਤੇ ਸਮਝਦਾ ਰਿਹਾ।

ਪਿੰਡ ਵਿਚ ਕਮਿਊਨਿਸਟ ਕਾਨਫਰੰਸਾਂ ਕਰਦੇ। ਲੋਕ ਉਨ੍ਹਾਂ ਨੂੰ ਸੁਣਨ ਨਹੀਂ ਸੀ ਜਾਂਦੇ। ਮੇਰੇ ਨਾਲੋਂ ਕਈ ਜਮਾਤਾਂ ਅੱਗੇ ਪੜ੍ਹਦਾ ਕਰਤਾਰ ਸਿੰਘ ਕਮਿਊਨਿਸਟਾਂ 'ਚ ਸ਼ਾਮਲ ਹੋ ਗਿਆ ਸੀ। ਦਿਨ ਵੇਲੇ ਕਦੀ ਵੀ ਪੰਜ ਤੋਂ ਵੱਧ ਬੰਦੇ ਇਕੱਠੇ ਨਾ ਹੁੰਦੇ ਪਰ ਜਦੋਂ ਰਾਤ ਨੂੰ ਡਰਾਮੇ ਹੋਣੇ ਹੁੰਦੇ ਤਾਂ ਸਾਡੇ ਵਰਗੀ ਮੁਡੀਹਰ ਤੋਂ ਲੈ ਕੇ ਸੱਤਰਿਆਂ-ਬਹੱਤਰਿਆਂ ਤੱਕ ਬਹੁਤ ਲੋਕ ਆਉਂਦੇ। ਕੋਈ ਮੁੰਡਾ ਹੀ ਕੁੜੀ ਦੇ ਕੱਪੜੇ ਪਾ ਕੇ ਭੂਮਿਕਾ ਅਦਾ ਕਰਦਾ। ਇਹ ਸਭ ਕੁਝ ਹਵਾਈ ਜਹਾਜ਼ ਵਾਂਗ ਲੋਕਾਂ ਦੇ ਸਿਰਾਂ ਤੋਂ ਲੰਘ ਜਾਂਦਾ। ਲੋਕ ਹਾ-ਹਾ, ਹੀ-ਹੀ ਕਰਕੇ ਘਰੀਂ ਵੜ ਜਾਂਦੇ ਤੇ ਕਾਮਰੇਡ ਦਫ਼ਤਰਾਂ ਵਿਚ।

ਮੇਰੇ ਬਾਪੂ ਦੇ ਕਾਤਲਾਂ ਨੂੰ ਉਮਰ ਕੈਦ ਤਾਂ ਹੋ ਗਈ ਪਰ ਪਤਾ ਨਹੀਂ, ਉਹ ਪੈਪਸੂ ਦਾ ਕਿਹੋ ਜਿਹਾ ਰਾਜ ਸੀ ਤੇ ਕਾਨੂੰਨ? ਕਾਤਲ ਬਰੀ ਹੋ ਕੇ ਪਿੰਡ ਆ ਕੇ ਬੜ੍ਹਕਾਂ ਮਾਰਨ ਲੱਗੇ। ਮੇਰਾ ਤਾਇਆ ਡੱਬ ਵਿਚ ਬਾਰਾਂ ਬੋਰ ਦਾ ਪਿਸਤੌਲ ਟੰਗੀ ਮੇਰੇ ਬਾਪੂ ਦੇ ਕਾਤਲਾਂ, ਖਾਸ ਕਰਕੇ ਉਸਦੀ ਗਿੱਚੀ ਵਿਚ ਗੋਲੀ ਮਾਰਨ ਵਾਲੇ ਘੁੱਟੂ ਨੂੰ ਭਾਲਦਾ ਰਹਿੰਦਾ। ਜੱਟ ਵੈਲੀਆਂ ਨੇ ਗਵਾਹ ਨੂੰ ਡਰਾ ਕੇ ਮੁਕਰਾ ਦਿੱਤਾ ਸੀ, ਪਰ ਦੂਜੀ ਵਾਰ ਕਾਤਲਾਂ ਨੇ ਉਸਨੂੰ ਲਾਸ਼ ਬਾਹਰ ਸਿਟਾ ਕੇ ਆਉਣ ਨੂੰ ਕਿਹਾ ਸੀ ਪਰ ਉਹ ਰੋਟੀਆਂ ਸੀਰੀਆਂ ਦੇ ਘਰ ਰੱਖ ਕੇ ਆਉਣ ਦਾ ਬਹਾਨਾ ਲਾ ਕੇ ਕੋਠੀਂ ਭੱਜ ਗਿਆ ਸੀ ਤੇ ਗੁਰਨਾਮੇ ਲੰਬੜਦਾਰ ਨੂੰ ਇਤਲਾਹ ਕਰ ਦਿੱਤੀ ਸੀ। ਗਵਾਹੀ ਮੁਕਰਨ ਬਾਰੇ ਕੀ ਪਤਾ ਕਿਧਰੋਂ-ਕਿਧਰੋਂ ਕੀ-ਕੀ ਦਬਾਅ ਪਿਆ ਹੋਵੇਗਾ। ਸਾਡੇ ਘਰਦਿਆਂ ਨੇ ਉਸਨੂੰ ਕਿਸੇ ਪਿੰਡੋਂ ਲੱਭ ਲਿਆ। ਕਿਸੇ ਸਰਦਾਰ ਦੇ ਕੰਮ 'ਤੇ ਲੱਗ ਗਿਆ ਸੀ ਪਰ ਸਰਦਾਰਨੀ ਦੇ ਅੰਦਰ ਇਨਸਾਨੀਅਤ ਦੀ ਕੋਈ ਮਹਿਕ ਸੀ। ਉਸਦੀ ਪ੍ਰੇਰਨਾ, ਧਿਤਕਾਰ ਤੇ ਹੱਲਾਸ਼ੇਰੀ ਨੇ ਭੱਲੇ ਮਜ਼ਬੀ ਨੂੰ ਕਾਇਮ ਕਰ ਕੇ ਦੁਬਾਰਾ ਗਵਾਹੀ ਦਿਵਾਈ ਸੀ। ਲੋਕਾਂ ਵਿਚ ਵੀ ਚੰਗਿਆਈ ਦਾ ਨਾਸ਼ ਨਹੀਂ ਹੋਇਆ ਹੁੰਦਾ।

ਵੈਲੀਆਂ ਦੇ ਅੰਦਰਲਾ ਕੀੜਾ ਉਨ੍ਹਾਂ ਨੂੰ ਟਿਕਣ ਨਹੀਂ ਸੀ ਦੇ ਰਿਹਾ। ਮੰਗੇ ਹੁਰਾਂ ਨੇ ਦੋ-ਤਿੰਨ ਬੰਦੇ ਬਾਹਰੋਂ ਸੱਦੇ ਹੋਏ ਸਨ। ਭੈਂਕਰੇ ਹੋਏ ਬਦਮਾਸ਼ ਸਾਰੇ ਦਿਨ ਦੇ ਦਾਰੂ ਨਾਲ ਰੱਜੇ ਪਿੰਡ ਵਿਚ ਹੋਲੀਆਂ ਦਿੰਦੇ ਤੇ ਲਲਕਾਰੇ ਮਾਰਦੇ ਫਿਰਦੇ ਸਨ। ਸਾਡੀ ਪਾਰਟੀ ਦੇ ਬੰਦਿਆਂ (ਨਿੱਕਾ ਸਿੰਘ ਤੇ ਕਰਨੈਲ ਸਿੰਘ ਜੱਟ ਪੱਤੀ ਤਾਜੋ ਕੀ, ਮੇਰਾ ਤਾਇਆ ਬਖਤੌਰ ਸਿੰਘ, ਚਾਚਾ ਕਰਮ ਸਿੰਘ, ਘਰਾਂ 'ਚੋ ਤਾਇਆ ਮੁਖਤਿਆਰ ਸਿੰਘ ਤੇ ਉਸਦਾ ਵੱਡਾ ਭਰਾ ਮੇਲਾ ਸਿੰਘ ਤੇ ਤਲ੍ਹੇ ਦਾ ਵੱਡਾ ਕਿਰਪਾਲ) ਤਿੰਨ ਕੁ ਵਜੇ ਠੇਕੇ ਨੂੰ ਜਾ ਘੇਰਿਆ। ਢਾਈ ਤਿੰਨ ਘੰਟੇ ਆਹਮੋਂ-ਸਾਹਮਣੇ ਟੱਕਰ ਹੁੰਦੀ ਰਹੀ। ਗੋਲੀ ਚੱਲਦੀ ਰਹੀ। ਇਸ ਮੁਕਾਬਲੇ 'ਚ ਸਾਡੇ



ਬੰਦਿਆਂ ਨੇ ਮੇਰੇ ਬਾਪ ਨੂੰ ਘਰੋਂ ਸੱਦ ਕੇ ਲਿਜਾਣ ਵਾਲੇ ਜੰਗ ਰਾਪੁਰੀਏ ਨੂੰ ਦੁਨਾਲੀ ਦਾ ਫਾਇਰ ਮਾ ਕੇ ਸੁੱਟ ਲਿਆ ਤੇ ਗੰਡਾਸਿਆਂ ਨਾਲ ਵੱਢ-ਟੁੱਕ ਸੁੱਟਿਆ। ਗੰਗਾ ਮੇਰੇ ਤਾਏ ਦੇ ਅੜਿੱਕੇ ਚੜ੍ਹ ਗਿਆ ਸੀ ਪਰ ਤੇਜ਼ ਦੌੜਨ ਕਰਕੇ ਕਦੇ ਗੰਡਾਸਾ ਅੱਗੇ ਲੰਘ ਜਾਂਦਾ ਤੇ ਕਦੇ ਪਿੱਛੇ ਰਹਿ ਜਾਂਦਾ। ਜਦੋਂ ਇਕ ਵਾਰ ਹੱਸਲੀ ਦੀ ਹੱਡੀ 'ਤੇ ਠੀਕ ਵਾਰ ਹੋ ਗਿਆ ਤਾਂ ਦੂਜਾ ਵਾਰ ਕਰਨ ਤੋਂ ਪਹਿਲਾਂ ਹੀ ਮੇਰੇ ਬਾਪੂ ਦੇ ਮਿੱਤਰ ਅਖਵਾਉਂਦੇ ਚਤਰ ਸਿਉਂ ਤੇ ਜੰਗ ਸਿਉਂ ਕੂਕਿਆਂ ਨੇ ਮੇਰੇ ਤਾਏ ਨੂੰ ਲੱਕੋਂ ਚੁੱਕ ਕੇ ਆਪਣੇ ਅੰਦਰ ਧੂਹ ਲਿਆ। ਸਿਰਫ਼ ਇਸ ਗੱਲੋਂ ਕਿ ਕਿਤੇ ਗਵਾਹੀ ਨਾ ਦੇਣੀ ਪੈ ਜਾਵੇ। ਇਹ ਉਹੀ ਗੰਗਾ ਸੀ, ਜਿਸ ਨੂੰ ਮੇਰੇ ਤਾਏ ਹੁਰੀਂ ਘਰ ਚੁੱਕ ਲਿਆਏ ਸਨ। ਗੋਡਿਆਂ ਦੇ ਹੇਠ ਪੰਸੇਰੀ ਤੇ ਇਕ ਖੇਸ ਦਾ ਇੰਨੂੰ ਹੇਠਾਂ ਤੇ ਦੂਜੇ ਗੋਡੇ ਦੇ ਉੱਪਰ ਰੱਖ ਕੇ ਬਾਬੇ ਨੇ ਅਣਗਿਣਤ ਮੂੰਗਲੀਆਂ ਮਾਰੀਆਂ ਸਨ ਧੇਹ! ਧੇਹ!! ਕਾਨੂੰਨ ਦੀਆਂ ਧਾਰਾਵਾਂ ਦੇ ਜਾਣੂ ਕਿ ਉਪਰ ਕੋਈ ਜ਼ਖਮ ਵੀ ਨਾ ਹੋਵੇ, ਹੱਡੀ ਵੀ ਨਾ ਟੁੱਟੇ। ਅੰਦਰੇ ਅੰਦਰ ਜਰਕ ਪਵੇ ਤੇ ਬੰਦਾ ਤੁਰਨ ਤੋਂ ਆਰੀ ਹੋ ਜਾਏ। ਗੰਗੇ ਨੂੰ ਮੂੰਗਲੀ ਦੀਆਂ ਸੱਟਾਂ, ਬਹੁਤੀਆਂ ਜਰਕਾ ਕੇ ਉਠ ਕੇ ਕਿਧਰੇ ਜਾਣ ਜੋਗਾ ਨਹੀਂ ਸੀ ਛੱਡਿਆ। ਉਸਦੇ ਬੰਦੇ ਛੁਡਾਉਣ ਲਈ ਵੀ ਨਿਕਲੇ ਸਨ ਤਿਆਰ ਹੋ ਕੇ ਪਰ ਪਿੰਡ ਦੇ ਕਿਸੇ ਸਿਆਣੇ ਦੇ ਬੋਲ "ਭਾਈ ਰਾਮਦਾਸੀਆਂ ਦੇ ਕੁੰਢ ਬਣ ਕੇ ਈ ਚੁੱਕਿਐ ਬੰਦਾ ਰਾਹ 'ਚੋਂ। ਖ਼ਬਰੈ ਉਨ੍ਹਾਂ ਦੀ ਕਿੰਨੀ ਕੁ ਤਿਆਰੀ ਐ।" ਸੁਣ ਕੇ ਮੁੜ ਗਏ ਸਨ ਤੇ ਗੰਗਾ ਸਾਰੀ ਰਾਤ ਗਲੀ ਵਿਚ ਕਰ੍ਹਾਉਂਦਾ ਸਾਡੀ ਦੇਲ੍ਹੀ 'ਤੇ ਸਿਰ ਰੱਖ ਰਾਮਦਾਸੀਆਂ ਦੇ ਵਿਹੜੇ ਵਾਲਿਆਂ ਨੂੰ ਸਿਜਦੇ ਕਰਦਾ ਰਿਹਾ ਸੀ। ਪਾਣੀ ਪਿਆਉਣ ਲਈ ਉਸਦੀ ਮਾਂ ਹੀ ਰਾਤ ਨੂੰ ਆਈ ਸੀ। ਜਦੋਂ ਉਨ੍ਹਾਂ ਦੇ ਘਰ ਇਹ ਇਤਲਾਹ ਪਹੁੰਚ ਗਈ ਸੀ ਕਿ ਗੋਡਿਆਂ ਤੋਂ ਬਿਨਾਂ ਹੋਰ ਕਿਤੇ ਫੁੱਲ ਦੀ ਵੀ ਨਹੀਂ ਲਾਈ। ਬੁੜ੍ਹੀ ਚੁੱਪ ਚੁਪੀਤੀ ਆਈ ਤੇ ਚੁੱਪ ਚੁਪੀਤੀ ਪਾਣੀ ਪਿਆ ਕੇ ਮੁੜ ਗਈ।

ਅਗਲੇ ਦਿਨ ਥਾਣੇਦਾਰ ਨੇ ਆ ਕੇ ਚੁਕਵਾਇਆ ਸੀ ਗੰਗੇ ਨੂੰ। ਗੰਗਾ ਤਾਣੀ ਦੀਆਂ ਕਿੱਲੀਆਂ ਗੱਡਣ ਵਾਲੀ ਮੂੰਗਲੀ ਦਾ ਨਾਂ ਭੁੱਲ ਗਿਆ ਸੀ। ਉਹ ਮੇਰੇ ਬਾਬੇ ਵੱਲ ਹੱਥ ਕਰ-ਕਰ ਆਖੀ ਜਾਏ "ਜੀ ਔਸ ਬੁੜ੍ਹੇ ਨੇ ਮੈਨੂੰ ਆਪਣੀ ਤਾਣੀ ਵਾਲੀ ਪਣਖ ਨਾਲ ਮਾਰਿਐ।" ਸਾਡੇ ਬਾਬੇ ਨੇ ਤਾਣੀ ਵਾਲੀ ਪਣਖ ਥਾਣੇਦਾਰ ਦੇ ਮੂਹਰੇ ਲਿਜਾ ਰੱਖੀ। ਵੈਲੀਆਂ ਦੇ ਸਤਾਏ ਲੋਕਾਂ ਦੇ ਚਿਹਰਿਆਂ 'ਤੇ ਪਣਖ ਦੇਖ ਕੇ ਹਲਕੀ ਜਿਹੀ ਮੁਸਕਾਨ ਧੂ ਗਈ ਜਦੋਂ ਗੰਗੇ ਦੇ ਭਰਾ ਲੰਬੜਦਾਰ ਗੰਡਾ ਸਿੰਘ ਨੂੰ ਵਿਚਕਾਰੋਂ ਕੱਟੇ ਸੱਪ ਵਾਂਗ ਵੱਟ ਚੜ੍ਹ ਗਿਆ। 'ਹੁਣ ਨੀ ਛੱਡਦਾ ਸਾਡਾ ਇਹ ਯੋਧਾ। ਇਨ੍ਹਾਂ ਦੇ ਡੰਗਰ ਵੀ ਨ੍ਹੀ ਛੱਡਣੇ ਏਸ ਨੇ।" ਗੰਡਾ ਸਿੰਘ ਬੋਲਿਆ ਸੀ।

"ਏਸ ਨੂੰ ਕਹਿ ਉਠ ਕੇ ਮਾੜਾ ਜਾ ਐਧਰ ਨੂੰ ਆ ਜੇ ਜੇ ਬਾਹਲਾ ਈ ਰੰਗੜਊ ਐ। ਮੇਰੇ ਤਾਏ ਨੇ ਗੰਡਾ ਸਿੰਘ ਨੂੰ ਵੰਗਾਰਿਆ ਤਾਂ ਥਾਣੇਦਾਰ ਨੇ (ਅੰਦਰ ਵੱਢੀ ਦੀ ਰਕਮ ਟੱਪਦੀ ਸੀ) ਚਾਰ ਪੰਜ ਡਾਂਗਾਂ ਤਾਏ ਬਖਤੌਰ ਸਿੰਘ ਦੇ ਮਾਰ ਕੇ ਮੌਰ ਉਚੇੜ ਦਿੱਤੇ ਸਨ। ਇਸ ਥਾਣੇਦਾਰ ਨੂੰ ਗੁਰਬਖਸ਼ ਸਿੰਘ 'ਰਾਹੀ" ਪਿੰਡ ਸਹਿਜੜੇ ਪਰਜਾ ਮੰਡਲੀਆਂ ਦਾ ਸਾਥੀ ਤੇ

ਗਿਆਨੀ ਜ਼ੈਲ ਸਿੰਘ ਦੇ ਨਜ਼ਦੀਕੀ ਰਾਹੀਂ ਦੱਖੂ ਦਾਨਾ ਚਬਾਇਆ ਗਿਆ। ਡਾਂਗਾ ਮਾਰਨ ਦੇ ਮੁਕੱਦਮੇ ਵਿਚ ਮੁਅੱਤਲ ਹੋਏ ਥਾਣੇਦਾਰ ਨੇ ਕਚਹਿਰੀਆਂ ਵਿਚ ਪਗੜੀ ਉਤਾਰ ਕੇ ਮੇਰੇ ਤਾਏ ਦੇ ਪੈਰੀਂ ਰੱਖੀ - "ਬਖਤੌਰ ਸਿਆਂ ਮੈਂ ਕਾਲੀ ਗਊ - ਬੱਚੇ ਭੁੱਖੇ ਮਰ ਜਾਣਗੇ - ਬੱਸ ਮੁਆਫ਼ੀ ਦੇ ਦੇ।" ਉਸ ਨੂੰ ਮੁਆਫ਼ ਕਰਕੇ ਸਾਡੇ ਬਜ਼ੁਰਗ ਨੇ ਮੁਕੱਦਮੇ ਦੀ ਪੈਰਵੀ ਨਾ ਕੀਤੀ। ਥਾਣੇਦਾਰ ਬਰੀ ਹੋ ਕੇ ਬਹਾਲ ਹੋ ਗਿਆ।

ਜੰਗ ਨੂੰ ਕਤਲ ਕਰ ਕੇ ਇਹ ਸੱਤੇ ਜਣੇ ਪਿੰਡ ਵਿਚ ਨੂੰ ਹੋ ਤੁਰੇ, "ਅੱਜ ਦੱਸ ਦਿਉ ਬਈ ਉਏ ਜਿਹੜਾ ਕੋਈ ਵੈਲੀਆਂ ਦਾ ਹਮਾਇਤੀ ਐ। ਆ ਜੋ ਜੀਹਨੇ ਮੌਤ ਨੂੰ ਮਾਸੀ ਆਖਣੈ।" ਘੋਟੀ ਕਿਤੋਂ ਨਾ ਲੱਭਿਆ। ਉਹ ਤਾਂ ਗਿੱਦੜ ਜਿੰਨਾ ਡਰਪੋਕ ਅਤੇ ਲੂੰਬੜ ਜਿੰਨਾ ਸ਼ੈਤਾਨ ਸੀ। ਉਹ ਠੇਕੇ ਵਿਚ ਗਿਆ ਹੀ ਨਹੀਂ ਸੀ। ਪਹਿਲਾਂ ਹੀ ਇਧਰ ਉਧਰ ਹੋ ਗਿਆ ਸੀ। ਪਾਰਟੀ ਦੀ ਪਾਰਟੀ ਗੰਗੇ ਦੇ ਘਰ ਉਸ ਦੇ ਬਜ਼ੁਰਗ (ਗੁਰਦਿੱਤ ਸਿੰਘ ਲੰਬੜਦਾਰ) ਨੂੰ ਮਿਲੇ "ਤਾਇਆ ਅਸੀਂ ਤੇਰੇ ਯੋਧਿਆਂ ਵਾਲੀ ਤਾਂ ਨੀ ਕਰਦੇ ਪਰ ਤੂੰ ਸਾਨੂੰ ਐ ਦੱਸ ਦੇ ਬਈ ਤੇਰਾ ਸੂਰਮਾ ਕਿੱਥੇ ਐ?" ਘਰੇ ਲੁਕਿਆ ਗੰਗਾ ਪੌੜੀ-ਪੌੜੀ ਚੜ੍ਹ ਕੇ ਭੱਜ ਗਿਆ ਸੀ।

"ਭਾਈ ਬਖਤੌਰ ਸਿਆਂ ਜੇ ਇਹੋ ਜਿਹੀਆਂ ਕਰਤੂਤਾਂ ਕਰਦੇ ਐ ਤਾਂ ਕੀ ਖੱਟ ਲਿਆ?" ਬਜ਼ੁਰਗ ਹੱਥ ਜੋੜੀ ਖੜ੍ਹਾ ਸੀ। ਇਹ ਲੋਕ ਫ਼ਤਿਹ ਬੁਲਾ ਕੇ ਬਾਹਰ ਆ ਗਏ। ਸਾਂਝੇ ਮੁਹਾਜ਼ ਦੀ ਵੱਡੀ ਜਿੱਤ ਹੋਈ ਸੀ।

ਭੱਜੋ (ਜੰਗਾ ਰਾਪੁਰੀਏ ਦਾ ਭਰਾ) ਬੰਦਾ ਦੌਂਗਾ, ਮੱਲ੍ਹੀ ਤੇ ਗੰਗੇ ਨੇ ਖੇਤੋਂ ਮਾਲ ਚਾਰਨੇ ਆਉਂਦਾ ਸਾਡਾ ਬਜ਼ੁਰਗ ਬਾਬਾ ਹਰਨਾਮ ਸਿਘ (ਚਾਚੇ ਕਰਮ ਸਿੰਘ ਦਾ ਬਾਪ) ਘੋੜੀ ਤੋਂ ਲਾਹ ਲਿਆ ਸੀ। ਗੋਡਿਆਂ ਦਾ ਆਰੀ ਹੋਣ ਕਰਕੇ ਉਹ ਪੈਦਲ ਤੁਰ ਫਿਰ ਨਹੀਂ ਸੀ ਸਕਦਾ। ਉਸ ਬਜ਼ੁਰਗ ਨੂੰ ਇਨ੍ਹਾਂ ਨੇ ਸੂਏ 'ਚ ਵਾੜ ਕੇ ਕੁੱਟ-ਕੁੱਟ ਕੇ ਅਧਮੋਇਆ ਕਰ ਦਿੱਤਾ ਸੀ। ਸਾਡੇ ਬੰਦਿਆਂ ਦੇ ਉਥੇ ਪਹੁੰਚਣ ਤੋਂ ਪਹਿਲਾਂ ਛੱਡ ਕੇ ਭੱਜ ਵੀ ਗਏ ਸਨ ਵੱਡੇ ਸੂਰਮੇ। ਇਸ ਘਟਨਾ ਦਾ ਤਾਹਨਾ ਮਾਰਿਆ ਸੀ ਮੇਰੇ ਤਾਏ ਨੇ ਲੰਬੜਦਾਰ ਨੂੰ।

ਨਿੱਕੇ ਹੁੰਦਿਆਂ ਇਹੋ ਜਿਹੀਆਂ ਗੱਲਾਂ ਅਕਸਰ ਹੀ ਮੇਰੇ ਕੰਨਾਂ ਵਿਚ ਚੋਈਆਂ ਜਾਂਦੀਆਂ ਸਨ। ਕੰਨ ਰਸ ਐਨਾ ਸੀ ਕਿ ਮੈਂ ਇਨ੍ਹਾਂ ਗੱਲਾਂ ਨੂੰ ਆਪਣੇ ਚੇਤਿਆਂ ਵਿਚ ਡੂੰਘੀਆਂ ਉਕਰੀ ਜਾਂਦਾ। ਮੇਰੇ ਤਾਏ ਨੇ ਦੱਸਿਆ ਕਿ ਜਦੋਂ ਉਹ ਜੰਗ ਨੂੰ ਕਤਲ ਕਰ ਕੇ ਪਿੰਡ ਵਿਚ ਗੇੜੇ ਦੇ ਰਹੇ ਸਨ ਤਾਂ ਜੰਗ ਦਾ ਬਾਪ ਮਾਘੀ ਅੱਗੋਂ ਪਠਾਣੀ ਰਫ਼ਲ ਲਈ ਆਉਂਦਾ ਮਿਲ ਪਿਆ। ਅਖੇ ਜੰਗ ਦੀ ਚੋਰੀ ਦੀ ਇਹ ਰਫ਼ਲ ਘਰੇ ਹੀ ਰਹਿ ਗਈ ਸੀ। ਉਹ ਘੇਰੇ 'ਚ ਆਏ ਆਪਣੇ ਸੂਰਮੇ ਪੁੱਤ ਨੂੰ ਰਫ਼ਲ ਦੇਣ ਆ ਰਿਹਾ ਸੀ ਜੋ ਇਨ੍ਹਾਂ ਨੂੰ ਵੇਖਦੇ ਸਾਰ ਪੁੱਠੇ ਪੈਰਾਂ ਭੱਜ ਗਿਆ ਸੀ। ਬੰਦੂਕ ਉਸਦੇ ਹੱਥੋਂ ਡਿੱਗ ਪਈ ਸੀ ਜੋ ਉਹ ਚੁੱਕ ਵੀ ਨਾ ਸਕਿਆ। ਕਾਰਤੂਸ ਵੀ ਉਹ ਕਾਫੀ ਦੂਰ ਤੱਕ ਬੀਜਦਾ ਭੱਜਿਆ ਗਿਆ। ਪਿੰਡ ਵਿਚੋਂ ਦੀ ਗੇੜਾ ਦੇ ਕੇ ਜਦ ਇਹ ਸਾਰੇ ਜਣੇ ਸਾਡੀ ਸੱਥ ਵਿਚ ਆਏ ਸਨ। ਅਸੀਂ ਸਾਰੇ ਉਨ੍ਹਾਂ ਨੂੰ ਉਡੀਕਣ ਕੱਚੀ ਧਰਮਸ਼ਾਲਾ ਦੇ ਬਾਰ ਮੂਹਰੇ ਖੜ੍ਹੇ ਸਾਂ। ਰਫ਼ਲ ਮੇਰੇ ਤਾਏ ਦੇ ਹੱਥ ਵਿਚ ਸੀ ਤੇ ਉਹ ਦੱਸ ਰਿਹਾ



ਸੀ ਕਿ "ਜੰਗ ਮਾਰ ਤਾ"

ਆਥਣੇ ਜਿਹੇ ਮੇਰੇ ਬਾਈ ਨਛੱਤਰ ਨੂੰ ਜੰਗ ਦੀ ਮੌਤ ਬਾਰੇ ਪੱਕ ਕਰਨ ਲਈ ਭੇਜਿਆ ਗਿਆ। ਉਸ ਨੇ ਆ ਕੇ ਦੱਸਿਆ ਸੀ ਕਿ ਉਹ ਅਜੇ ਵੀ ਸਹਿਕ ਰਿਹਾ ਸੀ। ਇੰਨਾ ਜਰਵਾਨਾ ਸੀ ਜੱਟ। ਦਾਰੂ ਤੇ ਬੱਕਰੇ ਖਾ ਖਾ ਪਲਿਆ। ਪਰ ਜਦ ਰਾਤ ਨੂੰ ਮੇਰੇ ਤਾਏ ਹੁਰੀਂ ਬੰਦੂਕ ਠੇਕੇ ਵਿਚ ਸੁੱਟਣ ਗਏ ਜੰਗ ਵਾਲੀ, ਤਦ ਜੰਗ ਸ਼ਾਂਤ ਪਿਆ ਸੀ। ਠੇਕੇ ਦੀ ਸਾਰੀ ਚੌਂਕੜੀ 'ਤੇ ਵਿਛਿਆ ਹੋਇਆ। ਮੇਰਾ ਤਾਇਆ ਇਕ ਹੋਰ ਗੱਲ ਵੀ ਦੱਸਦਾ ਹੈ।

"ਉਹਨਾਂ ਨੇ ਭਾਈ ਦੋ ਤਿੰਨ ਬੰਦੇ ਬਾਹਰੋਂ ਬੁਲਾਏ ਹੋਏ ਸਨ। ਸਾਡੇ 'ਤੇ ਹਮਲਾ ਤਾਂ ਉਹਨਾਂ ਨੇ ਰਾਤ ਨੂੰ ਕਰਨਾ ਸੀ ਪਰ ਅਸੀਂ ਉਨ੍ਹਾਂ ਨੂੰ ਦਿਨੇ ਹੀ ਘੇਰ ਲਿਆ ਪਿਛਲੇ ਪਹਿਰ। ਜਦੋਂ ਅਸੀਂ ਪਿੰਡ ਵਿਚ ਫਿਰਦੇ ਸੀ ਉਹ ਬਾਹਰਲੇ ਪਿੰਡਾਂ ਦੇ ਬਦਮਾਸ਼ ਬੰਦੇ ਕਲਾਸ ਕੇ ਘਰਾਂ ਬੰਨ੍ਹੀ ਮਿਲ ਪਏ। ਬਚ ਕੇ ਨਿਕਲਣਾ ਚਾਹੁੰਦੇ ਅੜਿੱਕੇ ਚੜ੍ਹ ਗਏ। ਸਾਨੂੰ ਵੇਖ ਕੇ ਉਹ ਹੱਥ ਬੰਨ੍ਹ ਕੇ ਖੜੋ ਗਏ "ਭਰਾਵੋ ਅਸੀਂ ਤਾਂ ਉਈਂ ਫਸ ਗਏ। ਅਸੀਂ ਮਿਲਣ ਈ ਆਏ ਸੀ। ਹੁਣ ਚਾਹੇ ਮਾਰੋ ਚਾਹੇ ਛੱਡੋ।" ਪਿੰਡ ਦੇ ਮੁਹਤਬਰ ਗੁਰਬਖਸ਼ ਸਿਉਂ ਨੇ ਸਾਡਾ ਗੁੱਸਾ ਠੰਡਾ ਕੀਤਾ। ਕਹਿੰਦਾ ਬਖਤੌਰ ਸਿਆਂ ਜਾਣ ਦਿਉ ਇਹਨਾਂ ਨੂੰ। "ਜਾਉ ਓਏ ਭਾਈ ਫੇਰ ਨਾ ਪਿੰਡ 'ਚ ਵੜਿਓ। ਇਹ ਰਾਮਦਾਸੀਏ ਭੈੜੇ ਆ ਖਾ ਜਾਣਗੇ ਕੱਚਿਆਂ ਨੂੰ।"

ਸਰਦਾਰ ਗੁਰਬਖਸ਼ ਸਿੰਘ ਦਾ ਛੋਟਾ ਬੇਟਾ ਥਾਣੇਦਾਰ ਸੀ। ਜਿਹਦੇ ਨਾਲ ਮੇਰੇ ਬਾਪ ਦੀ ਪਿਆਲੇ ਦੀ ਸਾਂਝ ਸੀ। ਜਦੋਂ ਵੀ ਮੇਰੇ ਬਾਬੇ ਨੇ ਮੇਰੇ ਬਾਪ ਨੂੰ ਸਮਝਾਉਣਾ ਚਾਹਿਆ ਕਿ ਉਹ ਵੈਲੀ ਕਿਸਮ ਦੇ ਲੋਕਾਂ ਦਾ ਸਾਥ ਛੱਡ ਦੇਵੇ ਤਾਂ ਹਮੇਸ਼ਾ ਹੀ ਮੇਰੇ ਬਾਪ ਦਾ ਇਹ ਜਵਾਬ ਹੁੰਦਾ ਸੀ -

"ਬਾਪੂ ਤੈਨੂੰ ਕੀ ਪਤੈ - ਸਾਰੇ ਮੇਰੇ ਨਾਲ ਇਕੋ ਭਾਂਡੇ ਖਾਂਦੇ ਐ। ਉਹ ਅਣਖੀ ਵੀ ਅੱਤ ਦਰਜੇ ਦਾ ਸੀ। ਗੱਤਕੇ ਦਾ ਕਹਿੰਦਾ ਕਹਾਉਂਦਾ ਖਿਡਾਰੀ ਉਸ ਨਾਲ ਮਿਚ ਨਹੀਂ ਸੀ ਸਕਦਾ। ਕਹਿੰਦੇ ਨੇ ਪਿੜਾਂ ਦੇ ਦਿਨਾਂ ਵਿੱਚ ਗੁਰਬਖਸ਼ ਸਿੰਘ ਦੀ ਹਵੇਲੀ ਨੂੰ ਸਾਮ੍ਹਣਾ ਸਰਦਾਰ ਹਰਚੰਤ ਸਿੰਘ ਹਰਲਾ ਆਪਣੇ ਕਰਿੰਦਿਆਂ ਦੇ ਬੋਹਲ ਵੇਖਣ ਆ ਗਿਆ। ਸਾਡੀ ਕੁੱਤੀ ਜੋ ਸ਼ਿਕਾਰੀ ਨਸਲ ਦੀ ਸੀ, ਉਨ੍ਹਾਂ ਨੂੰ ਭੌਂਕਣ ਲੱਗ ਪਈ। ਸਰਦਾਰ ਨੇ ਘੋੜੀ ਤੋਂ ਹੀ ਕੁੱਤੀ 'ਤੇ ਫਾਇਰ ਕਰ ਦਿੱਤਾ। ਪਿੜਾਂ 'ਚ ਕੰਮ ਕਰਦੇ ਸਾਡੇ ਲੋਕ ਤਾਂ ਪਤਾ ਨਹੀਂ ਬੋਲੇ ਕਿ ਨਾ ਬੋਲੇ, ਮੇਰਾ ਬਾਪ ਆਥਣੇ ਸਰਦਾਰ ਦੀ ਹਵੇਲੀ ਮੂਹਰੇ ਜਾ ਖੜ੍ਹਾ। ਉਸਨੇ ਹਰਚੰਦ ਸਿੰਘ ਦਾ ਨਾਂ ਲੈ ਕੇ ਬੋਲ ਮਾਰਿਆ। ਹਰਚੰਦ ਸਿੰਘ ਬਾਹਰ ਆਇਆ ਤਾਂ ਪੈਂਦੀ ਸੱਟੀ ਮੇਰੇ ਬਾਪ ਨੇ ਉਸਦੀ ਕੰਨ ਦੀ ਜੜ੍ਹ ਵਿਚ ਟਿਕਾ ਦਿੱਤੀ "ਕੁੜੀ ਦਿਆ............ ਸਾਡੀ ਕੁੱਤੀ ਕਿਉਂ ਮਾਰੀ ਉਇ?" ਮੇਰੇ ਬਾਪ ਦਾ ਇਹ ਕਾਰਨਾਮਾ ਮੇਰੀ ਦਾਦੀ ਮੈਨੂੰ ਕਈ ਵਾਰ ਸੁਣਾ ਚੁੱਕੀ ਸੀ। ਸਰਦਾਰ ਨੂੰ ਪਤਾ ਸੀ ਕਿ ਪੰਗਾ ਲੈਣ ਵਾਲੇ ਦੇ ਡੱਬ ਵਿਚ 303 ਗੋਲੀ ਦਾ ਇਕਹਿਰੀ ਨਾਲੀ ਦਾ ਪਿਸਤੌਲ ਟੰਗਿਆ ਹੋਇਆ ਹੈ। ਉਹ ਇਨਕੀ ਇਨਕੀ ਕਰ ਅੰਦਰ ਵੜ ਗਿਆ ਤੇ ਸਰਦਾਰਨੀ ਦੇ ਘਰ ਗਏ ਮੇਰੇ ਬਾਬੇ ਨੂੰ ਕਹਿਣ ਲੱਗਿਆ - "ਇਨਕੀ ਇਨਕੀ ਚੰਨਣ ਸਿਆਂ ਮੁੰਡੇ ਨੂੰ ਸਮਝਾਈ ਬਾਹਲਾ ਗਰਮ ਸੁਭਾਅ ਦਾ ਹੈ।" ਇਹ ਵੱਡੀ

ਸਰਦਾਰਨੀ ਸਰਦਾਰ ਗੁਰਬਖਸ਼ ਸਿੰਘ ਦੀ ਪਤਨੀ ਸੀ। ਜਿਸਨੇ ਸਾਡੇ ਬਜ਼ੁਰਗਾਂ ਨੂੰ ਆਪਣੇ ਕਰਿੰਦੇ ਹੀ ਬਣਾ ਲਿਆ ਸੀ। ਮਿੱਠੀ ਪਿਆਰੀ ਬੋਲ ਬਾਣੀ ਵਾਲੀ ਸਰਦਾਰੀ ਦੀ ਬੂ ਤੋਂ ਕੋਹਾਂ ਦੂਰ ਉਹ ਮੇਰੇ ਬਾਬੇ ਨੂੰ ਰੱਬ ਵਾਂਗ ਸਮਝਦੀ ਸੀ। ਕੋਠੀ ਉਨ੍ਹਾਂ ਦੀ ਸੰਗਰੂਰ ਸੀ। ਹਾੜੀ ਸਾਉਣੀ ਹੀ ਉਹ ਪਿੰਡ ਆਉਂਦੀ ਸੀ। ਮੇਰਾ ਬਾਬਾ ਉਸਨੂੰ ਉਸਦੇ ਰੱਥ ਜਾਂ ਬਹਿਲੀ ਗੱਡੀ 'ਤੇ ਰਾਮਪੁਰਾ ਫੂਲ ਦੇ ਰੇਲਵੇ ਸਟੇਸ਼ਨ ਤੋਂ ਲਿਆਉਂਦਾ, ਲਿਜਾਉਂਦਾ ਹੁੰਦਾ ਸੀ। ਬਲਦ ਸਾਡੇ ਹੁੰਦੇ ਸਨ ਜੋ ਮੇਰੀ ਅੰਬੋ (ਦਾਦੀ) ਨੇ ਰੱਜਵਾਂ ਦੁੱਧ ਛੱਡ ਕੇ ਪਾਲੇ ਹੁੰਦੇ ਸਨ। ਸਾਡੇ ਘਰ ਆਮ ਜੱਟਾਂ ਵਾਂਗ ਮੌਲੇ ਬਲਦ ਨੂੰ ਘਰੋਂ ਨਹੀਂ ਸੀ ਕੱਢਿਆ ਜਾਂਦਾ ਤੇ ਨਾ ਹੀ ਗਾਂ ਦੇ ਗਲ 'ਚੋਂ ਰੱਸਾ ਲਾਹ ਲੋਕਾਂ ਦੇ ਡੰਡੇ-ਟੰਬੇ ਖਾਣ ਲਈ ਛੱਡਿਆ ਜਾਂਦਾ ਸੀ। ਮੈਂ ਵੇਖਦਾ ਰਿਹਾ ਹਾਂ ਬਿਰਧ ਗਊਆਂ ਬਲਦਾਂ ਦੀ ਅੰਤਿਮ ਵਿਦਾਇਗੀ ਸਾਡੇ ਘਰੋਂ ਹੀ ਹੁੰਦੀ ਸੀ। ਸਾਡੇ ਬਜ਼ੁਰਗ ਸਰਦਾਰਨੀ ਦੇ ਆਧੀ ਸਨ। ਹਰ ਚੀਜ਼ ਪੂਰੀ ਇਮਾਨਦਾਰੀ ਨਾਲ ਸਰਦਾਰਨੀ ਦੇ ਘਰ ਪਹੁੰਚਾਈ ਜਾਂਦੀ ਸੀ। ਬਨਾਰਸੀ ਨਾਂ ਦੇ ਬਹੁਤ ਹੀ ਗਰੀਬ ਹਟਵਾਣੀਏ ਨੂੰ ਬੁਲਾਇਆ ਜਾਂਦਾ ਸੀ ਤੇ ਉਹ ਏਕੋਂ ਹੈ ਜੀ ਏਕੋਂ ਹੈ, ਦੋਮੇਂ ਹੈਂ ਜੀ ਦੋਮੇਂ ਹੈ, ਬਹੁਤੇ ਹੈ ਜੀ ਬਹੁਤੇ ਹੈ (ਤਿੰਨ ਨੂੰ ਉਹ ਬਹੁਤੇ ਕਹਿੰਦਾ ਸੀ) ਤੱਕੜੀ ਤੋਲਦਾ ਉਹ ਅਨਾਜ ਤੇ ਦਾਲਾਂ ਆਦਿ ਅੱਧੋ ਅੱਧ ਕਰ ਦਿੰਦਾ। ਸਰਦਾਰਨੀ ਨੂੰ ਉਸਦੀ ਮਿੱਠਤ ਤੇ ਨਿਮਰਤਾ ਦਾ ਫਲ ਦੇ ਰਹੇ ਸਨ ਸਾਡੇ ਬਜ਼ੁਰਗ। ਵਟਾਈ ਦਾ ਕਾਨੂੰਨ ਸਰਦਾਰਾਂ ਵਲੋਂ ਥੋਪਿਆ ਗਿਆ ਸੀ। ਆਮ ਤੌਰ 'ਤੇ ਤਿੰਨ ਹਿੱਸਿਆਂ 'ਚੋਂ ਦੋ ਵਾਹੀਕਾਰ ਦੇ ਅਤੇ ਇਕ ਮਾਲਕ ਦਾ ਹੋਣਾ ਬਣਦਾ ਸੀ। ਤਲੰਗਾਨਾ ਵਾਂਗ ਪੰਜਾਬ ਦੇ ਮੁਜ਼ਾਰੇ ਜ਼ਮੀਨਾਂ 'ਤੇ ਕਾਬਜ਼ ਹੋਣ ਵੱਲ ਵੱਧ ਰਹੇ ਸਨ ਪਰ ਸਾਡੇ ਬਜ਼ੁਰਗ ਨਿਰੇ 'ਸੀਲ ਗਊ' ਸਨ। ਸਰਦਾਰ ਬਿਨਾਂ ਨਿਆਣਾ ਪਾਏ ਚੋ ਰਹੇ ਸਨ। ਸਾਡੇ ਇਹ ਲੋਕ ਚਿੱਟੇ ਬਸਤਰਾਂ ਦੇ ਉਪਰੋਂ ਦੀ ਗਾਤਰੇ ਸਜਾ ਕੇ ਸਰਦਾਰਨੀ ਦੀ ਚਾਕਰੀ 'ਚੋਂ ਆਪਣੇ ਵੱਡੇ ਹੋਣ ਦਾ ਭਰਮ ਪਾਲਦੇ ਰਹੇ।

ਘਰ ਵਿਚੋਂ ਮੈਨੂੰ ਇਹ ਵੀ ਪਤਾ ਲੱਗਿਆ ਕਿ ਸਾਡੇ ਬਾਬੇ ਨੇ ਇਕ ਪੁਲਸੀਏ ਦੇ ਵੀ ਚਪੇੜ ਧਰ ਦਿੱਤੀ ਸੀ। ਸੰਤਾਲੀ ਤੋਂ ਪਹਿਲਾਂ ਦੀਆਂ ਗੱਲਾਂ ਨੇ। ਪਿੰਡ 'ਚੋਂ ਜੱਟਾਂ ਦਾ ਮੁੰਡਾ ਲੋਟੀ ਕਾ ਗਿਆਨੀ (ਮੈਨੂੰ ਮਾੜੀ ਮੋਟੀ ਸੁਰਤ ਸੀ) ਸਾਡੇ ਘਰਾਂ ਦੀ ਕਿਸੇ ਔਰਤ ਦਾ ਪਿੱਛਾ ਤਕਾਉਂਦਾ ਸੀ। ਉਸ ਔਰਤ ਦੇ ਦਿਉਰ ਜੱਗਰ ਨੇ ਰੋਹੀਆਂ ਵਿਚ ਜਾ ਕੇ ਗਿਆਨੀ ਨੂੰ ਸਫ਼ਾਜੰਗ ਦਾ ਗਿੱਟੇ 'ਤੇ ਇਕੋ ਵਾਰ ਕਰਕੇ ਅੱਖ 'ਚੋਂ ਕਣ ਵਾਂਗ ਕੱਢ ਦਿੱਤਾ। ਵਾਰ ਤਾਂ ਇਕੋ ਕੀਤਾ ਸੀ ਉਹ ਵੀ ਗਿੱਟੇ 'ਤੇ ਪਰ ਗੁਥਮਗੁੱਥਾ ਹੁੰਦਿਆਂ ਅਲੇਲ ਜਿਹੇ ਪੰਦਰਾਂ ਸੋਲਾਂ ਕੁ ਸਾਲ ਦੇ ਮੁੰਡੇ ਨੇ ਇੱਡੇ ਵੱਡੇ ਗੱਭਰੂ ਨੂੰ ਮਾਤ ਦੇ ਦਿੱਤੀ ਸੀ। ਖ਼ੂਨ ਬਹੁਤਾ ਵਗ ਜਾਣ ਕਰੇਕ ਸਿਥਲ ਹੋਏ ਗਿਆਨੀ ਦੇ ਪੰਜੇ 'ਚੋਂ ਜੱਗਰ ਨਿਕਲ ਆਇਆ ਸੀ ਤੇ ਸਫ਼ਾਜੰਗ ਦੇ ਦੂਜੇ ਵਾਰ ਨਾਲ ਉਸਦਾ ਹੱਥ ਵੱਢ ਕੇ ਆਪਣੀ ਭਰਜਾਈ ਦੇ ਅੱਗੇ ਰੱਖ ਦਿੱਤਾ ਸੀ, "ਹੁਣ ਝਾਕ ਜੇ ਤਾਂ ਕੋਈ ਤੇਰੀ 'ਵਾ ਵੱਲ।"

ਥਾਣੇਦਾਰ ਕੋਲ ਇਕ ਹੋਰ ਬੰਦੇ ਦਾ ਨਾਂ ਬਿਆਨਿਆ ਗਿਆ ਸੀ। ਉਸ ਸੀ ਮੇਰਾ ਬਾਪੂ। ਪਰ ਜੱਗਰ ਨੇ ਤਾਂ ਇਕੱਲੇ ਨੇ ਹੀ ਬੰਦਾ ਮਾਰਿਆ ਸੀ ਤੇ ਉਸ ਨੇ ਇਕਬਾਲ ਕਰ



ਲਿਆ ਸੀ। ਥਾਣੇਦਾਰ ਉਸਨੂੰ ਕੁੱਟ ਕੁੱਟ ਕੇ ਮਨਾਉਣਾ ਚਾਹੁੰਦਾ ਸੀ ਕਿ ਦੂਜੇ ਬੰਦੇ ਦਾ ਵੀ ਨਾਂ ਲਵੇ, ਜਿਸ ਦੀ ਹੱਲਾਸ਼ੇਰੀ ਦੇ ਮੱਦਦ ਨਾਲ ਏਡਾ ਵੱਡਾ ਕੰਮ ਕੀਤਾ ਹੈ।

ਮੇਰੇ ਬਾਬੇ ਵਲੋਂ ਸਪਾਹਟੇ ਦੇ ਚਪੇੜ ਮਾਰਨ ਵਾਲੀ ਗੱਲ ਜੱਗਰ ਤੇ ਮੇਰੇ ਬਾਪੂ ਦੇ ਮਾਮਲੇ ਨਾਲ ਜੁੜੀ ਹੋਈ ਸੀ। ਮੇਰੇ ਬਾਪੂ ਨੂੰ ਬੁਲਾਉਣ ਵਾਲੇ ਸਿਪਾਹੀ ਨੇ ਤਾਣੀ ਦੀ ਕੁੰਭਲ ਵਿਚ ਬੈਠੇ ਮੇਰੇ ਬਾਬੇ ਨੂੰ ਕੁੜੀ ਦੀ ਗਾਲ੍ਹ ਕੱਢ ਕੇ ਚੌਰ ਦਾੜ੍ਹੀਆ ਕਹਿ ਦਿੱਤਾ। ਸਾਡਾ ਬਾਬਾ ਸ਼ੇਰ ਦੀ ਭਬਕੀ ਨਾਲ ਕੁੰਭਲ 'ਚੋਂ ਨਿਕਲਿਆ ਸੀ ਤੇ ਸਪਾਹਟੇ ਦੀਆਂ ਜਾਭਾਂ ਸੇਕ ਦਿੱਤੀਆਂ ਸਨ। ਥਾਣੇਦਾਰ ਮੂਹਰੇ ਵੀ ਗਰਜਿਆ ਸੀ -"ਬੁਲਾ ਮੈਨੂੰ, ਬਿਠਾ ਜਿੱਥੇ ਮਰਜ਼ੀ। ਪਰ ਇਹ ਕੌਣ ਹੁੰਦੈ ਧੀ ਦੀ ਗਾਲ੍ਹ ਕੱਢਣ ਵਾਲਾ ਤੇ ਚੌਰ ਦਾੜ੍ਹੀਆ ਕਹਿਣ ਵਾਲਾ।" ਸਿੰਘਾਂ ਵਾਲੇ ਲਿਬਾਸ ਵਿਚ ਬਾਬੇ ਨੂੰ ਦੇਖ ਕੇ ਥਾਣੇਦਾਰ ਵੀ ਝਉਂ ਗਿਆ ਸੀ। ਅੱਧ ਮਰੇ ਹੋਏ ਪਏ ਜੱਗਰ ਦਾ ਖਹਿੜਾ ਵੀ ਛੁੱਟ ਗਿਆ। ਪਿੰਡ ਦੇ ਲੋਕਾਂ ਵਿਚ ਵੀ ਥੋੜ੍ਹੀ ਕੁਰਬਲ ਕੁਰਬਲ ਹੋਣ ਲੱਗ ਪਈ ਸੀ।

"ਇਕ ਮੈਂ ਸੀ ਤੇ ਦੂਜਾ ਮੇਰਾ ਅਕਾਲਪੁਰਖ ਵਾਹਿਗੁਰੂ।" ਜੱਗਰ ਦਾ ਹਰ ਵਾਰ ਇਕੋ ਜਵਾਬ ਹੁੰਦਾ ਸੀ। ਕੁਟੀਂਦਾ ਕੁਟੀਂਦਾ ਜਦ ਬੇਹੋਸ਼ ਹੋ ਜਾਂਦਾ ਤਾਂ ਪੁੱਠਾ ਲਟਕਾਏ ਜੱਗਰ ਨੂੰ ਥਾਣੇਦਾਰ ਹੇਠਾਂ ਲਾਹ ਲੈਂਦਾ। ਹੋਸ਼ ਆਉਣ 'ਤੇ ਪੁੱਛਦਾ "ਹਾਂ ਦੱਸ ਦੂਜਾ ਬੰਦਾ ਤੇਰੇ ਨਾਲ ਕੌਣ ਸੀ?"

"ਇਕ ਮੈਂ ਸੀ ਤੇ ਦੂਜਾ ਮੇਰਾ ਅਕਾਲਪੁਰਖ ਵਾਹਿਗੁਰੂ" ਨੱਕ ਮੂੰਹ ਵਿਚੋਂ ਖ਼ੂਨ ਦੇ ਫੁਹਾਰੇ ਵੀ ਛੁੱਟ ਪਏ। ਉਦੋਂ ਤੋਂ ਉਹ ਨਰ ਬੰਦਾ, ਨੀਮ ਪਾਗਲਾਂ ਵਾਲੀ ਅਵਸਥਾ ਨੂੰ ਪੁੱਜ ਗਿਆ। ਉਮਰ ਕੈਦ ਵੀ ਕੱਟ ਆਇਆ,ਪਰ ਉਹ ਸਿਦਕ ਦਾ ਅਡੋਲ ਰਿਹਾ। ਕੋਈ ਗਵਾਹ ਨਹੀਂ ਸੀ ਮੌਕੇ ਦਾ ਪਰ ਉਸਦੇ ਆਪਣੇ ਇਕਬਾਲੀਆ ਬਿਆਨ 'ਤੇ ਹੀ ਉਸਨੂੰ ਵੀਹ ਸਾਲੀ ਹੋਈ ਸੀ।

ਮੇਰੇ ਬਾਪੂ ਦੇ ਅੰਦਰ ਬੜਾ ਹੀ ਕੁਝ ਟੁੱਟਦਾ-ਭੱਜਦਾ ਰਹਿੰਦਾ ਸੀ। ਕਦੀ ਉਹ ਕੋਠੇ 'ਤੇ ਚੜ੍ਹ ਕੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦਾ ਪਰ ਉਹ ਇਨਕਲਾਬੀ ਬਿਲਕੁਲ ਨਹੀਂ ਸੀ। ਗੁਰਪੁਰਬ ਮੌਕੇ ਉਹ ਕਮਾਲ ਦੀ ਗੱਤਕੇਬਾਜ਼ੀ ਕਰਦਾ। ਦੀਵਾਨਾਂ ਵਿਚ ਖੜਤਾਲਾਂ ਤੇ ਚਿਮਟਾ ਬੜੇ ਹੀ ਅਦਭੁੱਤ ਤਰੀਕੇ ਨਾਲ ਘੁਮਾਉਂਦਾ-ਵਜਾਉਂਦਾ, ਪਰ ਕੱਚੇ ਨੀਵੇਂ ਜਿਹੇ ਕੋਠੜੇ ਨਾਲ ਖੜ੍ਹੀ ਕੀਤੀ ਲੱਕੜ ਦੀ ਪੌੜੀ ਚੜ੍ਹਦਿਆਂ ਗਾਉਂਦਾ - "ਓ ਪਹਿਲਾਂ ਲਿਆਈਏ ਭਰੀ ਚਰ੍ਹੀ ਦੀ, ਫੇਰ ਦੇਈਏ ਮਸ਼ੀਨ ਨੂੰ ਗੇੜੇ। ਜੇ ਕਿਤੇ ਰੱਬ ਮਿਲ ਜੇ ਉਹਦੀ ਲਈਏ ਭੈਣ ਨਾਲ ਫੇਰੇ, ਜੇ ਕਿਤੇ ਰੱਬ ਮਿਲ ਜੇ।" ਅੰਬੋ ਬਾਬੇ 'ਤੇ ਰੋਸ ਕਰਨਾ ਤੇ ਝਿੜਕਣਾ ਤਾਂ ਉਸਨੇ ਅੱਗੋਂ ਬਣਾ ਸੰਵਾਰ ਕੇ ਕਹਿਣਾ "ਬੇਬੇ ਬਾਪੂ ਦਾ ਤਾਂ ਡਮਾਕ ਵਿਚ ਫ਼ਰਕ ਐ।" ਕੁਝ ਕੁਝ ਮੇਰੇ ਚੇਤਿਆਂ 'ਚ ਦਰਜ ਹੈ ਤੇ ਕੁਝ ਦਾਦੀ ਮੇਰੇ ਮਨ ਦੇ ਚਿੱਤਰ ਪੱਟ 'ਤੇ ਉਕਰਦੀ ਰਹਿੰਦੀ। ਮੇਰਾ ਬਾਪ ਮਹਾਨ ਨਹੀਂ ਸੀ ਪਰ ਜੇ ਉਸਨੂੰ ਮੌਕਾ ਮਿਲ ਜਾਂਦਾ ਜ਼ਰਖੇਜ਼ ਜ਼ਮੀਨ ਮਿਲ ਗਈ ਹੁੰਦੀ ਤਾਂ ਸੱਚਮੁੱਚ ਹੀ ਉਸਨੇ ਮਹਾਨ ਹੋਣਾ ਸੀ।

ਜ਼ਿਆਦਾ ਵਿਦਵਾਨ ਕਹਿੰਦੇ ਕਹਾਉਂਦੇ ਚਿੱਟ ਕੱਪੜੀਏ ਫੁਰਮਾਉਂਦੇ ਹਨ ਕਿ ਪੇਂਡੂ

ਲੋਕ ਉਜੱਡ ਹੁੰਦੇ ਹਨ। ਉਨ੍ਹਾਂ ਦੀ ਸੂਝ ਸਮਝ ਦਾਂ ਘੇਰਾ ਬਹੁਤ ਸੀਮਤ ਹੁੰਦਾ ਹੈ। ਜੰਗ ਦੇ ਕਤਲ ਕੇਸ ਵਿਚ ਪਿੰਡ ਦੇ ਬਹੁਤ ਮੁਹਤਬਰ ਬੰਦੇ ਚਸ਼ਮਦੀਦ ਗਵਾਹ ਬਣ ਗਏ। ਇਹ ਇਕ ਸਿਆਣਪ ਭਰਿਆ ਸਿਆਸੀ ਦਾਅ ਪੇਚ ਸੀ। ਜੋ ਪਿੰਡ ਦੇ ਪਵਿੱਤਰ ਸੱਭਿਆਚਾਰ ਦੀ ਰਾਖੀ ਵਾਲਾ ਕਦਮ ਵੀ ਸੀ। ਲੋਕਾਂ ਨੇ ਸੁੱਖ ਦਾ ਸਾਹ ਲਿਆ ਸੀ। ਉਹ ਰਾਹਤ ਮਹਿਸੂਸ ਕਰਦੇ ਸਨ ਕਿ ਹੁਣ ਪਿੰਡ ਵਿਚ ਸ਼ਰਾਬਾਂ ਪੀ ਕੇ ਲਲਕਾਰੇ ਨਹੀਂ ਵੱਜਣਗੇ। ਬਦਮਾਸ਼ਾਂ ਤੋਂ ਧੀਆਂ-ਭੈਣਾਂ ਨੂੰ ਖ਼ਤਰਾ ਟਲ ਗਿਆ ਸੀ। ਜੇ ਤੱਤ ਭੜੱਥੇ ਸਿਆਣੇ ਬੰਦੇ ਚਸ਼ਮਦੀਦ ਗਵਾਹ ਨਾ ਬਣਦੇ ਤਾਂ ਲੋਭੜਾਂ ਤੇ ਦਸ ਨੰਬਰੀਆਂ ਨੂੰ ਪੁਲਿਸ ਨੇ ਗਵਾਹ ਨਾਮਜ਼ਦ ਕਰ ਲੈਣਾ ਸੀ ਤੇ ਮੁਕੱਦਮੇ ਦਾ ਮਨਚਾਹਿਆ ਫਲ ਨਹੀਂ ਸੀ ਮਿਲਣਾ। ਸਾਰੇ ਗਵਾਹਾਂ ਨੇ ਗਵਾਹੀ ਵਿਚ ਕਿਹਾ ਕਿ ਦੁਨਾਲੀ ਦਾ ਫਾਇਰ ਬਖਤੌਰ ਸਿੰਘ ਨੇ ਕੀਤਾ ਜਿਸ ਨਾਲ ਜੰਗ ਮਾਰਿਆ ਗਿਆ। ਗੰਡਾਸੇ ਦੇ ਵਾਰ ਵੀ ਬਖਤੌਰ ਸਿੰਘ ਨੇ ਕੀਤੇ। ਮੁਕੱਦਮੇ ਦੇ ਦੌਰਾਨ ਮੇਰੇ ਤਾਏ ਦੇ ਭਾਰੀ ਬੇੜੀਆਂ ਵੀ ਪਾਈਆਂ ਗਈਆਂ।

ਸ਼ੈਸ਼ਨ ਜੱਜ ਦੀ ਕਚਹਿਰੀ ਵਿਚ ਗਵਾਹਾਂ ਦੇ ਬਿਆਨ ਲਿਖਵਾਏ ਕਿ ਆਹਮੋ-ਸਾਹਮਣੇ ਗੋਲੀ ਚੱਲ ਰਹੀ ਸੀ। ਅਸੀਂ ਦੂਰ ਤੋਂ ਵੇਖ ਰਹੇ ਸੀ। ਪਤਾ ਨੀ ਗੋਲੀ ਅੰਦਰਲਿਆਂ ਦੀ ਵੱਜੀ ਜਾਂ ਬਾਹਰਲਿਆਂ ਦੀ। ਸਾਨੂੰ ਪੁਲਿਸ ਵਾਲਿਆਂ ਨੇ ਕੁੱਟ-ਕੁੱਟ ਕੇ ਗਵਾਹ ਬਣਾਇਆ ਸੀ। ਸਾਨੂੰ ਨਹੀਂ ਪਤਾ ਲੱਗਿਆ ਬਈ ਕੀਹਨੇ ਕਤਲ ਕੀਤਾ। ਨਿੱਕਾ ਸਿੰਘ ਨੂੰ ਪਹਿਲਾਂ ਹੀ ਐੱਫ. ਆਈ. ਆਰ. 'ਚੋਂ ਬਾਹਰ ਰੱਖਿਆ ਗਿਆ ਸੀ ਤੇ ਉਹ ਪਹਿਲਾਂ ਹੀ ਜ਼ਮਾਨਤ ਕਰਵਾ ਕੇ ਬਾਹਰ ਆ ਗਿਆ ਸੀ। ਸਾਰੇ ਬੰਦੇ ਬਰੀ ਹੋ ਗਏ।

ਸਾਰਾ ਪਿੰਡ ਹੀ ਬਾਗੋ-ਬਾਗ ਸੀ। ਵੈਲੀ ਪਿੰਡ 'ਚੋਂ ਖਦੇੜੇ ਜਾ ਚੁੱਕੇ ਸਨ। ਸਾਡੇ ਸਕੇ ਪਰਿਵਾਰ, ਜੋ ਡਰਦੇ ਮਾਰਦੇ ਪਿੰਡ ਛੱਡ ਗਏ ਸਨ, ਵਾਪਸ ਪਰਤ ਆਏ ਸਨ। ਸਾਨੂੰ ਪਿੰਡ ਦੇ ਲੋਕਾਂ ਵਲੋਂ ਪੁੱਜ ਕੇ ਮੱਦਦ ਮਿਲ ਰਹੀ ਸੀ। ਸਾਡਾ ਕੋਈ ਕੰਮ ਅਟਕਦਾ ਨਹੀਂ ਸੀ। ਹਰ ਕੋਈ ਵਿੜ੍ਹੀ-ਸਿੜ੍ਹੀ (ਕੰਮਕਾਰ ਵਿਚ ਸਾਂਝ ਦੀ ਵਾਰੀ) ਕਰਨ ਲਈ ਤਿਆਰ ਸੀ। ਪਿੰਡ 'ਚੋਂ ਸਿਰਫ਼ ਤਾਜੋ ਕਾ ਅਗਵਾੜ ਹੀ ਸੀ ਜਿਧਰੋਂ ਨਫ਼ਰਤ ਦੀ ਥੋੜ੍ਹੀ ਕੁ ਬੋ ਭਰੀ ਹਵਾ ਆਉਂਦੀ ਸੀ। ਕਲਾਸ ਕਾ ਸਾਰਾ ਅਗਵਾੜ, ਮਾਣੂਆਂ, ਭੁੱਲਰਾਂ ਦੇ ਘਰ, ਬੁੱਧੇ ਕਾ ਲਾਣਾ, ਬਾਬੇ ਕੇ ਆਦਿ ਸਭ ਖਾਨਦਾਨੀ ਲੋਕ ਸਾਨੂੰ ਹੱਥੀਂ ਛਾਵਾਂ ਕਰਦੇ ਸਨ। ਕਿਸੇ ਸੰਦ ਵਲੇਵੇਂ ਦੀ ਲੋੜ ਪੈ ਜਾਂਦੀ। ਸਾਡਾ ਕੋਈ ਬਲਦ ਢਿੱਲਾ ਮੱਠਾ ਹੋ ਜਾਂਦਾ ਤਾਂ ਕਿਸੇ ਦਾ ਮੰਗਣਾ ਪੈ ਜਾਂਦਾ - ਕੀ ਮਜਾਲ ਹੈ ਕੋਈ ਜਵਾਬ ਦੇ ਦੇਵੇ।

ਮੁਕੱਦਮਿਆਂ ਵਿਚ ਸਾਡੇ ਸੰਗੀ ਮੁਖਤਿਆਰ ਸਿੰਘ (ਪਿੰਡ ਦਾ ਨਾਂ ਮੁਖਤਿਆਰੀ) ਨਾਲ ਮੇਰੇ ਤਾਏ ਨੇ ਵਾਹੀ ਸਾਂਝੀ ਕੀਤੀ ਹੋਈ ਸੀ। ਸਾਡੇ ਕੋਲ ਸਰਦਾਰਨੀ ਦੀ ਜ਼ਮੀਨ ਦੇ ਨਾਲ ਦੁਰਗੇ ਬਾਣੀਏ ਕੀ ਜ਼ਮੀਨ ਵੀ ਸੀ। ਕਈ ਸਾਲਾਂ ਤੋਂ ਪਿੰਡ ਵਿਚ ਅਮਨ ਅਮਾਨ ਸੀ। ਸਾਡਿਆਂ ਦੇ ਹੱਥੋਂ ਕਤਲ ਹੋਏ ਜੰਗ ਸਿੰਘ ਦਾ ਛੋਟਾ ਭਰਾ ਭਜੋ ਪੰਦਰਾਂ ਸੋਲਾਂ ਕੁ ਸਾਲ ਦਾ ਆਲੂੰਣਾ ਛੋਕਰਾ ਸੀ। ਉਹ ਨਿੱਕਾ ਸਿੰਘ ਦੇ ਪੈਰੀਂ ਹੱਥ ਲਾ ਕੇ ਸੁਲਾਹ ਕਰ ਚੁੱਕਾ ਸੀ। ਕਿਸੇ ਨੂੰ ਕਿਸੇ ਕੋਲੋਂ ਜਿਵੇਂ ਕੋਈ ਖ਼ਤਰਾ ਨਹੀਂ ਸੀ। ਹਰ ਕੰਮ ਵਿਚ ਭਜੋ ਨਿੱਕਾ



ਸਿੰਘ ਦੀ ਸਹਾਇਤਾ ਕਰਦਾ ਸੀ।

ਅਸੀਂ ਪਿੜਾਂ ਵਿਚ ਕਣਕ ਗਾਹ ਰਹੇ ਸਾਂ ਕਿ ਪਿੰਡ ਵਿਚੋਂ ਫਾਇਰ ਦੀ ਆਵਾਜ਼ ਸੁਣਾਈ ਦਿੱਤੀ। ਅਸੀਂ ਇਕ ਦਮ ਦਹਿਲ ਗਏ। ਫਲ੍ਹੇ ਰੋਕ ਲਏ ਗਏ। ਪੰਦਰਾਂ ਵੀਹ ਮਿੰਟ ਵੀ ਨਹੀਂ ਸੀ ਲੱਗੇ ਕਿ ਸਾਡੇ ਕੋਲ ਪਿੜਾਂ 'ਚ ਸੁਨੇਹਾ ਪਹੁੰਚ ਗਿਆ ਕਿ ਭਜੋ ਨੇ ਨਿੱਕਾ ਸਿੰਘ ਨੂੰ ਮਾਰ ਦਿੱਤਾ ਹੈ। ਉਸ ਦਿਨ ਨਿੱਕਾ ਸਿੰਘ ਨੇ ਰੱਸੇ ਮੇਲਣੇ ਸਨ। ਭਜੋ ਨਾਲ ਰੱਸੇ ਮਿਲਵਾਉਂਦਾ ਰਿਹਾ। ਛੇਤੀ ਹੀ ਭਜੋ ਦਾਣੇ ਭੁੰਨਾ ਕੇ ਨਿੱਕਾ ਸਿੰਘ ਨੂੰ ਦੇ ਗਿਆ ਤਾਂ ਜੋ ਕੁਝ ਚਿਰ ਹੋਰ ਉਹ ਸੱਥ ਵਿਚ ਬੈਠਾ ਰਹੇ। ਦਾਣੇ ਚੱਬਦਾ ਭਜੋ ਆਪ ਪਿੱਛੇ ਛੱਪੜਾਂ ਵੱਲ ਉਤਰ ਗਿਆ (ਤਾਜੋ ਕੀ ਸੱਥ ਛੱਪੜ ਦੇ ਕਿਨਾਰੇ ਹੈ) ਉਥੋਂ ਮਗਰ ਦੀ ਉਸਨੇ ਬਾਰਾਂ ਬੋਰ ਦੇ ਪਿਸਤੌਲ ਨਾਲ ਨਿੱਕਾ ਸਿੰਘ ਦੇ ਮੌਰਾਂ ਵਿਚ ਗੋਲੀ ਮਾਰ ਦਿੱਤੀ। ਕੱਚੇ ਰਾਹ ਹੁੰਦੇ ਸਨ, ਨਾ ਕੋਈ ਸਾਧਨ ਨਾ ਕੋਈ ਡਾਕਟਰੀ ਸਹੂਲਤ। ਨਿੱਕਾ ਸਿੰਘ ਤੜਫ਼-ਤੜਫ਼ ਕੇ ਜਾਨ ਦੇ ਗਿਆ।

ਭਜੋ ਦਾ ਪਿੱਛਾ ਕੀਤਾ ਗਿਆ ਪਰ ਉਹ ਕਿਤਿਉਂ ਨਾ ਲੱਭਿਆ। ਰਾਤ ਭਰ ਲੋਕ ਇਧਰ ਉਧਰ, ਖੇਤਾਂ ਬੰਨ੍ਹਿਆਂ 'ਚ ਲੱਗੇ ਛੌਰ ਦੀ ਫਰੋਲਾ ਫਰਾਲੀ ਕਰਦੇ ਰਹੇ। ਕਿਤਿਉਂ ਉਸ ਦੀ ਉੱਘ-ਸੁੱਘ ਨਾ ਮਿਲੀ। ਸਾਡੀ ਭੈਣ ਦੀਪੋ ( ਮੇਰੇ ਤਾਏ ਦੀ ਵੱਡੀ ਲੜਕੀ ਨਛੱਤਰ ਸਿੰਘ ਤੋਂ ਛੋਟੀ) ਰਾਜਸਥਾਨ ਵਿਚ ਹਨੂੰਮਾਨਗੜ੍ਹ ਕੋਲ ਪਿੰਡ ਜੰਡਾਵਲੀ ਵਿਆਹੀ ਗਈ ਸੀ। ਪ੍ਰਹੁਣਾ ਨਾਨਕਾ ਢੇਰੀ 'ਤੇ ਰਹਿੰਦਾ ਸੀ। ਮਾਂ ਮਰੀ ਹੋਈ ਸੀ। ਨਾਨੀ-ਨਾਨੇ ਨੇ ਪਾਲਿਆ ਸੀ। ਤਾਏ ਮੁਖਤਿਆਰੀ ਦੇ ਇਥੇ ਸਹੁਰੇ ਸਨ। ਉਸੇ ਨੇ ਇਹ ਰਿਸ਼ਤਾ ਕਰਵਾਇਆ ਸੀ। ਔਖੀਆਂ ਹਾਲਤਾਂ ਵਿਚ ਬਾਰਾਂ ਤੇਰਾਂ ਸਾਲ ਦੀ ਕੁੜੀ ਦਾ ਵੀ ਵਿਆਹ ਕਰ ਦਿੱਤਾ। ਉਸਦੀ ਨਾਨੀ ਸੱਸ ਵੀ ਮਰ ਗਈ ਸੀ। ਸਾਡੇ ਬਜ਼ੁਰਗ (ਤਾਇਆ ਬਖਤੌਰ ਸਿੰਘ ਤੇ ਮੁਖਤਿਆਰ ਸਿੰਘ) ਸੋਗ ਕਰਨ ਗਏ ਤਾਂ ਉਥੋਂ ਉਨ੍ਹਾਂ ਨੂੰ ਭਿਣਕ ਪਈ ਕਿ ਭਜੋ ਇਧਰ ਲਾਗਲੇ ਪਿੰਡ ਆਪਣੇ ਚਾਚੇ ਕੋਲ ਪਹੁੰਚ ਗਿਆ ਹੈ। ਸੂਹੀਏ ਨੇ ਪੂਰੀ ਖ਼ਬਰ ਦਿੱਤੀ ਕਿ ਅੱਜ ਆਥਣੇ ਉਹ ਹਨੂੰਮਾਨਗੜ੍ਹ ਨੂੰ ਤੁਰ ਗਿਆ ਹੈ। ਸਾਡੇ ਇਹ ਦੋਵੇਂ ਬਜ਼ੁਰਗ ਵੀ ਰਾਤ ਨੂੰ ਹਨੂੰਮਾਨਗੜ੍ਹ ਪਹੁੰਚ ਗਏ। ਗੱਡੀਆਂ ਦੇਰ ਸਵੇਰ ਹੀ ਚਲਦੀਆਂ ਸਨ। ਰਾਤ ਬਰਾਤੇ ਘੱਟ ਵੱਧ ਹੀ ਕੋਈ ਸਫ਼ਰ ਕਰਦਾ ਸੀ। ਫਿਰ ਵੀ ਰਾਤ ਭਰ ਸਟੇਸ਼ਨ 'ਤੇ ਖੜੋਤੇ ਮਾਲ ਗੱਡੀ ਦੇ ਡੱਬਿਆਂ ਜਾਂ ਉਰਾਂ-ਪਰਾਂ ਦੀਆਂ ਥਾਵਾਂ 'ਤੇ ਉਹ ਭਜੋ ਨੂੰ ਲੱਭਦੇ ਰਹੇ।ਅਖ਼ੀਰ ਸੁਬ੍ਹਾ ਪਹੁ ਫੁਟਾਲੇ ਜਿਹੇ ਦੇ ਨਾਲ ਭਜੋ ਉਨ੍ਹਾਂ ਦੇ ਕੋਲ ਦੀ ਖਿਸਕ ਗਿਆ। ਭੱਜਣ ਨੂੰ ਸਾਡਾ ਤਾਇਆ ਬਖਤੌਰ ਸਿੰਘ ਬਹੁਤ ਛੂਹਲਾ ਸੀ। ਉਸਨੇ ਭਜੋ ਨੂੰ ਜਾ ਦਬੋਚਿਆ। ਪੁਲਿਸ ਪਹੁੰਚ ਗਈ। ਭਜੋ ਨੂੰ ਪੁਲਿਸ ਦੇ ਹਵਾਲੇ ਕਰਕੇ ਤਾਏ ਹੁਰੀਂ ਪੰਜਾਬ ਆ ਗਏ। ਪੁਲਿਸ ਨੂੰ ਸੂਚਿਤ ਕੀਤਾ ਗਿਆ। ਆਈ. ਜੀ. ਪਟਿਆਲਾ ਨੇ ਦੁਹਾਂ ਨੂੰ ਪੱਚੀ ਪੱਚੀ ਰੁਪਏ ਦਾ ਇਨਾਮ, ਪ੍ਰਸ਼ੰਸਾ ਪੱਤਰ ਅਤੇ ਸ੍ਵੈ-ਰੱਖਿਆ ਲਈ 303 ਦੀਆਂ ਰਫ਼ਲਾਂ ਦੇ ਕੇ ਸਨਮਾਨਤ ਕੀਤਾ।

ਭਜੋ-ਜੰਗ ਹੁਰਾਂ ਦਾ ਬਾਪ ਬਹੁਤਾ ਵੱਡਾ ਵੈਲੀ ਨਹੀਂ ਸੀ। ਸੁੰਨੇ ਘਰਾਂ 'ਚੋਂ ਦਾਣੇ ਚੋਰੀ

ਕਰਕੇ ਅਫ਼ੀਮ ਤੇ ਨਸਵਾਰ ਦੀ ਭਲ ਪੂਰੀ ਕਰਨ ਜੋਗੀ ਬਦਮਾਸ਼ੀ ਕਰਨ ਦੇ ਹੀ ਸਮਰੱਥ ਸੀ। ਉਸ ਨੇ ਸਾਡੇ ਬੰਦਿਆਂ ਤੋਂ ਖ਼ਤਰੇ ਦੀ ਦੁਹਾਈ ਪਾ ਕੇ ਹੋਰ ਗਾਰਡ ਦੀਆਂ ਰਫ਼ਲਾਂ ਲਈ ਦਰਖਾਸਤਾਂ ਦੇ ਦਿਵਾ ਦਿੱਤੀਆਂ। ਗੰਗਾ ਵੀ ਕਲਕੱਤੇ ਤੋਂ ਮੁੜ ਆਇਆ ਸੀ। ਉਨ੍ਹਾਂ ਦੋਹਾਂ ਨੂੰ ਵੀ ਰਫ਼ਲਾਂ ਮਿਲ ਗਈਆਂ। ਸਾਡੇ ਬੰਦਿਆਂ ਨੇ ਹੋਰ ਦਰਖਾਸਤਾਂ ਦੇ ਕੇ ਪੰਜ ਬੰਦਿਆਂ ਨੂੰ ਹੋਰ ਲੈ ਦਿੱਤੀਆਂ। ਸੱਤ ਪੱਕੀਆਂ ਰਫ਼ਲਾਂ ਏਧਰੋਂ ਤੇ ਦੋ ਓਧਰੋਂ ਲੋਕ ਟੱਬਿਆਂ ਵਾਂਗ ਰਫ਼ਲਾਂ ਲਈ ਫਿਰਦੇ। ਸਾਡੇ ਬੰਦਿਆਂ ਨੇ ਵਿਰੋਧੀਆਂ ਦੇ ਵਿਰੁੱਧ ਦਰਖਾਸਤਾਂ ਦੇ ਕੇ ਉਨ੍ਹਾਂ ਦਾ ਰਿਕਾਰਡ ਬਸਤਾ ਬੇ ਕਢਵਾ ਕੇ ਰਫ਼ਲਾਂ ਜ਼ਬਤ ਕਰਵਾ ਦਿੱਤੀਆਂ।

1955 ਵਿਚ ਜਦੋਂ ਮੈਂ ਅੱਠਵੀਂ 'ਚ ਪੜ੍ਹਦਾ ਸਾਂ, ਅੱਸੂ ਮਹੀਨੇ ਝੜੀ ਲੱਗ ਗਈ। ਛੇ-ਸੱਤ ਦਿਨ ਮੋਹਲੇਧਾਰ ਮੀਂਹ ਪੈਂਦਾ ਰਿਹਾ। ਸਭ ਪਾਸੇ ਪਾਣੀ ਹੀ ਪਾਣੀ ਹੋ ਗਿਆ। ਅੱਧੋਂ ਵੱਧ ਪਿੰਡ ਖਾਸ ਕਰਕੇ ਨੀਵੇਂ ਥਾਈਂ ਵਸੇ ਮਜ਼੍ਹਬੀ ਸਿੱਖਾਂ ਦੇ ਸਭ ਕੋਠੜੇ ਢਹਿ ਢੇਰੀ ਹੋ ਗਏ। ਵਿਚਕਾਰਲੇ ਵਿਹੜੇ ਦੇ ਕਰਮ ਸਿੰਘ ਨੇ ਛੰਦ ਬਣਾਇਆ "ਕੰਧਾਂ ਕੋਠੇ ਸਾਰੇ ਡਿੱਗ ਪੇ ਜਾਂਦੀਆਂ ਲਟੈਣਾਂ ਤਰੀਆਂ।" ਪਿੰਡਾਂ ਵਿਚ ਹੜ੍ਹ ਆ ਚੁੱਕੇ ਸਨ। ਸਾਡੇ ਪਿੰਡ ਨੂੰ ਵੀ ਚੁਫੇਰਿਓਂ ਹੜ੍ਹ ਦੇ ਪਾਣੀ ਨੇ ਘੇਰਿਆ ਹੋਇਆ ਸੀ। ਦਿਨ ਰਾਤ ਮਿਹਨਤ ਕਰ ਕੇ ਪਿੰਡ ਦੇ ਜੀਅ-ਜੀਅ ਨੇ ਹੋਰ ਨੁਕਸਾਨ ਤੋਂ ਬਚਣ ਲਈ ਵੱਡਾ ਬੰਨ੍ਹ ਮਾਰ ਲਿਆ ਸੀ। ਸਾਡੇ ਬੰਦੇ ਬੰਨ੍ਹ ਦੀ ਰਖਵਾਲੀ ਲਈ ਤਾਇਨਾਤ ਰਹਿੰਦੇ ਸਨ।

ਮੋਹਲੇਧਾਰ ਮੀਂਹ ਥੰਮ੍ਹਣ ਦਾ ਨਾਂ ਨਹੀਂ ਸੀ ਲੈਂਦਾ ਜਿਵੇਂ ਅੰਬਰ ਦੇ ਵੱਡੇ ਝਰਨੇ 'ਚੋਂ ਅਮੁੱਕ ਤੇ ਅਤੁੱਟ ਧਾਰਾਂ ਵਰ੍ਹ ਰਹੀਆਂ ਹੋਣ। ਲੋਕ ਗਲ਼ ਗਲ਼ ਪਾਣੀ ਤੋਂ ਨਿਕ-ਸੁੱਕ ਲੈ ਕੇ ਟਿੱਬਿਆਂ 'ਤੇ ਆ ਗਏ ਸਨ। ਮੰਜਿਆਂ ਦੀਆਂ ਝੌਂਪੜੀਆਂ ਵਿਚ ਦਿਨ ਕੱਟੀ ਕਰਦੇ ਲੋਕ, ਕਹਿਰ ਦੇ ਇਨ੍ਹੀਂ ਦਿਨੀ ਜਾਤਾਂ-ਪਾਤਾਂ ਦੇ ਭਿੱਟ ਭਿਟਾਵੇ ਦੇ ਵਿਤਕਰੇ ਚੇਤੇ ਨਹੀਂ ਸੀ ਕਰ ਰਹੇ। ਜੋ ਕੁਝ ਵੀ ਕਿਸੇ ਕੋਲ ਸੀ ਰਲ ਮਿਲ ਕੇ ਵੰਡ ਕੇ ਛਕ ਰਹੇ ਸਨ।

ਸਾਡੇ ਦਰਵਾਜ਼ੇ ਦੀ (ਜਿੱਥੇ ਬਾਬੇ ਤੇ ਬਾਪੂ ਦੇ ਤਾਣੀ ਦੇ ਆਰਨ੍ਹ ਹੁੰਦੇ ਸਨ) ਗਲੀ ਵੱਲ ਦੀ ਦੀਵਾਰ ਡਿੱਗ ਚੁੱਕੀ ਸੀ। ਛੱਤ ਪਾਉਣ ਵੇਲ਼ੇ ਹੀ ਇਸ ਦਰਵਾਜ਼ੇ ਦੀ ਟੁੱਟੀ ਲਟੈਣ ਹੇਠ ਦਿੱਤੀਆਂ ਦੋ ਥੰਮ੍ਹੀਆਂ ਅਜੇ ਵੀ ਇਸ ਛੱਤ ਨੂੰ ਬਚਾਈ ਖੜ੍ਹੀਆਂ ਸਨ। ਮਾਲ ਡੰਗਰ ਲੋਕਾਂ ਨੇ ਖੁੱਲ੍ਹੇ ਛੱਡੇ ਹੋਏ ਸਨ। ਕੋਈ ਕਿਸੇ ਦੇ ਵਾੜਿਆਂ ਤੋਂ ਜਿੰਨਾ ਮਰਜ਼ੀ ਚਰ ਲਵੇ।

ਸਿਵਿਆਂ ਵਿਚ ਲੋਕਾਂ ਨੇ ਝੁੱਗੀਆਂ ਪਾਈਆਂ ਹੋਈਆਂ ਸਨ। ਇੱਥੇ ਬਹੁਤ ਸਾਰੀਆਂ ਔਰਤਾਂ ਦੇ ਬੱਚੇ ਵੀ ਪੈਦਾ ਹੋਏ। 'ਭੂਤਾਂ-ਪ੍ਰੇਤਾਂ' ਨੇ ਵੀ ਲੋਕਾਂ ਨਾਲ ਦੋਸਤੀ ਪਾ ਲਈ ਸੀ। ਕਿਸੇ ਜੱਚਾ-ਬੱਚਾ ਨੂੰ ਭੂਤ ਪ੍ਰੇਤ ਡਰਾ ਨਹੀਂ ਸੀ ਰਹੇ। ਕਿਸੇ ਰਖ ਰਖਾਵ ਦੀ ਜ਼ਰੂਰਤ ਨਹੀਂ ਸੀ। ਇਸ ਪਾਸੇ ਲੋਕਾਂ ਦਾ ਧਿਆਨ ਹੀ ਨਹੀਂ ਸੀ।

ਲਘੂ ਸ਼ੰਕਾ ਕਰਨ ਵਾਸਤੇ ਮੇਰੇ ਤਾਏ ਨੇ ਰਫ਼ਲ ਸਾਡੇ ਗੁਆਂਢੀ (ਸਕਿਆਂ 'ਚੋਂ) ਚਾਚੇ ਜੋਗਿੰਦਰ ਸਿੰਘ ਨੂੰ ਫੜਾ ਦਿੱਤੀ। ਉਸ ਦੀ ਉਂਗਲ ਸਹਿਵਨ ਹੀ ਘੋੜੇ ਨੂੰ ਖਿੱਚ ਗਈ। ਗੋਲੀ ਚੱਲ ਗਈ ਜੋ ਸਾਹਮਣੀ ਪੁਲੀ ਦੀ ਇੱਟ ਉੱਖੜ ਗਈ। ਬੰਦੇ ਬਚ ਗਏ। ਮਾਘੀ ਨੇ ਅਰਜ਼ੀ ਦੇ ਦਿੱਤੀ ਕਿ ਗੋਲੀ ਉਹਦੇ 'ਤੇ ਜਾਣ ਬੁੱਝ ਕੇ ਚਲਾਈ ਗਈ ਸੀ।



ਪੁਲਸੀਏ ਸਾਰੇ ਹੀ ਕੁੱਤੇ ਦੇ ਵੱਢੇ ਨਹੀਂ ਹੁੰਦੇ। ਕੁੱਲੇ ਵਾਲੀ ਪੱਗ ਬੰਨ੍ਹਣ ਵਾਲਾ ਬਾਬੂ ਜੀ ਦੇ ਨਾਂ ਨਾਲ ਜਾਣਿਆ ਜਾਂਦਾ ਇਕ ਥਾਣੇਦਾਰ ਨਵਾਂ-ਨਵਾਂ ਬਦਲ ਕੇ ਆਇਆ ਸੀ। ਉਸ ਨੇ ਆਉਂਦਿਆਂ ਹੀ ਪਿੰਡਾਂ ਦੇ ਦਸ ਨੰਬਰੀਏ, ਚੋਰੀਆਂ ਚਕਾਰੀਆਂ ਕਰਨ ਵਾਲਿਆਂ ਤੇ ਕਤਲ ਦੇ ਮੁਕੱਦਮਿਆਂ 'ਚ ਆਏ ਬੰਦਿਆਂ ਦੀ ਛਾਣਬੀਣ ਕੀਤੀ ਤਾਂ ਸਾਡੇ ਬੰਦਿਆਂ ਨੂੰ ਉਸ ਨੇ ਮਾਣ-ਤਾਣ ਨਾਲ ਥਾਣੇ ਬੁਲਾਇਆ ਤੇ ਮੇਲ-ਜੋਲ ਦਾ ਹੱਥ ਵਧਾਇਆ। ਪਿੰਡ ਦੇ ਵੈਲੀ ਉਸਨੇ ਖਦੇੜ ਦਿੱਤੇ। ਉਸ ਨੇ ਕਿਸੇ ਵੀ ਮੁਹਿੰਮ 'ਤੇ ਜਾਣਾ ਹੁੰਦਾ ਸਾਡੇ ਬੰਦਿਆਂ ਨੂੰ ਨਾਲ ਲਿਜਾਂਦਾ। ਆਪ ਉਹ ਬਹੁਤ ਹੀ ਸੁਣੱਖੀ ਘੋੜੀ 'ਤੇ ਸਵਾਰ ਹੁੰਦਾ ਪਰ ਸਾਡੇ ਬੰਦੇ ਭਾਰੀਆਂ ਰਫ਼ਲਾਂ ਨਾਲ ਮੋਢੇ ਤੁੜਾਉਂਦੇ ਉਸ ਦੇ ਮਗਰ ਹਿਬੜ ਹਿਬੜ ਕਰਦੇ ਜਾਂਦੇ। ਉਸ ਥਾਣੇਦਾਰ ਨੇ ਮੇਰੇ ਤਾਏ ਨੂੰ ਹੱਲਾਸ਼ੇਰੀ ਵੀ ਦਿੱਤੀ ਕਿ ਕਿਧਰੋਂ, ਇਧਰੋਂ ਉਧਰੋਂ ਪੁਰਾਣੀ ਸਰਾਣੀ ਗੋਲੀ ਦਾ ਇੰਤਜ਼ਾਮ ਕਰ ਲਵੇ ਤਾਂ ਜੋ ਉਹ ਮਾਘੀ ਦੀ ਅਰਜ਼ੀ ਨੂੰ ਝੂਠੀ ਸਾਬਤ ਕਰ ਸਕੇ। ਮੇਰੇ ਤਾਏ ਨੇ ਦੱਸਿਆ ਕਿ ਅਸਲ ਵਿਚ ਉਹ ਥਾਣੇਦਾਰ ਦੀ ਨਿੱਤ ਦੀ ਇਸ ਵਗਾਰ ਤੋਂ ਵੀ ਅੱਕ ਗਏ ਹਨ। ਪੁਰਾਣੀ ਗੋਲੀ ਦਾ ਇੰਤਜ਼ਾਮ ਤਾਂ ਕਰ ਲਿਆ ਪਰ ਉਨ੍ਹਾਂ ਨੇ ਰਫ਼ਲਾਂ ਵੀ ਜਮ੍ਹਾ ਕਰਵਾ ਦਿੱਤੀਆਂ। ਥਾਣੇਦਾਰ ਨੇ ਅਰਜ਼ੀ ਝੂਠੀ ਸਾਬਤ ਕਰ ਦਿੱਤੀ।

ਬਾਬੂ ਜੀ ਥਾਣੇਦਾਰ਼ ਦੀ ਥਾਂ ਇਕ ਹੋਰ ਪੁਲਸੀਆਂ ਵਾਲੀ ਖਸਲਤ ਵਾਲਾ ਥਾਣੇਦਾਰ ਆ ਗਿਆ। ਉਸ ਨੇ ਬਾਪੂ ਜੀ ਵਾਲੀ ਭੰਬੀਰੀ ਨੂੰ ਪੁੱਠਾ ਗੇੜਾ ਦਿੱਤਾ। ਵੈਲੀ ਕਿਸਮ ਦੇ ਬੰਦਿਆਂ ਨੂੰ ਹੱਲਾ ਸ਼ੇਰੀ ਤੇ ਥਾਣੇ ਵਿਚ ਮਾਣ-ਤਾਣ ਮਿਲਣ ਲੱਗਾ। ਸਾਡੇ ਸਾਰੇ ਬੰਦਿਆਂ ਨੂੰ ਥਾਣੇ ਵਿਚ ਸੱਦ ਕੇ ਪੰਜੇ ਆਦਿ ਲਗਵਾ ਲਏ ਤੇ ਦਸ ਨੰਬਰੀਆਂ 'ਚ ਦਰਜ ਕਰਕੇ ਫਾਈਲਾਂ ਤਿਆਰ ਕਰ ਦਿੱਤੀਆਂ। ਸਾਡੀ ਪਾਰਟੀ 'ਚੋਂ ਤਾਇਆ ਮੁਖਤਿਆਰ ਸਿੰਘ ਪਹਿਲੀਆਂ ਹੀ ਪੰਚਾਇਤੀ ਚੋਣਾਂ ਵਿਚ ਮੈਂਬਰ ਚੁਣਿਆ ਜਾ ਚੁੱਕਾ ਸੀ। ਥਾਣੇਦਾਰ ਦੀ ਇਹ ਕਾਰਵਾਈ ਤਾਂ ਘੁਰਨੇ ਵਿਚ ਸੁੱਤੇ ਸ਼ੇਰਾਂ ਨੂੰ ਹੁੱਲ ਮਾਰ ਕੇ ਜਗਾਉਣ ਦੇ ਤੁੱਲ ਸੀ। ਮੁਖਤਿਆਰ ਸਿੰਘ ਦਾ ਵੱਡਾ ਭਰਾ ਤਾਇਆ ਮੇਲਾ ਸਿੰਘ ਵੀ ਅੰਮ੍ਰਿਤਧਾਰੀ ਸੀ ਤੇ ਮੇਰਾ ਤਾਇਆ ਬਖਤੌਰ ਸਿੰਘ ਅੰਮ੍ਰਿਤਧਾਰੀ ਦੇ ਨਾਲ ਬਣਿਆ-ਫੱਬਿਆ, ਆਖੰਡ ਪਾਠੀ ਤੇ ਸਾਧਾਰਨ ਕੀਰਤਨੀਆ ਸੀ। ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸੀ। ਉਸ ਦਾ ਪਿੰਡ ਜੋਗਾ ਜ਼ਿਲਾ ਮਾਨਸਾ (ਉਦੋਂ ਮਾਨਸਾ ਜ਼ਿਲਾ ਨਹੀਂ ਸੀ। ਸੰਗਰੂਰ ਜ਼ਿਲੇ ਦੀ ਹੱਦ ਤੱਕ ਬਠਿੰਡੇ ਦਾ ਇਲਾਕਾ ਸੀ) ਵਿਚ ਫੇਰਾ ਸੀ। ਕਾਂਗਰਸ ਪਾਰਟੀ ਦੀ ਵੱਡੀ ਕਾਨਫਰੰਸ ਸੀ। ਸਾਡੇ ਬੰਦਿਆਂ ਨੇ ਪਿੰਡ ਦੇ ਦੋ ਚਾਰ ਮੁਹਤਬਰ ਬੰਦੇ ਤਿਆਰ ਕੀਤੇ। ਪਿੰਡ ਦੇ ਕਿਸੇ ਕਿਸਾਨ ਦਾ ਦਾ ਟਰੈਕਟਰ ਫੜਿਆ ਤੇ ਕੈਰੋਂ ਅੱਗੇ ਜਾ ਹਾਜ਼ਰ ਹੋਏ। ਥਾਣੇਦਾਰ ਦੀਆਂ ਕਰਤੂਤਾਂ ਦੱਸੀਆਂ ਤੇ ਵਿਚ ਪੰਜ ਦਸ ਪ੍ਰਤੀਸ਼ਤ ਸਿਆਸੀ ਝੂਠ ਰਲਾ ਦਿੱਤਾ। ਝੂਠ ਏਨਾ ਕੁ ਕਿ ਇਨ੍ਹਾਂ ਸਾਊ ਕਿਸਮ ਦੇ ਗੁਰਸਿੱਖ ਬੰਦਿਆਂ ਨੂੰ ਥਾਣੇਦਾਰ ਨੇ ਕਾਠ (ਸੁਹਾਗੇ ਦੀ ਸ਼ਕਲ, ਦੋ ਸ਼ਤੀਰੀਆਂ ਵਿਚ ਸੱਲ ਮਾਰ ਕੇ ਨਟ ਕਸੇ ਹੋਏ ਹੁੰਦੇ ਹਨ। ਚਾਰ ਫੁੱਟ ਦੀ ਦੂਰੀ 'ਤੇ ਦੋ-ਦੋ ਅਰਧ ਗੋਲੇ ਦੀ ਸ਼ਕਲ ਦੇ ਮੋਰੇ ਕੀਤੇ ਹੋਏ। ਦੋਵੇਂ ਸ਼ਤੀਰੀਆਂ ਜੋੜਨ ਨਾਲ ਇਹ ਪੂਰੇ

ਗੋਲ ਮੋਰੇ ਬਣ ਜਾਂਦੇ ਹਨ, ਜਿਸ ਵਿਚ ਤਸ਼ੱਦਦ ਕਰਨ ਸਮੇਂ ਬੰਦੇ ਦੇ ਗਿੱਟੇ ਇਨ੍ਹਾਂ ਮੋਰਿਆਂ ਵਿਚ ਕੱਸ ਦਿੱਤੇ ਜਾਂਦੇ ਹਨ) ਵਿਚ ਦੇ ਕੇ ਤਸ਼ੱਦਦ ਕੀਤਾ। ਮੇਲਾ ਸਿੰਘ ਗਵਾਹ ਸੀ ਕਿ ਜਦੋਂ ਉਹ ਆਪਣੇ ਬੰਦਿਆਂ ਦੀ ਰੋਟੀ ਲੈ ਕੇ ਗਿਆ ਤਾਂ ਥਾਣੇ ਦੇ ਅੰਦਰੋਂ ਉਨ੍ਹਾਂ ਦੀਆਂ ਚੀਕਾਂ ਸੁਣਾਈ ਦੇ ਰਹੀਆਂ ਸਨ। ਭਾਰਤੀ ਦੰਡਾਵਲੀ ਮੁਤਾਬਿਕ ਇਹ ਕਾਠ ਰੱਖਣਾ ਗੈਰ ਕਾਨੂੰਨੀ ਹੈ। ਪਰ ਕਿਉਂਕਿ ਕਾਨੂੰਨ ਦਾ ਨੱਕ ਮੋਮ ਦਾ ਹੈ, ਜਿਸਨੂੰ ਕੋਈ ਜਿਧਰ ਮਰਜ਼ੀ ਮੋੜ ਲਵੇ, ਕਾਨੂੰਨ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਕੁਝ ਨਹੀਂ ਕਹਿੰਦਾ। ਜੇਕਰ ਲੋਕਾਂ ਦੀ ਕੋਈ ਥੋੜ੍ਹੀ ਮੋਟੀ ਤਾਕਤ ਇਸਦਾ ਕੋਝਾ ਨੰਗਾ ਰੂਪ ਕਰਨ ਵਾਲੀ ਬਹੁੜ ਪਵੇ ਤਾਂ ਇਹ ਆਪਣਾ ਦੇਵਤਾ ਸਰੂਪ ਵਿਖਾਉਣ ਦਾ ਨਾਟਕ ਵੀ ਕਰਦਾ ਹੈ। ਵੋਟ ਬੈਂਕ ਦੇ ਖੁਰਨ ਦਾ ਜਿੱਥੇ ਖਾਸਾ ਖਤਰਾ ਖੜ੍ਹਾ ਹੋ ਜਾਵੇ।

ਸਾਰੀ ਗੱਲ ਸੁਣਨ ਤੋਂ ਬਾਅਦ ਕੈਰੋਂ ਨੇ ਇਨ੍ਹਾਂ ਲੋਕਾਂ ਨੂੰ ਬਾਲਿਆਂਵਾਲੀ ਪਹੁੰਚਣ ਦੀ ਹਦਾਇਤ ਕੀਤੀ। ਕੈਰੋਂ ਨੇ ਕਾਨਫਰੰਸ ਖ਼ਤਮ ਕਰਕੇ ਹੀ ਤੁਰਨਾ ਸੀ। ਇਹ ਬੰਦੇ ਟਰੈਕਟਰ 'ਤੇ ਪਹਿਲਾਂ ਪਹੁੰਚਣੇ ਚਾਹੀਦੇ ਸਨ। ਥਾਣੇ ਵਿਚ ਕਿਸੇ ਨੂੰ ਕੈਰੋਂ ਦੇ ਆਉਣ ਦੀ ਭਿਣਕ ਤੱਕ ਨਹੀਂ ਸੀ ਪੈਣ ਦਿੱਤੀ। ਮੁੱਖ ਮੰਤਰੀ ਨੇ ਇਕ ਦਮ ਥਾਣੇ 'ਤੇ ਛਾਪਾ ਮਾਰਿਆ ਤੇ ਸਾਰੇ ਸਟਾਫ਼ ਨੂੰ ਦਰਜਾ ਵਾਰ ਇਕ ਲਾਈਨ ਵਿਚ ਖੜ੍ਹਾ ਲਿਆ। ਸਭ ਤੋਂ ਪਹਿਲਾਂ ਕਤਾਰ ਵਿਚ ਵੱਡਾ ਥਾਣੇਦਾਰ, ਫਿਰ ਛੋਟਾ ਥਾਣੇਦਾਰ, ਫਿਰ ਹੌਲਦਾਰ ਵਾਰੀ ਵਾਰੀ ਇਹ ਮੁਲਾਜ਼ਮ ਕੈਰੋਂ ਦੇ ਦਰਬਾਰ ਵਿਚ ਹਾਜ਼ਰ ਹੋਏ।

"ਹਾਂ ਬਈ, ਕਾਠ ਰੱਖਿਐ ਥਾਣੇ ਵਿਚ? ਕਿੱਥੇ ਐ? ਮੁੱਖ ਮੰਤਰੀ ਦਾ ਪ੍ਰਸ਼ਨ।

"ਨਹੀਂ ਜੀ, ਇਸ ਥਾਣੇ ਵਿਚ ਕਾਠ ਨਹੀਂ ਹੈ।" ਇਕ ਇਕ ਕਰਕੇ ਪੁਲਸੀਏ ਆਈ ਗਏ ਤੇ ਇਹ ਜਵਾਬ ਦੇ ਕੇ ਅੱਗੇ ਤੁਰਦੇ ਗਏ। ਸਭ ਤੋਂ ਅਖ਼ੀਰ 'ਤੇ ਇਕ ਗਰੀਬ ਜਿਹਾ ਸਪਾਹਟਾ ਹੱਥ ਬੰਨ੍ਹ ਖੜੋਤਾ ਕੈਰੋਂ ਅੱਗੇ।

"ਹਾਂ ਸਰਕਾਰ! ਕਾਠ ਹੈਗਾ ਕਿਲੇ ਦੀ ਇਕ ਗੁੱਠ ਵਿਚ ਛੁਪਾ ਕੇ ਰੱਖਿਆ ਹੋਇਆ।" ਕਾਠ ਲਭਾ ਲਿਆ ਗਿਆ। ਉਸ ਗਰੀਬੜੇ ਜਿਹੇ ਸਪਾਹਟੇ ਨੂੰ ਛੱਡ ਕੇ ਸਾਰਾ ਥਾਣਾ ਮੁਅੱਤਲ ਕਰ ਗਿਆ ਸੀ ਕੈਰੋਂ। ਸਾਡੇ ਬੰਦਿਆਂ ਦੀ ਚੜ੍ਹ ਮੱਚੀ ਸੀ। ਉਸ ਤੋਂ ਬਾਅਦ ਕਿਸੇ ਥਾਣੇਦਾਰ ਦੀ ਜੁਰੱਅਤ ਨਹੀਂ ਪਈ ਸਾਡੇ ਬਜ਼ੁਰਗ ਦੀ ਕੋਈ ਵਾ ਵੱਲ ਵੀ ਝਾਕਿਆ ਹੋਵੇ। ਪਿੰਡ ਦੇ ਜੱਟਾਂ, ਜ਼ਿਮੀਂਦਾਰਾਂ, ਬਾਹਮਣਾਂ, ਬਾਣੀਆਂ ਯਾਨੀ ਕੁੱਝ ਕੁ ਨੂੰ  ਛੱਡ ਕੇ ਤੇ ਕੁੱਲ ਪਿੰਡ ਵਾਸੀਆਂ ਵਲੋਂ ਮਿਲੇ ਸਹਿਯੋਗ ਸਦਕਾ ਮਜ਼੍ਹਬੀ ਰਾਮਦਾਸੀਏ ਸਦਵਾਉਣ ਵਾਲੇ ਇਨ੍ਹਾਂ ਲੋਕਾਂ ਦੀਆਂ ਇਲਾਕੇ ਦੀਆਂ ਕਹਾਣੀਆਂ ਤੁਰ ਪਈਆਂ ਸਨ। ਬਾਪ ਦੇ ਕਤਲ ਸਮੇਂ ਮੈਂ ਪਹਿਲੀ ਦੂਜੀ ਵਿਚ ਪੜ੍ਹਦਾ ਸਾਂ ਤੇ ਇਨ੍ਹਾਂ ਘਟਨਾਵਾਂ ਤੱਕ ਮੈਂ ਅੱਠਵੀਂ ਜਮਾਤ ਪਾਸ ਕਰ ਲਈ ਸੀ।

ਪਿੰਡ ਦੇ ਬਾਕੀ ਲੋਕ ਸਾਡੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਸਨ। ਬੱਸ ਨਫ਼ਰਤ ਦੀ ਹਵਾ ਤਾਜੋ ਕੇ ਅਗਵਾੜ ਵਲੋਂ ਹੀ ਉੱਠਦੀ ਸੀ। ਇਸਦਾ ਕਾਰਨ ਸ਼ਾਇਦ ਜੰਗ ਸਿੰਘ ਦਾ ਵੱਡਾ ਭਰਾ ਗੰਡਾ ਸਿੰਘ ਲੰਬੜਦਾਰ ਸੀ ਜੋ ਹਰ ਗੁਰਪੁਰਬ ਮੌਕੇ



ਸਟੇਜ ਸੰਚਾਲਕ ਹੁੰਦਾ ਸੀ। ਉਸਦੇ ਮੁੰਡੇ ਬਾਅਦ ਵਿਚ ਬਿਹਾਰ ਵੱਲ ਕੂਚ ਕਰ ਗਏ, ਤੇ ਕੋਇਲੇ ਦੀਆਂ ਖਾਨਾਂ ਦੇ ਵੱਡੇ ਕਾਰੋਬਾਰੀ ਬਣ ਗਏ। ਵੱਡੇ ਦਾਨੀਆਂ ਵਜੋਂ ਉਭਰੇ ਇਨ੍ਹਾਂ ਮੁੰਡਿਆਂ ਨੇ ਪਿੰਡ ਦੀਆਂ ਸਾਂਝੀਆਂ ਥਾਵਾਂ ਲਈ ਖੁੱਲ ਕੇ ਦਾਨ ਦਿੱਤੇ ਹਨ। ਖੈਰ!

ਜਦੋਂ ਤੋਂ ਮੈਂ ਸੁਰਤ ਸੰਭਾਲਣ ਲੱਗਾ ਸਾਂ, ਉਦੋਂ ਅਜੇ ਮੇਰਾ ਬਾਪੂ ਜਿਉਂਦਾ ਸੀ। ਜਦੋਂ ਪਿੰਡ ਵਿਚ ਦੋ ਜਲੂਸ ਨਿਕਲਿਆ ਕਰਦੇ ਸਨ। ਗੁਰਦੁਆਰੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਸੀ। ਆਖੰਡ ਪਾਠ ਪ੍ਰਕਾਸ਼ ਕਰਨ ਵਾਲੇ ਦਿਨ ਸੁਨਹਿਰੀ ਪਾਲਕੀ ਉਪਰ ਗੁਲਾਬ ਦੇ ਫੁੱਲਾਂ ਦੇ ਹਾਰ ਪਾ ਕੇ ਜਲੂਸ ਨਿਕਲਦਾ ਸੀ। ਮੈਂ ਇਹੋ ਜਿਹੀ ਪਾਲਕੀ ਹੋਰ ਕਿਧਰੇ ਵੀ ਨਹੀਂ ਵੇਖੀ। ਗੁਲਾਈਦਾਰ ਗੁੰਬਦ ਤੇ ਸੁਨਹਿਰੀ ਪਾਲਸ਼ ਜਿਵੇਂ ਸੋਨੇ ਦੀ ਹੋਵੇ। ਲਾਲ ਗੁਲਾਬੀ ਫੁੱਲਾਂ ਦੇ ਹਾਰ ਬਣ ਬਣ ਉੱਠਦੇ। ਦੂਜਾ ਜਲੂਸ ਇਧਰ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ 'ਤੇ ਸਾਡੇ ਲੋਕ ਮਜ਼੍ਹਬੀ ਰਾਮਦਾਸੀਏ ਕੱਢਦੇ ਸਨ। ਭਗਵਾਨ ਸਿੰਘ ਸਰਦਾਰ ਦੀ ਵੱਡੀ ਹਵੇਲੀ, ਜੋ ਬਾਅਦ ਵਿਚ ਮਾਸਟਰ ਨਛੱਤਰ ਸਿੰਘ ਰੁਮਾਣੇ ਨੇ ਖਰੀਦ ਲਈ, ਦੇ ਨਾਲ ਖੁੱਲ੍ਹੀ ਜਗ੍ਹਾ ਪਈ ਹੁੰਦੀ ਸੀ, ਜਿੱਥੇ ਹੁਣ ਕਈ ਮਜ਼੍ਹਬੀ ਸਿੱਖਾਂ ਦੇ ਘਰ ਵਸੇ ਹੋਏ ਹਨ। ਭਾਈ ਕੀ ਸੱਥ ਦੇ ਸਾਹਮਣੇ ਰਾਮਦਾਸੀਆ ਵਿਹੜੇ ਦੀ ਕੱਚੀ ਜਿਹੀ ਧਰਮਸ਼ਾਲਾ ਵਿਚ ਪਾਠ ਪ੍ਰਕਾਸ਼ ਕਰਾਇਆ ਜਾਂਦਾ ਸੀ ਤੇ ਹਵੇਲੀ ਨਾਲ ਲੱਗਦੀ ਥਾਂ ਵਿਚ ਵੱਡਾ ਦੀਵਾਨ ਸਜਦਾ। ਇਥੇ ਹੀ ਮੈਨੂੰ ਚੇਤੇ ਆਉਂਦਾ ਹੈ ਕਿ ਮੈਂ ਆਪਣੇ ਬਾਪੂ ਨੂੰ ਬਹੁਤ ਹੀ ਭਰੇ ਹੋਏ ਦੀਵਾਨ 'ਚ ਕੀਰਤਨ ਕਰਦੇ ਜਥੇ ਨਾਲ ਅਸਲੋਂ ਹੀ ਅਵੱਲੇ ਹੀ ਢੰਗ ਨਾਲ ਚਿਮਟਾ ਵਜਾਉਂਦੇ ਨੂੰ ਵੇਖਿਆ ਸੀ। ਉਹ ਚਿਮਟੇ ਨੂੰ ਸਿਰ ਦੇ ਉਪਰ ਲੈ ਜਾਂਦਾ ਸੀ ਤੇ ਕਈ ਤਰ੍ਹਾਂ ਦੇ ਕਰਤੱਵ ਕਰ ਰਿਹਾ ਸੀ। ਸਿਰਫ਼ ਇਕ ਵਾਰੀ ਦੀ ਯਾਦ ਹੈ ਸ਼ਾਇਦ ਉਸਦੇ ਕਤਲ ਹੋਣ ਵਾਲੇ ਸਾਲ ਹੀ, ਮੈਂ ਉਸ ਨੂੰ ਗਤਕੇ ਦੇ ਜੌਹਰ ਵਿਖਾਉਂਦੇ ਵੇਖਿਆ ਸੀ।

ਹਾਂ ਪਿੰਡ ਵਿਚ ਦੋ ਧਾਰਮਿਕ ਜਲੂਸ (ਨਗਰ ਕੀਰਤਨ) ਨਿਕਲਦੇ ਸਨ। ਪਹਿਲੋਂ ਪਹਿਲ ਗੁਰੂ  ਗ੍ਰੰਥ ਸਾਹਿਬ ਦੀ ਪਾਲਕੀ ਨੂੰ ਚਾਰ ਜਣੇ ਮੋਢਿਆਂ 'ਤੇ ਚੁੱਕ ਕੇ ਤੁਰਦੇ ਸਨ। ਇਕ ਸਾਲ ਸਾਡੇ ਬੰਦਿਆਂ ਨੇ ਸਰਦਾਰਨੀ ਵਾਲੀ ਬਹਿਲੀ ਗੱਡੀ ਸ਼ਿੰਗਾਰ ਲਈ। ਮੇਰਾ ਬਾਬਾ ਚੰਨਣ ਸਿੰਘ ਦੋਹਾਂ ਜਲੂਸਾਂ ਵਿਚ ਪੰਜ ਪਿਆਰਿਆਂ ਵਿਚ ਤਾਂ ਸ਼ਾਮਲ ਹੁੰਦਾ ਸੀ ਪਰ ਉਸ ਨੂੰ ਲੰਗਰ ਵਿਚ ਬਣੀ ਪੰਗਤ ਵਿਚ ਬੈਠ ਕੇ ਚਾਹ ਪਾਣੀ ਪੀਣ ਦੀ ਆਗਿਆ ਨਹੀਂ ਸੀ ਹੁੰਦੀ। ਉਹ ਲੰਗਰ ਤੋਂ ਬਾਹਰ ਕੰਧ ਨਾਲ ਢੋਹ ਲਾ ਕੇ ਹੀ ਬੈਠਦਾ ਤੇ ਉਸਤੋਂ ਹਟਵੇਂ ਪਿੰਡ ਦੇ ਵਾਜੇ ਵਾਲੇ (ਬੈਗ ਪਾਈਪ ਬੈਂਡ ਵਾਲੇ)। ਇਨ੍ਹਾਂ ਲੋਕਾਂ ਨੂੰ ਭਿੱਟ ਦਾ ਜਿੰਨ ਡਰਾਉਂਦਾ ਰਹਿੰਦਾ ਸੀ। ਪਰ ਮੈਂ ਜਦੋਂ ਇਹ ਸਭ ਕੁਝ ਵੇਖਦਾ ਸਾਂ ਤਾਂ ਮੇਰੇ ਮਨ ਵਿਚ ਇਨ੍ਹਾਂ ਅਖੌਤੀ ਉੱਚੀਆਂ ਜਾਤਾਂ ਵਾਲੇ ਲੋਕਾਂ ਪ੍ਰਤੀ ਜ਼ਰੂਰ ਈਰਖਾ ਤੇ ਵਿਰੋਧ ਦੀਆਂ ਕਾਂਗਾਂ ਉੱਠਦੀਆਂ ਸਨ। ਮੈਂ ਆਪਣੇ ਲੋਕਾਂ ਦੀ ਪੰਗਤ 'ਚ ਬੈਠਦਾ ਹੀ ਨਹੀਂ ਸੀ ਕਿ ਬਾਬੇ 'ਤੇ ਵਾਜੇ ਵਾਲਿਆਂ ਵਾਂਗ ਗੁਰਦੁਆਰੇ ਵਾਲੇ ਇਹ ਸਿੱਖ ਸਾਡੇ ਲੋਕਾਂ ਵਾਂਗ ਮੇਰੀ ਮਾਂਜੀ ਸੰਵਾਰੀ ਬਾਟੀ ਨੂੰ ਵੀ (ਜੱਟ ਸੇਵਾਦਾਰ) ਚੁੱਲ੍ਹੇ ਵਿਚ ਤਪਾ ਕੇ ਦੁਬਾਰਾ ਮਾਂਜਣਗੇ।

ਜਿਸ ਸਾਲ ਗੁਰੂ ਰਵਿਦਾਸ ਜੀ ਦਾ ਨਗਰ ਕੀਰਤਨ ਸਰਦਾਰਨੀ ਵਾਲੇ ਰਥ ਵਿਚ ਕੱਢਿਆ ਗਿਆ ਤਾਂ ਜੱਟ ਸੰਗਤ ਨੂੰ ਇਹ ਵੰਗਾਰ ਜਾਪੀ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਕਿਉਂਕਿ ਪਹਿਲਾਂ ਆਉਂਦਾ ਹੈ। ਹੁਣ ਇਹਦਾ ਬਦਲਾ ਤਾਂ ਅਗਲੇ ਸਾਲ ਹੀ ਲਿਆ ਜਾ ਸਕਦਾ ਸੀ। ਦਸਮ ਗੁਰੂ ਦੇ ਗੁਰਪੁਰਬ ਮੌਕੇ ਗੁਰਦੁਆਰੇ ਵਾਲਿਆਂ ਨੇ ਲਾਰੀ ਲਿਆਂਦੀ। ਬੱਸਾਂ ਅਜੇ ਟਾਂਵੀਆਂ ਹੀ ਚੱਲਣ ਲੱਗੀਆਂ ਸਨ। ਮੈਨੂੰ ਇਸ ਗੱਲ ਦੀ ਸਮਝ ਨਾ ਆਵੇ ਕਿ ਇਹ ਲੋਕ ਕੀ ਦੱਸਣਾ ਚਾਹੁੰਦੇ ਹਨ? ਕੀ ਕਹਿਣਾ ਚਾਹੁੰਦੇ ਹਨ? ਜੱਟਾਂ ਨੇ ਗੁਰੂ ਗੋਬਿੰਦ ਸਿੰਘ ਜੀ 'ਤੇ ਕਬਜ਼ਾ ਕੀਤਾ ਹੋਇਆ ਸੀ। ਜਿਵੇਂ ਤੇ ਜਿਵੇਂ ਗਰੀਬੜਾ ਜਿਹਾ ਚਮਾਰ ਰਵਿਦਾਸ ਵਿਹੜੇ ਵਾਲਿਆਂ ਦੇ ਹਿੱਸੇ ਦੀ ਕੋਈ ਨਿਗੂਣੀ ਜਿਹੀ ਸ਼ੈਅ ਹੋਵੇ। ਉਧਰ ਅਗਵਾਈ ਗੰਡਾ ਸਿੰਘ ਲੰਬੜਦਾਰ ਦੀ ਹੁੰਦੀ ਸੀ ਜੋ ਸਾਰੀ ਕਾਰਵਾਈ ਦੀ ਰਿਪੋਰਟ ਥਾਣੇ ਵੀ ਪੁੱਜਦੀ ਕਰਦਾ ਹੁੰਦਾ ਸੀ। ਸਾਡੇ ਲੋਕਾਂ ਨੇ ਗੁਰਦੁਆਰੇ ਵਾਲਿਆਂ ਨੂੰ ਫਿਰ ਵੰਗਾਰਿਆ। ਰਵਿਦਾਸ ਪੁਰਬ ਦੀਆਂ ਜ਼ੋਰ ਸ਼ੋਰ ਨਾਲ ਤਿਆਰੀਆਂ ਹੋਣ ਲੱਗੀਆਂ। ਫੂਲ ਤੋਂ ਜਥੇਦਾਰ ਹਰਚੇਤ ਸਿੰਘ ਜੋ ਬਾਅਦ ਵਿਚ ਸ਼ੋ੍ਮਣੀ ਕਮੇਟੀ ਵਲੋਂ ਪ੍ਰਚਾਰਕ ਵੀ ਥਾਪਿਆ ਗਿਆ ਇਥੇ ਅਗਵਾਈ ਕਰਦਾ। ਸਾਡਾ ਬਾਬਾ ਚੰਨਣ ਸਿੰਘ ਪਿੰਡ ਦਾ ਵਿਹੜੇ ਵਾਲਿਆਂ ਦਾ ਆਗੂ ਸੀ। ਪਹਿਲੀ ਵਾਰ ਪਿੰਡ ਵਿਚ ਬੱਸ ਆਈ ਜਿਸ ਉਪਰ ਸਭ ਤੋਂ ਮੂਹਰੇ ਸੁਨਹਿਰੀ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸਜਾਈ ਗਈ ਤੇ ਪਿੱਛੇ ਕੀਰਤਨੀ ਜੱਥਾ ਬਿਠਾਇਆ ਗਿਆ। ਸੀਟਾਂ ਉਪਰ ਵਿਹੜਿਆਂ ਦੇ ਨਿੱਕੇ ਨਿਆਣੇ, ਔਰਤਾਂ ਤੇ ਬਿਰਧ। ਸਾਡੇ ਵਿਹੜੇ ਵਾਲਿਆਂ ਦੀ ਕੱਚੀ ਧਰਮਸ਼ਾਲਾ ਨੇ ਜਿਵੇਂ ਪੱਕੀਆਂ ਇੱਟਾਂ ਤੇ ਰੰਗਦਾਰ ਸ਼ੀਸ਼ਿਆਂ ਨੂੰ ਮਾਤ ਦੇ ਦਿੱਤੀ ਸੀ। ਕੱਚੇ ਖੋਲਿਆਂ ਦਾ ਸਦੀਆਂ ਤੋਂ ਨਿਰਾਦਰ ਹੁੰਦਾ ਆਇਆ ਸੀ। ਜਿਵੇਂ ਵਿਹੜਿਆਂ ਦੀਆਂ ਕੱਚੀਆਂ ਕੰਧਾਂ ਨੇ ਪੱਕੀਆਂ ਇੱਟਾਂ ਦੇ ਟੀਰ ਵੱਲ ਘੂਰ ਕੇ ਵੇਖਿਆ ਸੀ। ਪੱਕੀਆਂ ਇੱਟਾਂ ਨੇ ਹਾਰ ਕਬੂਲ ਕਰ ਲਈ ਸੀ। ਪੱਕੀਆਂ ਇੱਟਾਂ ਕੱਚੀ ਧਰਮਸ਼ਾਲਾ ਕੋਲ ਆਈਆਂ ਸਨ "ਤੁਹਾਨੂੰ ਸਿੰਘਾਂ ਨੂੰ ਗੁਰੂ ਘਰ ਵਿਚ ਪੂਰਾ ਮਾਣ ਸਨਮਾਨ ਮਿਲੂਗਾ। ਆਪਾਂ ਇਸ ਤਰ੍ਹਾਂ ਦੀ ਮੁਕਾਬਲੇਬਾਜ਼ੀ ਛੱਡੀਏ।" ਰਵਿਦਾਸ ਨੂੰ ਹਰਾਉਣ ਦਾ ਇਹੋ ਵਧੀਆ ਢੰਗ ਸੀ। ਸਾਡੇ ਬੰਦੇ ਇਸ ਚਾਲ ਵਿਚ ਆ ਗਏ। ਉਨ੍ਹਾਂ ਨੇ ਰਵਿਦਾਸ ਜੀ ਦਾ ਨਗਰ ਕੀਰਤਨ ਕੱਢਣਾ ਬੰਦ ਕਰ ਦਿੱਤਾ। ਕਮਾਦ ਦੀ ਪੱਤੀ ਵਿਛਾ ਕੇ ਵੱਡੇ ਦੀਵਾਨ ਸਜਾਉਣ ਲਈ ਕੋਈ ਜਗ੍ਹਾ ਵੀ ਨਹੀਂ ਰਹੀ। ਵਿਰੋਧਾਂ ਨੂੰ ਘਟਾਉਣ ਦੀ ਪਿੰਡ ਵਿਚ ਹਵਾ ਜਿਹੀ ਰੁਮ੍ਹਕ ਪਈ ਸੀ। ਸ਼ਾਇਦ ਕੁਝ ਚੰਗਾ ਉਸਾਰੇ ਜਾਣ ਲਈ ਨੀਹਾਂ ਤਿਆਰ ਹੋਣ ਲੱਗੀਆਂ ਸਨ। ਇਕ ਦੂਜੇ ਦੇ ਮੁਕਾਬਲੇ ਚੜ੍ਹਦੇ ਤੋਂ ਚੜ੍ਹਦੇ ਢਾਡੀ ਤੇ ਕਵੀਸ਼ਰੀ ਮੰਗਵਾ ਕੇ ਇਕ ਦੂਜੇ ਨੂੰ ਨੀਵਾਂ ਵਿਖਾਉਣ ਦਾ ਵਰੋਲਾ ਲੰਘ ਗਿਆ ਜਾਪਦਾ ਸੀ।

ਦਸਵੀਂ ਜਮਾਤ ਮੈਂ ਰਾਮਪੁਰਾ ਫੂਲ ਦੇ ਸਟੇਟ ਸਰਕਾਰੀ ਹਾਈ ਸਕੂਲ 'ਚੋਂ ਕੀਤੀ। ਮੈਂ ਕਦਾਚਿਤ ਵੀ ਪਾਸ ਨਾ ਹੋ ਸਕਦਾ ਜੇ ਸਾਡੀ ਰਿਸ਼ਤੇਦਾਰੀ 'ਚੋਂ ਮੇਰਾ ਸਹਿਪਾਠੀ ਰਾਮ ਸਿੰਘ (ਜਿਸਦੀ ਬੇਟੀ ਦਲਜੀਤ ਅਰਸ਼ੀ ਕਾਮਰੇਡ ਹਰਦੇਵ ਅਰਸ਼ੀ ਸਾਬਕਾ ਵਿਧਾਇਕ ਨੂੰ ਵਿਆਹੀ ਹੋਈ ਹੈ) ਮੈਨੂੰ ਸਕੂਲ ਦੇ ਹੋਸਟਲ ਵਿਚ ਰਹਿ ਕੇ ਪੜ੍ਹਨ ਦੀ ਸਲਾਹ ਨਾ ਦਿੰਦਾ।



ਘਰਦਿਆਂ ਨਾਲ ਖੇਤਾਂ ਵਿਚ ਕੰਮ ਕਰਵਾਉਣਾ। ਸਕੂਲੋਂ ਜਾਂਦਿਆਂ ਹੀ ਪਿਛਲੇ ਪਹਿਰ ਦਾਤੀ ਖੁਰਪੀ ਤੇ ਪੱਲੀ ਲੈ ਕੇ ਵਾਹਣਾਂ ਨੂੰ ਪੱਠੇ ਖੋਤਣ ਲਈ ਚੜ੍ਹਨਾ। ਰਾਤ ਨੂੰ ਕਿਤੇ ਵੀ ਪੜ੍ਹਨ ਦਾ ਕੋਈ ਕੋਨਾ ਨਾ ਲੱਭਣਾ ਤੇ ਨਾ ਚਾਨਣ। ਸਰ੍ਹੋਂ ਦੇ ਤੇਲ ਦੇ ਦੀਵੇ ਮੂਹਰੇ ਬੈਠ ਕੇ ਕਿੰਨਾ ਕੁ ਚਿਰ ਪੜ੍ਹਿਆ ਜਾਂਦਾ। ਮਗਰਲੇ ਤਿੰਨ-ਚਾਰ ਮਹੀਨੇ ਮੈਂ ਹੋਸਟਲ 'ਚ ਰਿਹਾ।

ਪਰਿਵਾਰ ਦੇ ਕਿਸੇ ਮੈਂਬਰ ਨੂੰ ਮੇਰੀ ਕਮਜ਼ੋਰ ਰਹਿ ਰਹੀ ਸਿਹਤ ਦੀ ਕੋਈ ਚਿੰਤਾ ਨਹੀਂ ਸੀ। ਛੋਟੀ ਉਮਰ ਤੋਂ ਹੀ ਹਰ ਸਾਲ ਪਾਣੀਝਾਰਾ ਨਿਕਲਦਾ। ਧਨੀ ਰਾਮ ਪਨਸਾਰੀ ਜੋ ਪਿੰਡ ਦਾ ਜਿਵੇਂ ਮੁੱਖੀ ਡਾਕਟਰ ਵੀ ਸੀ ਨਬਜ਼ ਵੇਖ ਕੇ ਹਮੇਸ਼ਾ ਹੀ ਜੁਲਾਬ ਦੀਆਂ ਗੋਲੀਆਂ ਦੇ ਦਿੰਦਾ। ਮਿਹਦਾ ਕਮਜ਼ੋਰ ਹੋ ਚੁੱਕਾ ਸੀ। ਕਬਜ਼ ਦੀ ਬੁਰੀ ਬਲਾ ਚਿੰਬੜੀ ਹੋਈ ਸੀ। ਸਿਰ ਦਰਦ, ਕਦੀ ਬੁਖਾਰ ਖਹਿੜਾ ਛੱਡਦੇ ਹੀ ਨਹੀਂ ਸਨ। ਇਹੋ ਜਿਹੀਆਂ ਹਾਲਤਾਂ ਵਿਚ ਕੇਵਲ ਦੋ ਸੌ ਛਿਆਸੀ ਨੰਬਰ ਲੈ ਕੇ ਤੀਜੇ ਦਰਜੇ ਵਿਚ ਪਾਸ ਹੋ ਗਿਆ। ਇਤਿਹਾਸ ਭੂਗੋਲ 'ਚੋਂ ਫੇਲ੍ਹ। ਪੰਜਾਬੀ 'ਚੋਂ ਡੇਢ ਸੌ 'ਚੋਂ ਸਿਰਫ਼ ਪੰਜਾਹ ਨੰਬਰ। ਅੰਗਰੇਜ਼ੀ ਤੇ ਹਿਸਾਬ 80-85 ਪ੍ਰਤੀਸ਼ਤ। ਇਤਿਹਾਸ ਤੇ ਪੰਜਾਬੀ ਦੇ ਪਰਚਿਆਂ ਵਾਲੇ ਦਿਨ ਫਿਰ ਸਿਰ ਦਰਦ ਤੇ ਜ਼ੋਰ ਦਾ ਬੁਖਾਰ।

ਇੰਨੇ ਥੋੜ੍ਹੇ ਨੰਬਰਾਂ ਕਰਕੇ ਹੀਣਤਾ ਦੀ ਗੁੰਝਲ ਨੇ ਮਨ ਨੂੰ ਜਕੜ ਲਿਆ। ਅੱਗੇ ਪੜ੍ਹਨ ਦੀ ਹਿੰਮਤ ਨਾ ਪਵੇ ਤੇ ਨਾ ਹੀ ਘਰ ਵਿਚ ਹੁਣ ਕੋਈ ਪੁਗਤ ਸੀ। ਸਰਦਾਰਨੀ ਨੇ ਜ਼ਮੀਨ ਛੁਡਾ ਲਈ ਸੀ। ਮੁਰੱਬਾਬੰਦੀ ਤੋਂ ਬਾਅਦ ਉਸ ਨੂੰ ਖਤਰਾ ਜਾਪਣ ਲੱਗ ਪਿਆ ਸੀ ਕਿ ਵਾਹੀਕਾਰ ਉਸਦੀ ਜ਼ਮੀਨ ਨੱਪ ਜਾਣਗੇ। ਉਸਦਾ ਇਕ ਲੜਕਾ ਫੌਜ ਵਿਚ ਸੀ ਜਗਦੇਵ ਸਿੰਘ। ਦੂਜਾ ਥਾਣੇਦਾਰ ਸ਼ਰਾਬ ਬਹੁਤੀ ਪੀਣ ਦੇ ਕਾਰਨ ਮਰ ਚੁੱਕਾ ਸੀ। ਸਾਡੇ ਬਜ਼ੁਰਗਾਂ ਨੇ ਕਬਜ਼ਾ ਕਰਨਾ ਹੁੰਦਾ ਤਾਂ ਸੰਤ ਅਤਰ ਸਿੰਘ ਦੇ ਮਗਰ ਲੱਗਣ ਦੀ ਥਾਂ ਤੇਜਾ ਸਿੰਘ ਸੁਤੰਤਰ ਦੇ ਰਾਹ ਨੂੰ ਆਪਣਾਉਂਦੇ। ਸਰਦਾਰਨੀ ਨੇ ਆਪ ਵਾਹੀ ਕਰਵਾਉਣੀ ਆਰੰਭ ਦਿੱਤੀ ਸੀ। ਸਾਡੇ ਬਾਈ ਤਾਏ ਦੇ ਲੜਕੇ ਨਛੱਤਰ ਸਿੰਘ ਅਤੇ ਭਗਵਾਨ ਸਿੰਘ ਸਰਦਾਰ ਦੇ ਕਾਰ ਮੁਖਤਿਆਰ ਧੰਨਾ ਸਿੰਘ ਮਜ਼ਬੀ ਸਿੱਖ ਦੇ ਲੜਕੇ ਹਰਨੇਕ ਸਿੰਘ ਨੂੰ ਉਸਨੇ ਸੀਰੀ ਰੱਖ ਲਿਆ ਸੀ। ਸਾਡਾ ਮੌਲਾ ਬਲਦ ਮਰ ਗਿਆ ਸੀ ਤੇ ਇਕੋ ਇਕ ਬਲਦ ਵਿਕ ਚੁੱਕਾ ਸੀ। ਦੋਵੇਂ ਮੱਝਾਂ ਵੀ ਇਕ ਇਕ ਕਰਕੇ ਮੁਕੱਦਮਿਆਂ ਦੀ ਭੇਟ ਚੜ੍ਹ ਚੁੱਕੀਆਂ ਸਨ। ਆੜ੍ਹਤੀਏ ਲੀਲੂ ਮੱਲ ਦਾ ਕਰਜ਼ਾ ਵਾਹੀ ਵਿਚ ਸਰਾਲ ਵਾਂਗ ਵਧੀ ਹੀ ਜਾਂਦਾ ਸੀ। ਚਾਹ ਚਬਦੇ ਵਾਸਤੇ ਘਰ ਵਿਚ ਹੁਣ ਸਿਰਫ਼ ਇਕ ਬੱਕਰੀ ਆ ਗਈ ਸੀ। ਸਾਡੀ ਦਾਦੀ ਦੇ ਹੱਥਾਂ ਵਿਚ ਬੁੜ੍ਹਕਣ ਵਾਲੇ ਮੱਖਣ ਦੇ ਪੇੜੇ ਛੁਪਨ ਹੋ ਗਏ ਸਨ।

ਕਣਕ ਦੀ ਵਾਢੀ ਦੇ ਦਿਨੀਂ ਦਿਹਾੜੀਆਂ ਕਰਕੇ ਮੈਂ ਕੁਝ ਪੈਸੇ ਜੋੜੇ ਤੇ ਗਿਆਨੀ ਦੀਆਂ ਕਿਤਾਬਾਂ ਲੈ ਲਈਆਂ। ਰਾਮਪੁਰਾ ਫੂਲ ਗਿਆਨੀ ਗੁਰਬਚਨ ਸਿੰਘ ਤਾਂਘੀ ਇਲਾਕੇ ਵਿਚ ਮਾਲਵਾ ਗਿਆਨੀ ਕਾਲਜ ਰਾਹੀਂ ਜਿਵੇਂ ਗਿਆਨ ਦੇ ਚਾਨਣ ਦਾ ਛਾਣਾ ਦੇ ਰਹੇ ਸਨ। ਅਸੀਂ ਪਿੰਡ ਦੇ ਕੁਝ ਮੁੰਡਿਆਂ ਨੇ ਉਥੇ ਦਾਖਲਾ ਲੈ ਲਿਆ। ਮੈਂ ਸਾਰੀਆਂ ਕਿਤਾਬਾਂ ਤਿੰਨ-ਤਿੰਨ ਚਾਰ-ਚਾਰ ਵਾਰੀ ਪੜ੍ਹ ਦਿੱਤੀਆਂ। ਤਾਂਘੀ ਸਾਹਿਬ ਨੋਟਿਸ ਲਿਖਾਉਂਦੇ ਤਾਂ

ਨਾਲੋਂ ਨਾਲ ਹੀ ਚੇਤਿਆਂ ਦਾ ਹਿੱਸਾ ਬਣੀ ਜਾਂਦੇ।

ਇਕ ਦਿਨ ਤ਼ਾਂਘੀ ਸਾਹਿਬ ਨੇ ਸਾਨੂੰ 'ਨਿਵੈ ਸੋ ਗਉਰਾ ਹੋਇ' ਲੇਖ ਲਿਖਣ ਨੂੰ ਦਿੱਤਾ। ਮੈਨੂੰ ਐਨਾ ਹੌਸਲਾ ਕਿ ਇਹ ਲੇਖ ਮੇਰੇ ਲਈ ਖੱਬੇ ਹੱਥ ਦੀ ਖੇਡ ਹੀ ਜਾਪਿਆ। ਅੰਬੋ (ਦਾਦੀ) ਅਤੇ ਬਾਬੇ ਪਾਸੋਂ ਬਥੇਰੀਆਂ ਸਾਖੀਆਂ ਸੁਣ ਰੱਖੀਆਂ ਸਨ। 'ਸਿੰਮਲ ਰੁੱਖ ਸੁਰਾਇਆ' ਸ਼ਬਦ ਜ਼ੁਬਾਨੀ ਹੀ ਯਾਦ ਸੀ। ਬਾਂਸ ਅਤੇ ਕਮਾਦ, ਬੇਰਾਂ ਲੱਦੀ ਬੇਰੀ ਦੀਆਂ ਧਰਤੀ ਵੱਲ ਉੱਲਰੀਆਂ ਟਾਹਣੀਆਂ, ਬੇਰ ਝਾੜਦੇ ਮੁੰਡਿਆਂ ਕੋਲੋਂ ਮਹਾਰਾਜਾ ਰਣਜੀਤ ਸਿੰਘ ਦੇ ਰੋੜਾ ਵੱਜਣ ਤੇ ਬਦਲੇ ਵਿਚ ਹਾਰ ਲਾਹ ਕੇ ਦੇਣ ਵਰਗੇ ਕਈ ਦ੍ਰਿਸ਼ਟਾਂਤ ਲੇਖ ਵਿਚ ਪਰੋ ਕੇ ਵਡ ਅਕਾਰੀ ਰਚਨਾ ਜਦ ਮੈਂ ਤਾਂਘੀ ਸਾਹਿਬ ਅੱਗੇ ਲਿਜਾ ਰੱਖੀ ਤਾਂ ਉਨ੍ਹਾਂ ਨੇ ਮੇਰੀ ਕਾਪੀ 'ਤੇ ਲਿਖਿਆ "ਤੁਹਾਡੇ ਅੰਦਰ ਵਧੀਆ ਲੇਖਕ ਬਣਨ ਦੀਆਂ ਸੰਭਾਵਨਾਵਾਂ ਹਨ।" ਉਸ ਸਾਲ ਮੈਂ ਪਰਚੇ ਨਾ ਦੇ ਸਕਿਆ।

ਕਬਜ਼ ਮੇਰੀ ਦੁਸ਼ਮਣ ਮੇਰੇ ਬਾਦ ਪਈ ਹੋਈ ਸੀ। ਸਾਡੀ ਭੈਣ ਤਾਏ ਦੀ ਲੜਕੀ ਜੋ ਸਾਡੀ ਤਾਈ ਨਾਲ ਨਾਨਕੇ ਰਹਿੰਦੀ ਸੀ, ਨਾਨੇ ਦੀ ਮੌਤ ਤੋਂ ਬਾਅਦ ਪਿੰਡ ਲੈ ਆਂਦੀ ਸੀ। ਉਸਦਾ ਵਿਆਹ ਜੀਂਦਾ ਦੇ ਅਜਮੇਰ ਸਿੰਘ ਨਾਲ ਕਰ ਦਿੱਤਾ ਗਿਆ ਤੇ ਮੈਂ ਉਸਦੇ ਨਾਲ ਗਿਆ। ਬਠਿੰਡੇ ਤੋਂ ਗੋਨਿਆਣੇ ਤੱਕ ਦਾ ਗੱਡੀ ਦਾ ਰਸਤਾ ਤਾਂ ਮਸਾਂ ਦਸ ਕੁ ਮਿੰਟ ਦਾ ਹੋਵੇਗਾ ਪਰ ਮੈਂ ਅੰਦਾਜ਼ਾ ਹੀ ਨਾ ਕਰ ਸਕਿਆ। ਗੋਨਿਆਣੇ ਦੇ ਨਜ਼ਦੀਕ ਆ ਕੇ ਮੇਰੇ ਪੇਟ ਵਿਚ ਕੁਝ ਗੜਬੜ ਹੋਈ ਤਾਂ ਮੈਂ ਟੱਟੀ ਵਿਚ ਜਾ ਬੈਠਾ। ਇਹ ਤਾਂ ਮੈਂ ਅੱਜ ਸਿੱਟਾ ਕੱਢਦਾ ਹਾਂ ਕਬਜ਼ ਬੰਦੇ ਨੂੰ ਸੁਸਤ ਹੀ ਨਹੀਂ ਕਰਦੀ। ਬੁੱਧੂ ਵੀ ਬਣਾਈ ਰੱਖਦੀ ਹੈ। ਗੱਡੀ ਰੁਕ ਗਈ ਪਰ ਗੁਦਾ ਦੇ ਦੁਆਰ ਤੇ ਆਈ ਟੱਟੀ ਬਾਹਰ ਨਾ ਨਿਕਲੇ। ਜਦੋਂ ਮੈਂ ਬਾਹਰ ਆਇਆ ਤਾਂ ਗੱਡੀ ਪੂਰੀ ਰਫਤਾਰ ਫੜ ਚੁੱਕੀ ਸੀ। ਪ੍ਰਾਹੁਣੇ ਤੇ ਮੇਰੀ ਭੈਣ ਡੱਬੇ ਵਿਚ ਕਿਧਰੇ ਨਹੀਂ ਸਨ। ਗੱਡੀ ਆਪਣੇ ਪਿੱਛੇ ਧੂੜ ਦਾ ਸੰਘਣਾ ਬੱਦਲ ਛੱਡਦੀ ਟਿੱਬਿਆਂ ਨੂੰ ਚੀਰਦੀ ਜਾ ਰਹੀ ਸੀ। ਮੈਂ ਬਗੈਰ ਸੋਚੇ ਤੇ ਅੱਗਾ ਪਿੱਛਾ ਵਿਚਾਰੇ ਗੱਡੀ 'ਚੋਂ ਛਾਲ ਮਾਰ ਦਿੱਤੀ। ਜਦੋਂ ਹੋਸ਼ ਆਈ ਤਾਂ ਇਕ ਕਿਸਾਨ ਮੇਰੇ ਮੂੰਹ ਵਿਚ ਪਾਣੀ ਪਾ ਰਿਹਾ ਸੀ। ਅੱਖਾਂ ਮੂੰਹ ਕੱਕੇ ਰੇਤੇ ਨਾਲ ਭਰ ਗਏ ਸਨ। ਮੈਂ ਖੜ੍ਹਾ ਹੋਣ ਦਾ ਯਤਨ ਕੀਤਾ। ਪੈਰ ਇਕ ਪਾਸੇ ਨੂੰ ਨਿਕਲ ਗਿਆ। ਸੱਜਾ ਗਿੱਟਾ ਟੁੱਟ ਚੁੱਕਾ ਸੀ।

ਗੋਨਿਆਣੇ ਹੀ ਜੀਦੇ ਵਾਲੇ ਮਾਸਟਰ ਕਰਤਾਰ ਸਿੰਘ ਦਾ ਪਰਿਵਾਰ ਰਹਿੰਦਾ ਸੀ। ਉਸਦਾ ਇਕ ਲੜਕਾ ਮੇਰੀ ਮਾਸੀ ਦੀ ਲੜਕੀ ਨਰੈਣ (ਇਹ ਕੁੜੀ ਮੇਰੀ ਮਾਂ ਨਾਲ ਕੰਮ ਕਰਾਉਣ ਵਾਸਤੇ ਸਾਡੇ ਪਿੰਡ ਹੀ ਰਹਿੰਦੀ ਸੀ) ਨਾਲ ਵਿਆਹਿਆ ਹੋਇਆ ਸੀ ਤੇ ਉਸ ਤੋਂ ਵੱਡਾ ਜੋਗਿੰਦਰ ਸਿੰਘ ਜੋ ਉਸ ਵੇਲੇ ਪਟਵਾਰੀ ਸੀ। (ਨਾਇਬ ਤਹਿਸੀਲਦਾਰ ਰਿਟਾਇਰ ਹੋਇਆ) ਮੇਰੇ ਮਾਮੇ ਦੀ ਲੜਕੀ ਸੁਰਜੀਤ ਨਾਲ? । ਉਨ੍ਹਾਂ ਦੇ ਘਰ ਹੱਡੀਆਂ ਦੇ ਮਾਹਿਰ ਕਿਸੇ ਵਿਅਕਤੀ ਕੋਲੋਂ ਮੇਰਾ ਗਿੱਟਾ ਬੰਨ੍ਹਾ ਦਿੱਤਾ ਗਿਆ। ਮਹੀਨਾ ਭਰ ਮੈਂ ਇਥੇ ਹੀ ਰਿਹਾ। ਕਿੰਨੇ ਹੀ ਦਿਨ ਮੇਰਾ ਪੈਰ ਮੰਜੇ ਦੀ ਦੌਣ ਵਿਚ ਸਿੱਧਾ ਫਸਾ ਕੇ ਰੱਖਿਆ ਗਿਆ। ਸਿਆਣੇ ਦੇ ਦੱਸਣ ਅਨੁਸਾਰ ਅੰਦਰਲੇ ਪਾਸੇ ਗਿੱਟੇ ਦੀ ਗੋਲੀ ਫਿਸ ਗਈ ਸੀ। ਉਂਗਲਾਂ ਦੀ ਦਾਬ ਨਾਲ ਉਸਨੇ ਟੁਕੜੇ ਇਕ ਥਾਂ ਕਰਕੇ ਬੰਨ੍ਹ ਦਿੱਤਾ ਸੀ ਗਿੱਟਾ। ਮੈਨੂੰ ਗਿਆਨੀ ਦਾ ਇਮਤਿਹਾਨ ਛੱਡਣਾ ਪੈ ਗਿਆ ਸੀ।



ਅਗਲੇ ਬੈਚ ਵਿਚ ਕਰਤਾਰ ਸਿੰਘ (ਜੋ ਬਾਅਦ ਵਿਚ ਕਰਨੈਲ ਸਿੰਘ ਪਾਰਸ ਦਾ ਸ਼ਾਗਿਰਦ ਅਤੇ ਬਲਵੰਤ ਸਿੰਘ ਰਾਮੂਵਾਲੀਏ ਦਾ ਸਾਥੀ ਮਸ਼ਹੂਰ ਕਵੀਸ਼ਰ ਬਣਿਆ।) ਮੇਰੇ ਨਾਲ ਆ ਰਲਿਆ। ਉਹ ਮੇਰੀਆਂ ਕਿਤਾਬਾਂ ਅਤੇ ਲਿਖੇ ਲੈਕਚਰਾਂ ਦਾ ਲਾਹਾ ਲੈਣਾ ਚਾਹੁੰਦਾ ਸੀ। ਹੁਣ ਮੇਰੇ ਤਾਏ ਦਾ ਵੀ ਉਨ੍ਹਾਂ ਨਾਲ ਹੀ ਸੀਰ ਸੀ।

ਕਰਤਾਰ ਸਿੰਘ ਮੇਰਾ ਬਿਸਤਰਾ ਆਪਣੇ ਚੁਬਾਰੇ ਵਿਚ ਚੁਕਵਾ ਲਿਆਇਆ। ਅੱਠਵੀਂ ਦੇ ਸਿਆਲਾਂ ਵਿਚ ਮੈਂ ਕੁਝ ਮਹੀਨੇ ਪੰਡਤਾਂ ਦੇ ਘਰ ਰਾਮ ਸਰੂਪ ਨਾਲ (ਉਸਦਾ ਬਾਪ ਸ਼ਾਂਤੀ ਰਾਮ ਪੰਡਿਤ ਉਸ ਵੇਲੇ ਪੁਲਿਸ ਵਿਚ ਸਿਪਾਹੀ ਸੀ) ਪੜ੍ਹਿਆ ਸਾਂ। ਮਗਰਲੇ ਦੋ ਤਿੰਨ ਬਾਰਾਂ ਪਿੰਡਾਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ ਨੰਦ ਸਿੰਘ ਦੇ ਚੁਬਾਰੇ ਵਿਚ। ਨੌਵੀਂ ਦਸਵੀਂ ਕਰਤਾਰ ਦੇ ਏਸ ਚੁਬਾਰੇ ਵਿਚ ਪੜ੍ਹਦਾ ਰਿਹਾ ਸਾਂ। ਜਦ ਵੀ ਮੈਂ ਪੌੜੀਆਂ ਉਤਰ ਕੇ ਬਾਹਰ ਜਾਣ ਲੱਗਦਾ ਤਾਂ ਬੁੜ੍ਹੀਆਂ ਅਕਸਰ ਆਵਾਜ਼ਾਂ ਦਿੰਦੀਆਂ "ਅਤਰ ਭ੍ਹਾਈ ਲਿਆ ਤੇਰੇ ਤਾਏ ਵਾਲੀ ਬਾਟੀ ਲਿਆ। ਚਾਹ ਪੀ ਕੇ ਜਾਈਂ। ਚਾਹ ਮੈਂ ਪਵਾ ਵੀ ਲੈਂਦਾ। ਪੀ ਵੀ ਲੈਂਦਾ। ਪਸ਼ੂਆਂ ਦੇ ਮੂਹਰਲੇ ਪਾਸੇ ਤੋਂ ਰੇਤਾ ਲੈ ਕੇ ਬਾਟੀ ਮਾਂਜ ਕੇ ਕੁਤਰੇ ਵਾਲੀ ਮਸ਼ੀਨ ਦੇ ਕੋਲ ਆਲੇ 'ਚ ਰੱਖ ਵੀ ਦਿੰਦਾ ਪਰ ਇਕ ਚੀਸ ਦਾ ਅਹਿਸਾਸ ਨਿੱਤ ਦਿਨ ਨਾਲ ਗੂੜ੍ਹਾ ਤੇ ਤਿੱਖਾ ਹੁੰਦਾ ਜਾਂਦਾ। ਅੱਡ ਬਾਟੀ ਲਿਜਾਣ ਦੀ ਚੀਸ ਤਾਂ ਛੇਵੀਂ ਜਮਾਤ ਤੋਂ ਹੀ ਉੱਠਣੀ ਆਰੰਭ ਹੋ ਗਈ ਸੀ ਜਦ ਪਹਿਲੇ ਦਿਨ ਪਰਨੇ ਦੇ ਲੜ ਬਾਟੀ ਬੰਨ੍ਹ ਕੇ ਲਿਜਾਣੀ ਪਈ ਸੀ।

ਕਰਤਾਰ ਦੇ ਚੁਬਾਰੇ ਵਿਚ ਪੜ੍ਹਦਿਆਂ ਮੈਨੂੰ ਸਤਾਉਣ ਤੇ ਤੜਪਾਉਣ ਵਾਲੀ ਘਟਨਾ ਵਾਪਰ ਗਈ। ਮੈਨੂੰ ਰਾਤ ਨੂੰ ਤੇਹ ਲੱਗੀ। ਤੇਹ ਘੱਟ ਅੰਦਰਲੀ ਬਲਤ ਬਹੁਤੀ। ਦਿਨ ਵੇਲ਼ੇ ਤੋਂ ਹੀ ਕਰਤਾਰ ਦੇ ਸਿਰ੍ਹਾਣੇ ਪਈ ਮੱਘੀ ਮੈਨੂੰ ਜਿਵੇਂ ਅੱਖਾਂ ਵਿਚ ਰੜਕ ਰਹੀ ਸੀ। ਉਸ ਰਾਤ ਮੈਂ ਚੱਜ ਨਾਲ ਸੌਂ ਵੀ ਨਾ ਸਕਿਆ। ਪਾਣੀ ਦੀ ਭਰੀ ਮੱਘੀ ਮੇਰੀਆਂ ਅੱਖਾਂ ਅੱਗੇ ਛਾਈ ਰਹੀ।

ਅੱਧੀ ਕੁ ਰਾਤ ਉਠ ਕੇ ਮੈਂ ਮੱਘੀ ਵੱਲ ਅਹੁਲਿਆ। ਕਰਤਾਰ ਨੂੰ ਜਿਵੇਂ ਮੇਰੇ ਇਸ ਹਮਲੇ ਦੀ ਅਗਾਊਂ ਹੀ ਵਿੜਕ ਸੀ। ਉਹ ਇਕ ਦਮ ਬੁੜ੍ਹਕ ਕੇ ਬੈਠਾ ਹੋ ਗਿਆ ਤੇ ਮੱਘੀ ਨੂੰ ਚੁੱਕ ਕੇ ਪਰ੍ਹੇ ਜਾ ਖੜ੍ਹਾ।

"ਇਹ ਕੀ ਕਰਨ ਲੱਗਿਆ ਸੀ? ਪਾਣੀ ਪੀਣਾ ਸੀ ਤਾਂ ਮੈਨੂੰ ਜਗਾਉਂਦਾ। ਮੱਘੀ ਨੂੰ ਕਿਉਂ ਭਿੱਟਣ ਲੱਗਿਆ ਸੀ?" ਮੈਂ ਕੁਝ ਨਾ ਬੋਲਿਆ। ਬਗੈਰ ਪਾਣੀ ਪੀਤੇ ਹੀ ਬਿਸਤਰੇ 'ਚ ਵੜ ਗਿਆ। ਬਾਕੀ ਦੀ ਰਾਤ ਵੀ ਅੱਖ ਨਾ ਲੱਗੀ। ਸਵੇਰੇ ਕਰਤਾਰ ਦੇ ਜਾਗਣ ਤੋਂ ਪਹਿਲਾਂ ਹੀ ਬਿਸਤਰਾ ਵਲ੍ਹੇਟਿਆ ਤੇ ਕਿਤਾਬਾਂ ਵਾਲਾ ਝੋਲਾ ਮੋਢੇ ਟੰਗ ਕੇ ਉਨ੍ਹਾਂ ਦੇ ਘਰੋਂ ਨਿਕਲ ਗਿਆ। ਬੁੜ੍ਹੀਆਂ ਨੇ ਬੜੇ ਬੋਲ ਮਾਰੇ, "ਭਾਈ ਕੀ ਗੱਲ ਹੋ ਗਈ ........ਕੋਹੜੀ ਚਾਹ ਤਾਂ ਪੀ ਜਾ।"

ਮੈਂ ਸਾਰੇ ਰਾਹ ਸੋਚਦਾ ਰਿਹਾ "ਮੈਂ ਕੋਹੜੀ ਆਂ ਕਿ ਤੁਸੀਂ ਜਾਂ ਤੁਹਾਡਾ ਕਰਤਾਰ, ਵੱਡਾ ਸੋਫੀ।" ਉਸ ਦਿਨ ਤੋਂ ਬਾਅਦ ਮੈਂ ਕਰਤਾਰ ਨਾਲੋਂ ਮਾਨਸਿਕ ਤੌਰ 'ਤੇ ਦੂਰ ਜਾ ਖਲੋਤਾ। ਉਸਨੇ ਬੜੀਆਂ ਸਫਾਈਆਂ ਦਿੱਤੀਆਂ। ਪੋਚੇ ਮਾਰੇ ਪਰ ਹੁਣ ਉਹ ਗੱਲ ਨਹੀਂ ਸੀ ਬਣਨੀ। ਮੇਰੇ ਅੰਦਰ ਅਣਖ ਦੇ ਬੀਜ ਫੁੱਟ ਪਏ ਸਨ। ਅਣਖ ਦੀ ਨਵੀਂ ਫਸਲ ਤਿਆਰ ਹੋ ਰਹੀ ਸੀ।

ਵਿਸ਼ਵ ਸਾਹਿਤ

# ਪੰਜਾਬੀ ਅਦਬ 'ਚ ਮਹਿਮੂਦ ਦਰਵੇਸ਼ ਦੀ ਆਮਦ

ਆਤਮਾ ਰਾਮ

'ਮਹਿਮੂਦ ਦਰਵੇਸ਼'!! ਇਹ ਨਾਂ ਪੰਜਾਬੀ ਅਦਬੀ ਜਗਤ ਲਈ ਨਵਾਂ ਹੈ। ਅਸੀਂ ਲੋਕ 'ਦਰਵੇਸ਼' ਨੂੰ ਉਵੇਂ ਨਹੀਂ ਜਾਣਦੇ, ਜਿਵੇਂ ਪ੍ਰੋ. ਮੋਹਨ ਸਿੰਘ, ਦਿਲ ਜਾਂ ਪਾਸ਼ ਨੂੰ ਜਾਣਦੇ ਹਾਂ ਜਾਂ ਫਿਰ ਪਾਤਰ ਜਾਂ ਸ਼ਿਵ ਨੂੰ ਜਾਣਦੇ ਹਾਂ। ਅਜਿਹਾ ਕਿਉਂ ਹੈ? ਇਸ ਲਈ ਕਿ ਅਸੀਂ ਦੁਨੀਆ ਵਿਚ ਅਨਿਆਂ ਅਤੇ ਜ਼ੁਲਮ ਦੇ ਖ਼ਿਲਾਫ਼ ਲੜੀ ਜਾ ਰਹੀ ਲੜਾਈ ਤੋਂ ਪੂਰੀ ਤਰ੍ਹਾਂ ਵਾਕਿਫ਼ ਨਹੀਂ ਹਾਂ। ਇਸਦੀ ਦੂਸਰੀ ਵਜ੍ਹਾ ਇਹ ਹੋ ਸਕਦੀ ਹੈ ਕਿ ਸਾਹਿਤ ਅਤੇ ਆਜ਼ਾਦੀ, ਇਹਨਾਂ ਦੋਵਾਂ ਵਿਚਕਾਰਲੇ ਰਿਸ਼ਤਿਆਂ ਤੋਂ ਅਸੀਂ ਪੂਰੀ ਤਰ੍ਹਾਂ ਵਾਕਿਫ਼ ਨਹੀਂ ਹਾਂ। ਇਸਦੀ ਤੀਸਰੀ ਵਜ੍ਹਾ ਇਹ ਹੋ ਸਕਦੀ ਹੈ ਕਿ ਦੁਨੀਆ ਦੇ ਬੇਹਤਰੀਨ ਸਾਹਿਤ ਨੂੰ ਜਾਨਣ ਦੀ ਖਾਹਿਸ਼ ਦੇ ਬਾਵਜੂਦ ਸਾਡੇ ਕੋਲ ਇਸ ਨੂੰ ਜਾਣਨ ਦਾ ਕੋਈ ਜ਼ਰੀਆ ਨਹੀਂ ਹੈ। ਇਸ ਦੀ ਇਕ ਹੋਰ ਵਜ੍ਹਾ ਇਹ ਹੋ ਸਕਦੀ ਹੈ ਕਿ ਦਰਵੇਸ਼ ਸਾਡੀ ਜ਼ਬਾਨ ਦਾ ਸ਼ਾਇਰ ਨਹੀਂ ਹੈ ਅਤੇ ਸਾਨੂੰ ਉਸਦੀ ਜ਼ਬਾਨ ਨਹੀਂ ਆਉਂਦੀ। ਇਸ ਤਰ੍ਹਾਂ ਦੇ ਕਈ ਕਾਰਨ ਹੋ ਸਕਦੇ ਹਨ। ਪਰ ਦਰਵੇਸ਼ ਨੂੰ ਨਾ ਜਾਣਨ ਦੀ ਅਸਲੀ ਵਜ੍ਹਾ ਸਿਰਫ਼ ਇਕ ਹੈ - ਉਹ ਇਹ ਕਿ ਸਾਨੂੰ ਸਾਹਿਤ ਅਤੇ ਆਜ਼ਾਦੀ ਦੀ ਜੰਗ ਦੇ ਆਪਸੀ ਰਿਸ਼ਤਿਆਂ ਦੀ ਵਾਕਫ਼ੀਅਤ ਨਹੀਂ ਹੈ। ਜਿਹੜੇ ਸਾਥੀ ਇਸ ਰਿਸ਼ਤੇ ਤੋਂ ਵਾਕਿਫ਼ ਹਨ, ਉਹ ਦਰਵੇਸ਼ ਤੋਂ ਵਾਕਿਫ਼ ਹਨ। ਉਹਨਾਂ ਸੂਝਵਾਨ ਸਾਥੀਆਂ ਵਿਚੋਂ ਇਕ ਹੈ - ਸਾਡੇ ਆਪਣੇ, ਮਿਹਨਤਕਸ਼ਾਂ ਦੇ ਹਮਾਇਤੀ ਅਤੇ ਕਲਮ ਦੇ ਧਨੀ ਸਾਥੀ ਹਰਭਜਨ ਸਿੰਘ ਹੁੰਦਲ।

ਪਿਛਲੇ ਸਾਲ ਦੀ ਗੱਲ ਹੈ 'ਚਿਰਾਗ਼' ਦਾ ਦਰਵੇਸ਼ ਅੰਕ ਆਇਆ ਤਾਂ ਮੈਨੂੰ ਬਹੁਤ ਖ਼ੁਸ਼ੀ ਹੋਈ। ਕਿਉਂਕਿ ਦਰਵੇਸ਼ ਮੇਰੇ ਉਹਨਾਂ ਪਸੰਦੀਦਾ ਸ਼ਾਇਰਾਂ ਵਿਚੋਂ ਹੈ, ਜਿਹਨਾਂ ਲਈ ਆਜ਼ਾਦੀ ਅਤੇ ਸਾਹਿਤ ਦੋ ਵੱਖ-ਵੱਖ ਚੀਜ਼ਾਂ ਨਹੀਂ, ਇਕ ਹੀ ਹੈ। 'ਚਿਰਾਗ਼' ਦਾ ਇਹ ਅੰਕ ਪੜ੍ਹ ਕੇ ਮੇਰਾ ਦਿਲ ਹੁੰਦਲ ਸਾਹਿਬ ਦਾ ਸ਼ੁਕਰੀਆ ਅਦਾ ਕਰਦਾ ਰਿਹਾ। ਇਸ ਅੰਕ ਵਿਚ ਮੈਂ ਬਹੁਤ ਕੁਝ ਉਹ ਪੜ੍ਹਿਆ ਜਿਹਦੇ ਬਾਰੇ 'ਚ ਮੈਂ ਪਹਿਲਾਂ ਕਦੇ ਨਹੀਂ ਜਾਣਦਾ ਸੀ। ਅੰਗਰੇਜ਼ੀ ਅਤੇ ਹਿੰਦੀ ਵਿਚ ਮੈਂ ਦਰਵੇਸ਼ ਨੂੰ ਪੜ੍ਹਿਆ ਸੀ ਅਤੇ ਉਸ ਨੂੰ ਆਪਣਾ ਦਿਲ ਦੇ ਬੈਠਾ ਸੀ। ਪਰ 'ਚਿਰਾਗ਼' ਵਿਚ ਉਹਦੇ ਬਾਰੇ ਵਿਚ ਇਸ ਤਰ੍ਹਾਂ ਦੀ ਬੇਸ਼ਕੀਮਤੀ ਸਮੱਗਰੀ ਵੇਖ ਕੇ ਮੈ ਸੱਚੀ ਮੁੱਚੀ ਬਹੁਤ ਖ਼ੁਸ਼ ਹੋਇਆ। ਕਾਫੀ ਦਿਨਾਂ ਤੱਕ ਮੈਂ 'ਚਿਰਾਗ਼' ਦੇ ਉਸ ਅੰਕ ਨੂੰ ਪੜ੍ਹਦਾ ਰਿਹਾ ਤੇ ਉਹਨਾਂ ਦਿਨਾਂ 'ਚ ਮੇਰਾ ਦਿਲ ਉਸ ਰਣਭੂਮੀ 'ਚ ਰਮਿਆ ਰਿਹਾ,ਜਿਸ ਨੇ ਦਰਵੇਸ਼ ਨੂੰ ਪੈਦਾ ਕੀਤਾ ਸੀ। ਦਰਵੇਸ਼ ਦੀਆਂ ਕਵਿਤਾਵਾਂ ਦਾ ਪੰਜਾਬੀ ਅਨੁਵਾਦ ਪੜ੍ਹਦੇ ਸਮੇਂ ਮੈਂ ਸੋਚਦਾ ਰਿਹਾ ਕਿ ਆਖ਼ਰ ਅਜਿਹੀ ਕੀ ਗੱਲ ਹੋਵੇਗੀ, ਜਿਸ ਕਰਕੇ ਹੁੰਦਲ ਸਾਹਿਬ ਨੇ ਦਰਵੇਸ਼ ਨੂੰ ਆਪਣੇ ਅਦਬ ਵਿਚ ਦਾਅਵਤ ਦਿੱਤੀ। ਇਹ ਸਵਾਲ ਇਸ ਲਈ ਵੀ ਜ਼ਰੂਰੀ ਸੀ ਕਿ ਦਰਵੇਸ਼ ਦੀਆਂ ਲਿਖਤਾਂ ਦਾ ਅਨੁਵਾਦ ਕਰਨਾ ਕੋਈ ਹਾਸਾ-ਠੱਠਾ ਨਹੀਂ ਹੈ।



ਜਦ ਪਿਛਲੀ ਇਕ ਮੁਲਾਕਾਤ ਵਿਚ ਇਹ ਗੱਲ ਜਾਣ ਲਈ ਗਈ ਕਿ ਅਨੁਵਾਦ ਉਸ ਵਕਤ ਓਨਾ ਦੁਸ਼ਵਾਰ ਨਹੀਂ ਰਹਿ ਜਾਂਦਾ ਜਦੋਂ ਤੁਸੀਂ ਮਹਿਮੂਦ ਨੂੰ ਉਸਦੀ ਲੜਾਈ ਦੌਰਾਨ ਅਤੇ ਆਜ਼ਾਦੀ ਦੀ ਜੰਗ ਦੇ ਦਰਮਿਆਨ ਕਲਮ ਨੂੰ ਸਾਣ 'ਤੇ ਚੜ੍ਹਾਉਂਦੇ ਹੋਏ ਦੇਖ ਲੈਂਦੇ ਹੋ। ਮੈਂ ਜਾਣਦਾ ਹਾਂ ਕਿ ਕਿਸੇ ਕਵੀ ਨੂੰ ਉਸਦੀ ਕਵਿਤਾ ਵਿਚ ਇਸ ਤਰ੍ਹਾਂ ਕੰਮ ਕਰਦੇ ਦੇਖਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੈ। ਇਹ ਕੋਈ ਮਸ਼ੀਨੀ ਅਮਲ ਨਹੀਂ ਹੈ। ਇਹ ਅਮਲ ਤੁਹਾਡੇ ਸਰੋਕਾਰਾਂ ਨਾਲ ਸਬੰਧ ਰੱਖਦਾ ਹੈ। ਤੁਹਾਡੇ ਫ਼ਿਕਰ ਤੇ ਤੁਹਾਡੀ ਵਿਚਾਰਧਾਰਾ ਨਾਲ ਸਬੰਧ ਰੱਖਦਾ ਹੈ। ਸੌਂਦਰਿਯਾ ਬੋਧ ਦੇ ਮਾਮਲੇ ਵਿਚ ਤਾਂ ਇਹ ਗੱਲ ਕਹੀ ਹੀ ਜਾ ਸਕਦੀ ਹੈ ਕਿ ਬਹੁਤ ਵਾਰ ਤੁਸੀਂ ਖ਼ੁਦ ਨਹੀਂ ਜਾਣਦੇ ਕਿ ਅਸੀਂ ਜਿਸ ਗੱਲ ਨੂੰ ਪਸੰਦ ਕਰਦੇ ਹਾਂ ਉਸ ਦੀ ਬੁਨਿਆਦੀ ਵਜ੍ਹਾ ਕੀ ਹੈ। ਪਰ ਤੁਹਾਡੀ ਪਸੰਦ ਅਤੇ ਫਿਰ ਉਸ ਮੁਤਾਬਕ ਉਸ 'ਤੇ ਤੁਹਾਡਾ ਅਮਲ ਉਸ ਗੱਲ ਨੂੰ ਆਮ ਤੌਰ 'ਤੇ ਅਵਾਮ ਦੇ ਸਾਹਮਣੇ ਲਿਆ ਖੜ੍ਹਾ ਕਰਦਾ ਹੈ ਕਿ ਤੁਸੀਂ ਜ਼ਿੰਦਗੀ ਦਾ ਇਹ ਪੁਰਖ਼ਤਰ ਰਸਤਾ ਕਿਉਂ ਚੁਣਿਆ। ਸਾਹਿਤ ਵਿਚ ਇਹ ਅਮਲ ਸੁਚੇਤ ਅਤੇ ਅਚੇਤ ਦੋਵਾਂ ਪੱਧਰਾਂ 'ਤੇ ਕੰਮ ਕਰਦਾ ਰਹਿੰਦਾ ਹੈ। ਪੜ੍ਹਨ ਲਿਖਣ ਦੌਰਾਨ ਤੁਹਾਡਾ ਅਵਚੇਤਨ ਲਗਾਤਾਰ ਉਸ ਸਮੱਗਰੀ ਨੂੰ ਤਲਾਸ਼ਦਾ ਰਹਿੰਦਾ ਹੈ, ਜਿਸ ਨਾਲ ਤੁਹਾਡਾ ਚੇਤਨ ਮਨ ਹਰਿਆ ਭਰਿਆ2 ਰਹਿਣਾ ਚਾਹੁੰਦਾ ਹੈ। ਇਹ ਇਕ ਅਜਿਹਾ ਜਨੂੰਨ ਹੈ, ਜਿਸ ਦੀ ਕੋਈ ਮਸ਼ੀਨੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਪਰ ਇਹ ਕੋਈ ਇਲਹਾਮ ਹੋਣ ਵਾਲੀ ਗੱਲ ਨਹੀਂ ਹੈ ਸਗੋਂ ਇਹ ਜ਼ਿੰਦਗੀ ਦੀ ਉਸ ਜ਼ਰੂਰਤ ਵਿਚੋਂ ਨਿਕਲੀ ਹੋਈ ਗੱਲ ਹੈ ਜੋ ਕੁਦਰਤੀ ਤੌਰ 'ਤੇ ਆਜ਼ਾਦ ਹੋਣ ਨੂੰ ਰਾਤ ਦਿਨ ਤੜਫਦੀ ਰਹਿੰਦੀ ਹੈ। ਇਹ ਜ਼ਿੰਦਗੀ ਦਾ ਇਕ ਭੌਤਿਕ ਅਮਲ ਹੈ। ਜਿਸ ਨੂੰ ਸਮਝਣ ਲਈ ਥੋੜ੍ਹੀ ਜਿਹੀ ਖੁਰਦਬੀਨੀ ਨਜ਼ਰ ਦੀ ਜ਼ਰੂਰਤ ਹੁੰਦੀ ਹੈ।

ਮੈਂ ਅੰਦਾਜ਼ਾ ਲਗਾ ਸਕਦਾ ਹਾਂ ਕਿ ਸ਼ਾਇਦ ਇਹੀ ਗੱਲ ਰਹੀ ਹੋਵੇਗੀ ਜਿਸ ਨੇ ਹੁੰਦਲ ਸਾਹਿਬ ਨੂੰ ਮਜਬੂਰ ਕੀਤਾ ਕਿ ਹੁਣ ਤਾਂ ਦਰਵੇਸ਼ ਨੂੰ ਪੰਜਾਬੀ ਸਾਹਿਤ ਦੇ ਉਸ ਅੰਬਰ ਵਿਚ ਬੁਲਾ ਹੀ ਲਿਆ ਜਾਵੇ, ਜਿੱਥੇ ਉਹਨਾਂ ਦੀ ਕਮੀ ਹਮੇਸ਼ਾ ਹੀ ਰੜਕਦੀ ਰਹੀ ਹੈ। ਸ਼ਾਇਦ ਇਹ ਗੱਲ ਵੀ ਕਿਤੇ ਖ਼ਿਆਲ ਵਿਚ ਰਹੀ ਹੋਵੇ ਕਿ ਉਸ ਨੂੰ ਸਮਝੀਏ ਤਾਂ ਜੋ ਅਸੀਂ ਵੀ ਉਸਦੀ ਲੜਾਈ ਵਿਚ ਸ਼ਿਰਕਤ ਕਰ ਸਕੀਏ ਤੇ ਅਜਿਹਾ ਕਰਦੇ ਸਮੇਂ ਅਸੀਂ ਉਸਦੀ ਕਲਮ ਨੂੰ ਆਪਣੀ ਲੜਾਈ ਦਾ ਇਕ ਹਥਿਆਰ ਬਣਾ ਸਕੀਏ। ਇਹੀ ਉਹ ਕਾਰਨ ਰਿਹਾ ਹੋਵੇਗਾ ਜਿਸ ਨੇ ਹੁੰਦਲ ਸਾਹਿਬ ਦਾ ਹੱਥ ਫੜ ਕੇ ਉਹਨਾਂ ਨੂੰ ਇਸ ਕੰਮ 'ਤੇ ਲਗਾ ਦਿੱਤਾ। 'ਹੁੰਦਲ' ਦਾ 'ਦਰਵੇਸ਼' ਨੂੰ ਪਸੰਦ ਕਰਨਾ, ਹੁੰਦਲ ਦਾ 'ਦਰਵੇਸ਼' ਦੀ ਜੰਗ ਵਿਚ ਸਿੱਧਿਆਂ ਹੀ ਸ਼ਰੀਕ ਹੋਣਾ ਮੰਨਿਆ ਜਾਵੇਗਾ।

ਹੁਣ ਦਰਵੇਸ਼, ਜਦ ਪੰਜਾਬੀ ਜ਼ਬਾਨ 'ਚ ਢਲਣ ਲੱਗੇ ਹਨ ਅਤੇ ਇਸ ਅਮਲ ਦੌਰਾਨ ਜਿਹਨਾਂ ਦੁਸ਼ਵਾਰੀਆਂ ਦਾ ਸਾਹਮਣਾ ਹੁੰਦਲ ਸਾਹਿਬ ਨੂੰ ਕਰਨਾ ਪਿਆ ਹੋਵੇਗਾ, ਇਸ ਦਾ ਅੰਦਾਜ਼ਾ ਉਹੀ ਲਗਾ ਸਕਦਾ ਹੈ, ਜੋ ਘੱਟੋ ਘੱਟ ਦਰਵੇਸ਼ ਦੇ ਅਦਬ ਤੋਂ ਵਾਕਿਫ ਹੈ। ਹਾਲਾਂਕਿ ਆਪਣੀ ਗੱਲਬਾਤ ਵਿਚ ਉਹਨਾਂ ਨੇ ਮੈਨੂੰ ਇਕ ਵਾਰ ਦੱਸਿਆ ਕਿ ਤਰਜ਼ਮਾ ਕਰਦਿਆਂ ਉਹਨਾਂ ਨੂੰ ਬਹੁਤ ਜ਼ਿਆਦਾ ਮੁਸ਼ਕਿਲਾਂ ਨਹੀਂ ਆਈਆਂ। ਸੱਚਮੁਚ ਇਉਂ ਹੈ

ਤਾਂ ਇਸਦਾ ਸਾਫ ਸਾਫ ਅਰਥ ਇਹ ਹੈ ਕਿ ਹੁੰਦਲ ਉਸ ਕਾਸ਼ਤਕਾਰ ਦੀ ਸਮਝ ਰੱਖਦੇ ਹਨ, ਜੋ ਆਪਣੇ ਖੇਤ ਵਿਚ ਬੀਜ ਬੀਜਣ ਤੋਂ ਪਹਿਲਾਂ ਇਸ ਗੱਲ ਦੀ ਤਸੱਲੀ ਕਰ ਲੈਂਦਾ ਹੈ ਕਿ ਇਸ ਖੇਤ ਵਿਚ ਬੀਜ ਜੜ੍ਹ ਫੜੇਗਾ ਕਿ ਨਹੀਂ। ਸ਼ਾਇਦ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬੀਜ ਅਤੇ ਖੇਤ ਦੇ ਅੰਦਰੂਨੀ ਰਿਸ਼ਤਿਆਂ ਦੀ ਵਾਕਫੀਅਤ ਨੇ 'ਹੁੰਦਲ' ਦਾ ਕੰਮ ਸੌਖਾ ਕਰ ਦਿੱਤਾ ਹੋਵੇਗਾ। ਫਿਰ ਵੀ ਏਨਾ ਸੌਖਾ ਨਹੀਂ ਸੀ ਜਿੰਨਾ ਸਾਨੂੰ ਪਾਠਕਾਂ ਨੂੰ ਲੱਗਦਾ ਹੈ। ਇਹ ਵੀ ਸਹੀ ਹੈ ਕਿ ਹੁੰਦਲ 'ਮਹਿਮੂਦ ਦਰਵੇਸ਼' ਦੀ ਜ਼ਿੰਦਗੀ ਅਤੇ ਜੰਗ ਤੋਂ ਬਹੁਤ ਜ਼ਿਆਦਾ ਵਾਕਿਫ਼ ਹੈ। ਇਹ ਸਾਡੇ ਲਈ ਬਹੁਤ ਹੀ ਫ਼ਖ਼ਰ ਵਾਲੀ ਗੱਲ ਹੈ। ਅਸੀਂ ਕਹਿ ਸਕਦੇ ਹਾਂ ਕਿ ਇਸ ਤਰ੍ਹਾਂ 'ਦਰਵੇਸ਼' ਦਾ ਪੰਜਾਬੀ ਅਦਬ ਵਿਚ ਆਉਣਾ ਇਕ ਤਰ੍ਹਾਂ ਨਾਲ ਇਸ ਗੱਲ ਦਾ ਸੰਕੇਤ ਹੈ ਕਿ ਅਸੀਂ ਆਪਣੀ ਲੜਾਈ ਨੂੰ ਦਰਵੇਸ਼ ਦੀ ਲੜਾਈ ਨਾਲ ਜੋੜਨ ਦੇ ਖਾਹਿਸ਼ਮੰਦ ਹੋ ਚੁੱਕੇ ਹਾਂ।

ਸਾਰੀ ਦੁਨੀਆਂ ਵਿਚ ਜ਼ੁਲਮ ਦੇ ਖਿਲਾਫ਼ ਲੜੀ ਜਾ ਰਹੀ ਜੰਗ ਵਿਚ ਸ਼ਿਰਕਤ ਕਰਨ ਦਾ ਇਹ ਅਦਬੀ ਢੰਗ, ਇਕ ਪਾਸੇ ਸਾਡੀ ਆਪਣੀ ਲੜਾਈ ਨੂੰ ਤੇਜ਼ ਕਰਨ ਦੇ ਕੰਮ ਆਉਂਦਾ ਹੈ, ਉਥੇ ਦੂਜੇ ਪਾਸੇ ਸਾਨੂੰ ਮਿਹਨਤਕਸ਼ਾਂ ਤੇ ਬੇਘਰਿਆਂ ਦੀ ਆਲਮੀ ਜੰਗ ਨਾਲ ਜੋੜਦਾ ਹੈ। ਇਹ ਦੋਹਰਾ ਕੰਮ ਇਕ ਕਲਮਕਾਰ ਕਰਦਾ ਹੈ, ਜੋ ਦੁਨੀਆ ਦੇ ਬੇਹਤਰੀਨ ਅਦਬ ਨੂੰ ਆਪਣੀ ਜ਼ੁਬਾਨ ਵਿਚ ਲਿਆਉਂਦਾ ਹੈ। ਨਾਲ ਹੀ ਆਪਣੀ ਜ਼ੁਬਾਨ ਵਿਚ ਬੇਹਤਰੀਨ ਸਾਹਿਤ ਨੂੰ ਰਚਦਾ ਹੈ ਤਾਂ ਜੋ ਉਹ ਦੁਨੀਆਂ ਦੀਆਂ ਵੱਖੋ-ਵੱਖਰੀਆਂ ਜ਼ੁਬਾਨਾਂ ਵਿਚ ਅਨੁਵਾਦ ਹੋ ਕੇ ਉਹਨਾਂ ਨੂੰ ਹੋਰ ਮਜ਼ਬੂਤ ਅਤੇ ਖ਼ੂਬਸੂਰਤ ਬਣਾਵੇ। ਇਸ ਸਿਲਸਿਲੇ ਵਿਚ ਹੁੰਦਲ ਸਾਹਿਬ ਨੇ ਪੰਜਾਬੀ ਸਾਹਿਤ ਨੂੰ ਦੁਨੀਆਂ ਦਾ ਬਹੁਕੀਮਤੀ ਅਦਬੀ ਸਰਮਾਇਆ ਮੁਹੱਈਆ ਕਰਵਾਇਆ ਹੈ। ਜਿਸ ਵਿਚ ਮਾਇਕੋਵਸਕੀ, ਸਿਰਗੇਈ ਯੈਸੇਨਿਨ, ਬਰੈਖ਼ਤ, ਹਿਕਮਤ, ਲੋਰਕਾ, ਪਾਬਲੋ ਅਤੇ ਦਰਵੇਸ਼ ਸਾਡੇ ਸਾਹਮਣੇ ਹਨ। ਇਸ ਸਿਲਸਿਲੇ ਵਿਚ ਦਰਵੇਸ਼ ਉੱਪਰ ਆਈ ਉਹਨਾਂ ਦੀ ਤਾਜ਼ਾ ਪੁਸਤਕ ਦਾ ਖਾਸ ਤੌਰ 'ਤੇ ਇੱਥੇ ਜ਼ਿਕਰ ਕਰਾਂਗੇ।

ਸਭ ਤੋਂ ਪਹਿਲਾਂ ਤਾਂ ਮੈਂ ਇਹ ਦੱਸ ਦੇਵਾਂ ਕਿ ਦੁਨੀਆ ਦੇ ਕਿਸੇ ਵੀ ਵੱਡੇ ਲੇਖਕ ਵਾਂਗ ਦਰਵੇਸ਼ ਨੂੰ ਵੀ ਸਮਝਣ ਲਈ ਪਹਿਲਾਂ ਇਹ ਜਾਨਣਾ ਜ਼ਰੂਰੀ ਹੋ ਜਾਂਦਾ ਹੈ ਕਿ ਦਰਵੇਸ਼ ਨੂੰ ਦਰਵੇਸ਼ ਬਣਾਇਆ ਕਿਸ ਨੇ। ਦਰਵੇਸ਼ ਨੂੰ ਜਾਨਣ ਲਈ ਤਾਂ ਇਹ ਹੋਰ ਵੀ ਜ਼ਰੂਰੀ ਹੈ। ਜਿਸ ਪੁਸਤਕ ਦਾ ਜ਼ਿਕਰ ਮੈਂ ਇੱਥੇ ਕਰ ਰਿਹਾ ਹਾਂ, ਉਸ ਵਿਚ ਇਸ ਸਵਾਲ ਦਾ ਜਵਾਬ ਸ਼ੁਰੂ ਵਿਚ ਹੀ ਦਿੱਤਾ ਗਿਆ ਹੈ। ਅਨੁਵਾਦਕ ਅਤੇ ਕਵੀ ਇਕੱਠਿਆਂ ਆ ਮਿਲਣ ਉੱਪਰ ਹੁੰਦਲ ਸਾਹਿਬ ਖ਼ੁਦ ਹੀ ਇਸ ਸਵਾਲ ਨੂੰ ਦਰਵੇਸ਼ ਸਾਹਮਣੇ ਪੇਸ਼ ਕਰਦੇ ਹਨ ਅਤੇ ਫਿਰ ਆਪਣੇ ਸਵਾਲ ਦੇ ਜਵਾਬ ਦਾ ਤਰਜਮਾ ਕਰਦੇ ਕਹਿੰਦੇ ਹਨ।

ਜ਼ਰਾ ਇਹਨਾਂ ਸਤਰਾਂ ਨੂੰ ਦੇਖੋ—

ਤੂੰ ਵੀ ਅਜੀਬ ਚੀਜ਼ ਹੈਂ
ਮਹਿਮੂਦ ਦਰਵੇਸ਼!!



ਮੈਂ ਪੁੱਛਦਾ ਹਾਂ
"ਤੇਰਾ ਪਿੰਡ ਕਿੱਥੇ ਹੈ?
ਤੇ ਕਿਹੜਾ ਦੇਸ਼ ਤੇਰਾ ਹੈ?

ਕਿੱਥੇ ਨੇ ਤੇਰੀਆਂ ਭੈਣਾਂ ਤੇ ਮਾਂ
ਤੇਰਾ ਮਾਲ ਡੰਗਰ, ਤੇਰੇ ਖੇਤ
ਤੇਰੀ ਜੱਦੀ-ਜਾਇਦਾਦ?
ਕੀ ਹੈ ਤੇਰੇ ਘਰ ਦਾ ਨੰਬਰ
ਗਲੀ ਦਾ ਨਾਂ
ਫੋਨ-ਨੰਬਰ?

ਅਤੇ ਫਿਰ ਜਦ ਇਸ ਤਰ੍ਹਾਂ ਨਾਲ ਅਸੀਂ ਦਰਵੇਸ਼ ਨਾਲ ਦੋ ਚਾਰ ਹੁੰਦੇ ਹਾਂ ਤਾਂ ਕਹਿ ਸਕਦੇ ਹਾਂ ਕਿ ਅਨੁਵਾਦ ਜ਼ੁਬਾਨ ਦੀਆਂ ਹੱਦਾਂ ਨੂੰ ਪਾਰ ਕਰ ਚੁੱਕਿਆ ਹੈ ਅਤੇ ਸਿਰਜਣਾ ਦੇ ਦਾਇਰੇ ਵਿਚ ਦਾਖਲ ਹੋ ਚੁੱਕਿਆ ਹੈ। ਇਹਨਾਂ ਸਤਰਾਂ ਨੂੰ ਪੜ੍ਹ ਕੇ ਅਜਿਹਾ ਹੀ ਲੱਗਦਾ ਹੈ —

ਕਿਵੇਂ ਜਿਉਂਦਾ ਹੈਂ?
ਕਿਵੇਂ ਜੂਝਦਾ ਹੈਂ?
ਕਿਵੇਂ ਮਰਦਾ ਹੈਂ?

ਜ਼ਰਾ ਦੱਸੀਂ ਤਾਂ ਸਹੀ
ਸੂਲੀ ਦੀ ਨੋਕ ਉੱਤੇ
ਤੈਨੂੰ ਕਵਿਤਾ ਕਿਵੇਂ ਫੁਰਦੀ ਹੈ?
ਠੋਕਰਾਂ ਖਾਂਦੇ, ਲੜਦੇ, ਮਰਦੇ,
ਤੇਰੀ ਕਲਪਨਾ ਦੀ 'ਕਾਨੀ'
ਕੋਰੇ ਕਾਗਜ਼ ਉੱਤੇ
ਕਿਵੇਂ ਤੁਰਦੀ ਹੈ?

ਮਹਿਮੂਦ। ਮਹਿਮੂਦ ਦਰਵੇਸ਼। ਫਲਸਤੀਨ ਦੇ ਇਸ ਲਾਡਲੇ ਸ਼ਾਇਰ ਨੂੰ ਜਾਣਨ ਦੇ ਲਿਹਾਜ਼ ਨਾਲ ਕਿਤਾਬ ਦੇ ਸ਼ੁਰੂ ਵਿਚ ਹੀ ਉਸਦੇ ਜੀਵਨ ਬਾਰੇ ਦੋ ਅਧਿਆਏ ਦਿੱਤੇ ਗਏ ਹਨ। ਜਿਸ ਮੁਲਾਕਾਤ ਨੂੰ ਇੱਥੇ ਦਿੱਤਾ ਗਿਆ ਹੈ ਉਸ ਨੂੰ ਪੜ੍ਹ ਕੇ ਦਰਵੇਸ਼ ਅਤੇ ਫਲਸਤੀਨੀ ਅਵਾਮ ਦੀ ਆਜ਼ਾਦੀ ਦੀ ਜੰਗ ਨੂੰ ਸਮਝਿਆ ਜਾ ਸਕਦਾ ਹੈ। ਇਹ ਮੁਲਾਕਾਤ ਇਸ ਲਈ ਵੀ ਜ਼ਰੂਰੀ ਹੈ ਕਿ ਇਸ ਵਿਚ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਦਰਵੇਸ਼ ਦਾ ਵਿਕਾਸ ਕਿਸ ਦਿਸ਼ਾ, ਕਿਹਨਾਂ ਕਿਹਨਾਂ ਉੱਬੜ-ਖਾਬੜ ਅਤੇ ਸੰਘਰਸ਼ ਭਰੇ ਰਸਤਿਆਂ ਤੋਂ ਹੋ ਕੇ ਹੋਇਆ ਹੈ। ਇਹ ਮੁਲਾਕਾਤ ਜੀਵਨ ਦੀਆਂ ਦਿਸ਼ਾਵਾਂ ਦੇ ਨਾਲ਼ ਨਾਲ਼ ਜੁੜੀ ਕਵਿਤਾ ਦੀਆਂ ਦਿਸ਼ਾਵਾਂ ਅਤੇ ਉਸਦੇ ਵਿਕਾਸ ਨੂੰ ਵੀ ਸਾਡੇ ਸਾਹਮਣੇ

ਉਜਾਗਰ ਕਰਦੀ ਹੈ। ਇਸ ਮੁਲਾਕਾਤ ਨੂੰ ਪੜ੍ਹ ਕੇ ਲੱਗਦਾ ਹੈ ਕਿ ਦਰਵੇਸ਼ ਦੀ ਕਵਿਤਾ ਅਤੇ ਫਲਸਤੀਨ ਦੀ ਜੰਗ ਵਿਚ ਕਿੰਨਾ ਡੂੰਘਾ ਰਿਸ਼ਤਾ ਹੈ। ਸਭ ਤੋਂ ਮਜ਼ੇਦਾਰ ਗੱਲ ਤਾਂ ਇਹ ਹੈ ਕਿ ਦਰਵੇਸ਼ ਦੀ ਕਵਿਤਾ, ਜੰਗ ਵਿਚ ਦਰਵੇਸ਼ ਦੀ ਸ਼ਿਰਕਤ ਦੀ ਨੁਮਾਇੰਦਗੀ ਕਰਦੀ ਨਜ਼ਰ ਆਉਂਦੀ ਹੈ। ਜੰਗ ਦੇ ਐਨ ਵਿਚਕਾਰ ਜੂਝਦੀ ਨਜ਼ਰ ਆਉਂਦੀ ਹੈ। ਲੋਕ-ਸਾਹਿਤ ਲਈ ਇਹ ਗੱਲ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ ਕਿ ਉਹ ਦੁਸ਼ਮਣਾਂ ਦਾ ਸਾਹਮਣਾ ਕਰਦਾ ਹੋਇਆ ਤਪ ਕੇ ਕੁੰਦਨ ਦੀ ਸ਼ਕਲ ਵਿਚ ਸਾਡੇ ਹੱਥਾਂ ਤੱਕ ਪਹੁੰਚਦਾ ਹੈ। ਦਰਵੇਸ਼ ਦੀ ਕਵਿਤਾ ਉਹਨਾਂ ਵਿਚੋਂ ਇਕ ਹੈ। ਉਹਨਾਂ ਹੀ ਵਾਂਗ ਜੰਗ ਦੀ ਭੱਠੀ ਵਿਚ ਤਪੀ ਹੋਈ।

ਜਦੋਂ ਮੈਂ ਇਹਨਾਂ ਕਵਿਤਾਵਾਂ ਨੂੰ ਪੜ੍ਹ ਰਿਹਾ ਸੀ, ਮੈਂ ਸੋਚਦਾ ਰਿਹਾ ਕਿ ਕਿਸ ਕਦਰ ਇਹ ਕਵਿਤਾਵਾਂ ਮੇਰੇ ਮੁਲਕ ਦੀ ਉਸ ਜੱਦੋ-ਜਹਿਦ ਦੇ ਨਾਲ ਆ ਕੇ ਜੁੜ ਜਾਂਦੀਆਂ ਹਨ, ਜਿੱਥੋਂ ਦੇ ਲੋਕ ਵੀ ਅਰਬੀਆਂ ਵਾਂਗ ਆਪਣੇ ਘਰ ਦੀ ਤਲਾਸ਼ ਵਿਚ ਸਾਰੀ ਉਮਰ ਸੰਘਰਸ਼ ਵਿਚ ਗੁਜ਼ਾਰ ਦਿੰਦੇ ਹਨ। ਆਪਣੇ ਘਰ, ਆਪਣੇ ਪਿੰਡ ਅਤੇ ਆਪਣੇ ਸੱਭਿਆਚਾਰ ਦੀ ਤਲਾਸ਼, ਉਸ ਸਹਿਜ ਜੀਵਨ ਦੀ ਤਲਾਸ਼ ਜਿਸ ਨੂੰ ਦੁਸ਼ਮਣਾਂ ਨੇ ਖ਼ਤਮ ਕਰ ਦਿੱਤਾ, ਇਸ ਲਈ ਹੀ ਫਲਸਤੀਨ ਦੇ ਬਾਸ਼ਿੰਦਿਆਂ ਨੇ ਗੁਲਾਮੀ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਕਿਵੇਂ ਹੋਇਆ? ਦਰਵੇਸ਼ ਦੀ ਕਵਿਤਾ ਸਾਨੂੰ ਦੱਸਦੀ ਹੈ ਕਿ ਫਲਸਤੀਨੀ ਅਵਾਮ ਗੋਡੇ ਟੇਕਣ ਨੂੰ ਤਿਆਰ ਨਹੀਂ ਹੈ। ਉਸ ਅਵਾਮ ਦੀ ਇਸ ਕਦੀ ਨਾ ਖ਼ਤਮ ਹੋਣ ਵਾਲੀ ਜੰਗ ਵਿਚ ਕਵਿਤਾ ਨੇ ਕਿੰਨਾ ਵੱਡਾ ਕਿਰਦਾਰ ਅਦਾ ਕੀਤਾ ਹੈ। ਦਰਵੇਸ਼ ਦੀ ਕਵਿਤਾ "ਜਦੋਂ ਦਾ ਮੌਕਾ ਮਿਲੇ, ਅਸੀਂ ਜ਼ਿੰਦਗੀ ਨੂੰ ਪਿਆਰ ਕਰਦੇ ਹਾਂ।" "ਇਕ ਪੁਰਾਤਨ ਤੇ ਸੁੰਦਰ ਸ਼ਹਿਰ ਛੱਡਣ ਸਮੇਂ।" ਇਸੇ ਤਰ੍ਹਾਂ ਉਸਦੀ ਬੇਹੱਦ ਸੁੰਦਰ ਅਤੇ ਲੰਮੀ ਕਵਿਤਾ "ਮੁਰਾਲ" ਜਿਸ ਦਾ ਇਕ ਵੱਡਾ ਹਿੱਸਾ ਇੱਥੇ ਅਨੁਵਾਦ ਕੀਤਾ ਗਿਆ, ਸੱਚੀ ਮੁੱਚੀ ਹੀ ਦਿਲ ਦਹਿਲਾ ਦਿੰਦਾ ਹੈ। ਜਿਸ ਹਿੱਸੇ ਦਾ ਅਨੁਵਾਦ ਕੀਤਾ ਗਿਆ ਹੈ, ਉਸ ਦਾ ਨਾਂ ਦਿੱਤਾ ਗਿਆ ਹੈ "ਮੈਂ ਜਿਉਣਾ ਚਾਹੁੰਦਾ ਹਾਂ" ਇਸ ਦਾ ਅਨੁਵਾਦ ਤਾਂ ਮਨ ਨੂੰ ਮੋਹ ਲੈਂਦਾ ਹੈ। ਇਸ ਦਾ ਇਕ ਹਿੱਸਾ ਇਸ ਤਰ੍ਹਾਂ ਹੈ —

ਤੈਨੂੰ ਲੋੜ ਨਹੀਂ ਮੈਨੂੰ ਮਾਰਨ ਲਈ
ਕਿਸੇ ਬੀਮਾਰੀ ਦੀ
ਸੌ ਕੀੜਿਆਂ ਨਾਲੋਂ ਨੇਕ ਬਣ
ਪਾਰਦਰਸ਼ੀ ਬਣ, ਅਦਿੱਖ ਦਾ ਸਾਫ ਸੰਦੇਸ਼
ਤੇ ਪਿਆਰ ਵਾਂਗ
ਰੁੱਖਾਂ ਵਿਚ ਦੀ ਲੰਘਦੇ
ਗੁਸੈਲੇ ਝੱਖੜ ਵਾਂਗ ਬਣ ਜਾ
ਕਿਸੇ ਟੈਕਸ ਉਗਰਾਹੁਣ ਵਾਲੇ
ਜਾਂ ਕਿਸੇ ਮੰਗਤੇ ਵਾਂਗ
ਬੂਹੇ ਵਿਚ ਨਾ ਬੈਠ



ਗਲੀਆਂ ਵਿਚਲਾ ਟਰੈਫਿਕ ਸਿਪਾਹੀ ਨਾ ਬਣ
ਤਕੜੀ ਹੋ, ਫੌਲਾਦੀ ਸੁਭਾਅ ਵਾਲੀ
ਤੇ ਇਹ ਲੂੰਬੜੀ ਵਾਲਾ ਨਕਾਬ ਲਾਹ ਲੈ
ਬਹਾਦਰ ਬਣ ਕੇ ਬੀਰਤਾ ਪੂਰਨ,
ਤੇ ਆਪਣੇ ਮਾਰੂ ਹਮਲੇ ਸ਼ੁਰੂ ਕਰ
ਕਹਿ ਜੋ ਕਹਿਣਾ ਹੈ
"ਮੈਂ ਅਰਬਾਂ ਵਿਚੋਂ ਅਰਬ ਵਾਂਗ ਪ੍ਰਗਟ ਹੁੰਦੀ ਹਾਂ।"

ਕੋਈ 75-80 ਕਵਿਤਾਵਾਂ ਦਾ ਅਨੁਵਾਦ ਇਸ ਪੁਸਤਕ ਵਿਚ ਹੈ। ਇਸ ਦਾ ਦਾਇਰਾ 25-30 ਸਾਲਾਂ ਵਿਚ ਲਿਖੀਆਂ ਦਰਵੇਸ਼ ਦੀਆਂ ਕਵਿਤਾਵਾਂ ਹਨ। ਕਾਫੀ ਸਾਰੀਆਂ ਲੰਬੀਆਂ ਕਵਿਤਾਵਾਂ ਹਨ, ਜੋ ਦਰਵੇਸ਼ ਦੀ ਸ਼ਾਇਰੀ ਦੇ ਸਫ਼ਰ ਨੂੰ ਜਾਣਨ ਵਿਚ ਜ਼ਿਆਦਾ ਮਦਦਗਾਰ ਸਾਬਿਤ ਹੁੰਦੀਆਂ ਹਨ। ਇਹਨਾਂ ਕਵਿਤਾਵਾਂ ਵਿਚ ਦਰਵੇਸ਼ ਆਪਣੀ ਸ਼ਾਇਰੀ ਦੇ ਅਦਬੀ ਮਿਆਰਾਂ ਅਤੇ ਸੌਂਦਰਯ ਦੇ ਤਮਾਮ ਪੈਮਾਨਿਆਂ ਦਾ ਭਰਪੂਰ ਜ਼ਿਕਰ ਕਰਦਾ ਹੈ। ਦਰਵੇਸ਼ ਦੀ ਕਵਿਤਾ ਵਿਚ ਪੂਰੇ ਦਾ ਪੂਰਾ ਅਰਬ ਆਪਣੀ ਇਤਿਹਾਸਕ ਖ਼ੂਬਸੂਰਤੀ ਅਤੇ ਸੰਘਰਸ਼ ਨਾਲ ਉਭਰ ਕੇ ਸਾਹਮਣੇ ਆਉਂਦਾ ਹੈ। ਕਵਿਤਾਵਾਂ ਪੜ੍ਹਦੇ ਸਮੇਂ ਮੈਂ ਸੋਚਦਾ ਰਿਹਾ ਕਿ ਕਿਰਤ ਅਤੇ ਸੰਘਰਸ਼ ਨਾਲ ਭਰਪੂਰ ਫਲਸਤੀਨੀ ਜ਼ਿੰਦਗੀ ਨੂੰ ਪੰਜਾਬੀ ਵਿਚ ਲਿਆਉਂਦਿਆਂ ਹੁੰਦਲ ਸਾਹਿਬ ਦੇ ਜ਼ਿਹਨ ਵਿਚੋਂ ਕੀ-ਕੀ ਗੁਜ਼ਰਿਆ ਹੋਵੇਗਾ। ਇਕ ਪਾਠਕ ਲਈ ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਹੁੰਦਲ ਸਾਹਿਬ ਨੂੰ ਇਸ ਸਵਾਲ ਦੇ ਨਾਲ ਜ਼ਰੂਰ ਟਕਰਾਉਣਾ ਪਿਆ ਹੋਵੇਗਾ, ਕੀ ਪੰਜਾਬ ਦੀ ਜ਼ਮੀਨ ਫਲਸਤੀਨੀ ਜ਼ਿੰਦਗੀ ਦੇ ਕਾਵਿ ਸੌਂਦਰਯ ਨੂੰ ਆਪਣੇ ਆਪ ਵਿਚ ਸਮਾਉਣ ਲਈ ਸੱਚ ਮੁੱਚ ਹੀ ਤਿਆਰ ਹੈ। ਹਰ ਸੁਚੇਤ ਅਨੁਵਾਦਕ ਨੂੰ ਬਿਨਾਂ ਸ਼ੱਕ ਇਹਨਾਂ ਗੱਲਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਬਤੌਰ ਨਮੂਨਾ, ਇਕ ਕਵਿਤਾ ਮੈਂ ਪੜ੍ਹ ਰਿਹਾ ਹਾਂ, ਇਹ 1967 ਦੀ ਲਿਖੀ ਕਵਿਤਾ ਹੈ, ਦਰਵੇਸ਼ ਉਸ ਸਮੇਂ ਸੰਘਰਸ਼ ਵਿਚ ਪੂਰੀ ਤਰ੍ਹਾਂ ਦਾਖਲ ਹੋ ਚੁੱਕਾ ਸੀ ਤੇ ਆਪਣੀ ਸਿਆਸੀ ਸਮਝ ਨੂੰ ਵਿਕਸਤ ਕਰ ਹੀ ਰਿਹਾ ਸੀ। ਉਸ ਵਕਤ ਦੀ ਇਹ ਕਵਿਤਾ ਬਾਕੀ ਯਾਨੀ ਅੱਗੋਂ ਦੀ ਜ਼ਿਆਦਾ ਪ੍ਰਪੱਕ ਕਵਿਤਾ ਦੇ ਮੁਕਾਬਲੇ ਸਹਿਜ ਹੈ ਅਤੇ ਆਪਣੇ ਮਕਸਦ ਦੇ ਜ਼ਿਆਦਾ ਨੇੜੇ ਦਿਖਾਈ ਦਿੰਦੀ ਹੈ। ਇਸ ਕਵਿਤਾ ਦਾ ਨਾਂ ਹੁੰਦਲ ਸਾਹਿਬ ਨੇ 'ਇਕ ਸੈਨਿਕ ਫੁੱਲਾਂ ਦੇ ਸੁਪਨੇ ਲੈਂਦਾ ਹੈ' ਦਿੱਤਾ ਹੈ। ਇਸ ਦਾ ਇਹ ਹਿੱਸਾ ਪੜ੍ਹਨ 'ਤੇ ਤੁਹਾਨੂੰ ਲੱਗੇਗਾ ਕਿ ਮਹਿਮੂਦ ਆਪਣੇ ਦੇਸੀ ਖਿਆਲਾਂ ਨੂੰ ਕਿਸ ਖ਼ੂਬਸੂਰਤੀ ਨਾਲ ਕਵਿਤਾ ਦੀ ਸ਼ਕਲ ਦਿੰਦਾ ਹੈ। ਅਸਲ ਵਿਚ ਮਹਿਮੂਦ ਤਮਾਮ ਉਮਰ ਅਜ਼ਾਦ ਹੋਣ ਦੇ ਸੁਖ ਅਤੇ ਉਹਦੇ ਲਈ ਲੜਦੇ ਵਕਤ ਉਸਦੇ ਸੁਪਨੇ-ਇਹਨਾਂ ਦੋਵਾਂ ਨਾਲ ਸੰਵਾਦ ਕਰਦਾ ਰਹਿੰਦਾ ਹੈ। ਇਨਸਾਨ ਅਤੇ ਕੁਦਰਤ ਵਿਚਲੇ ਸਹਿਜ ਸਬੰਧਾਂ 'ਤੇ ਸੰਵਾਦ ਕਰਨਾ ਅਤੇ ਇਹਨਾਂ ਸਬੰਧਾਂ ਨੂੰ ਤਹਿਸ ਨਹਿਸ ਕਰਨ ਵਾਲੀਆਂ ਤਾਕਤਾਂ ਨਾਲ ਲੋਹਾ ਲੈਣਾ, ਪਰ ਕੁਦਰਤ ਦੇ ਕਾਰਨਾਮਿਆਂ ਨੂੰ, ਜਿਸ ਨਾਲ ਇਨਸਾਨੀ ਜ਼ਿੰਦਗੀ ਫਲਦੀ ਫੁਲਦੀ ਰਹੀ ਹੈ, ਦਰਵੇਸ਼ ਇਸ ਗੱਲ ਨੂੰ ਕਦੇ ਨਹੀਂ ਭੁੱਲਦਾ। ਦੇਖੋ ਦਰਵੇਸ਼ ਇਸ ਕਵਿਤਾ ਵਿਚ ਕੀ

ਕਹਿੰਦਾ ਹੈ —

ਉਸਦੀ ਛਾਤੀ ਤਗਮਿਆਂ ਤੋਂ ਸੱਖਣੀ ਸੀ
ਉਹ ਚੰਗਾ ਸਿਖਿਅਤ ਲੜਾਕਾ ਨਹੀਂ ਸੀ
ਸਗੋਂ ਇਕ ਕਿਸਾਨ, ਇਕ ਮਜ਼ਦੂਰ
ਜਾਂ ਫੇਰੀ ਵਾਲਾ ਜਾਪਦਾ ਸੀ
ਉਹ ਤੰਬੂ ਵਾਂਗ ਡਿੱਗਾ ਤੇ ਮਰ ਗਿਆ
ਉਸ ਦੀਆਂ ਬਾਹਵਾਂ ਸੁੱਕੇ ਨਾਲੇ ਦੇ
ਪਾੜ ਵਾਂਗ ਫੈਲੀਆਂ ਹੋਈਆਂ ਸਨ।
ਜਦੋਂ ਮੈਂ ਉਸ ਦਾ ਨਾਂ ਜਾਨਣ ਲਈ
ਉਸਦੀ ਜੇਬ ਫੋਲੀ
ਤਾਂ ਮੈਨੂੰ ਦੋ ਤਸਵੀਰਾਂ ਲੱਭੀਆਂ
ਇਕ ਉਸ ਦੀ ਪਤਨੀ ਦੀ
ਤੇ ਦੂਸਰੀ ਉਸਦੀ ਧੀ ਦੀ।"
ਕੀ ਤੂੰ ਉਦਾਸ ਨਾ ਹੋਇਆ? ਮੈਂ ਪੁੱਛਿਆ
ਮੇਰੀ ਗੱਲ ਨੂੰ ਟੋਕਦਾ ਹੋਇਆ ਆਖਣ ਲੱਗਾ
"ਮੇਰੇ ਮਿੱਤਰ ਮਹਿਮੂਦ
ਉਦਾਸੀ ਉਹ ਚਿੱਟਾ ਪਰਿੰਦਾ ਹੈ
ਜੋ ਮੈਦਾਨੇ-ਜੰਗ ਦੇ ਲਾਗੇ ਨਹੀਂ ਫਟਕਦਾ
ਸਿਪਾਹੀ ਗੁਨਾਹ ਕਰਦੇ ਹਨ
ਜਦੋਂ ਉਹ ਉਦਾਸ ਹੁੰਦੇ ਨੇ
ਮੈਂ ਉੱਥੇ ਇਕ ਉਸ ਮਸ਼ੀਨ ਵਾਂਗ ਸੀ
ਜੋ ਦੋਜ਼ਖ ਦੀ ਅੱਗ ਤੇ ਮੌਤ ਦਾ
ਮੀਂਹ ਵਰ੍ਹਾਉਂਦੀ ਹੈ
ਤੇ ਪੁਲਾੜ ਨੂੰ ਕਾਲੇ ਪੰਛੀ ਵਿਚ
ਬਦਲ ਦਿੰਦੀ ਹੈ।"

ਬਹਰਹਾਲ, ਇਸ ਤਰ੍ਹਾਂ ਮਹਿਮੂਦ ਦੀਆਂ ਇਹ ਕਵਿਤਾਵਾਂ ਕਿੰਨੀਆਂ ਮਹਿਮੂਦ ਦੀਆਂ ਹਨ ਅਤੇ ਕਿੰਨੀਆਂ ਉਹਨਾਂ ਲੋਕਾਂ ਦੀਆਂ ਹਨ ਜੋ ਕਵਿਤਾਵਾਂ ਦੇ ਬੀਜਾਂ ਨੂੰ ਖਾਦ ਪਾਣੀ ਦਿੰਦੇ ਹੋਏ ਆਜ਼ਾਦੀ ਦੀ ਜੰਗ ਲੜ ਰਹੇ ਹਨ। ਫਿਰ ਉਹੀ ਸਵਾਲ ਉਭਰ ਕੇ ਆਉਂਦਾ ਹੈ ਕਿ ਪਹਿਲਾਂ ਉਸ ਗੱਲ ਨੂੰ ਤਲਾਸ਼ ਲਵੋ ਜਿਸ ਨੇ ਮਹਿਮੂਦ ਨੂੰ ਇਕ ਛੋਟੇ ਜਿਹੇ ਉਜੜੇ ਹੋਏ ਪਿੰਡ ਤੋਂ ਚੁੱਕ ਕੇ ਆਲਮੀ ਅੰਬਰ 'ਤੇ ਏਨਾ ਵੱਡਾ ਬਣਾ ਦਿੱਤਾ। ਉਸਦਾ ਵੱਡਾ ਹੋਣਾ ਉਹ ਸੰਘਰਸ਼ ਹੈ ਜਿਸ ਨੂੰ ਮਹਿਮੂਦ ਨੇ ਕਵਿਤਾਵਾਂ ਵਿਚ ਨਹੀਂ ਕਵਿਤਾਵਾਂ ਦੇ ਬਾਹਰ ਲੜਿਆ ਹੈ ਅਤੇ ਲੜਦਾ ਜਾ ਰਿਹਾ ਹੈ। ਸਾਨੂੰ ਜਨਾਬ ਹੁੰਦਲ ਸਾਹਿਬ ਦਾ ਅਹਿਸਾਨਮੰਦ ਹੋਣਾ



ਚਾਹੀਦਾ ਹੈ ਕਿ ਇਹ ਉਹਨਾਂ ਦੀ ਸੂਝ, ਮਿਹਨਤ ਅਤੇ ਵਿਚਾਰਧਾਰਕ ਸਰੋਕਾਰ ਦਾ ਨਤੀਜਾ ਹੈ ਕਿ ਅੱਜ ਅਸੀਂ ਮਹਿਮੂਦ ਦੇ ਨੇੜੇ ਹਾਂ। ਅੱਜ ਅਸੀਂ ਕਹਿ ਸਕਦੇ ਹਾਂ ਕਿ ਮਹਿਮੂਦ ਅਸੀਂ ਤੁਹਾਡੀ ਲੜਾਈ ਤੋਂ ਬਾਖ਼ੂਬੀ ਵਾਕਿਫ਼ ਹੋ ਚੁੱਕੇ ਹਾਂ ਅਤੇ ਅਸੀਂ ਉਸ ਵਿਚ ਸ਼ਰੀਕ ਹੋ ਰਹੇ ਹਾਂ। ਅਸੀਂ ਕਹਾਂਗੇ —

ਹਮੇਸ਼ਾ ਉਲਝਤੀ ਰਹੀ ਹੈ ਜ਼ੁਲਮ ਸੇ ਖ਼ਲਕ
ਨਾ ਉਨਕੀ ਰਸਮ ਨਈ ਹੈ ਨਾ ਅਪਨੀ ਰੀਤ ਨਈ
ਹਮੇਸ਼ਾ ਖਿਲਾਏ ਹੈਂ ਹਮਨੇ ਆਗ ਮੇਂ ਫੂਲ
ਨਾ ਉਨਕੀ ਹਾਰ ਨਈ ਹੈ ਨਾ ਅਪਨੀ ਜੀਤ ਨਈ।

ਆਖਰ ਵਿਚ ਏਨਾ ਕਹਿ ਦੇਣਾ ਜ਼ਰੂਰੀ ਹੈ ਕਿ ਜਿਸ ਤਰ੍ਹਾਂ ਜ਼ੁਲਮ ਅਤੇ ਸਾਮਰਾਜਵਾਦ ਦੇ ਖ਼ਿਲਾਫ਼ ਸਾਡੀ ਲੜਾਈ ਹਾਲੇ ਖ਼ਤਮ ਨਹੀਂ ਹੋਈ, ਉਸੇ ਤਰ੍ਹਾਂ ਦਰਵੇਸ਼ ਦੀ ਲੜਾਈ ਵੀ ਹਾਲੇ ਖ਼ਤਮ ਨਹੀਂ ਹੋਈ। ਕਵਿਤਾਵਾਂ ਪੜ੍ਹਨ ਤੋਂ ਬਾਅਦ ਮੈਂ ਆਪਣੇ ਆਪ ਨੂੰ ਸਵਾਲ ਕਰਨ ਲੱਗਾ ਕਿ ਅਸੀਂ ਮਹਿਮੂਦ ਦਰਵੇਸ਼ ਦੀ ਕੋਈ ਮਦਦ ਕਰ ਸਕਦੇ ਹਾਂ? ਉਸ ਨੂੰ ਆਪਣਾ ਪਿੰਡ, ਆਪਣੀ ਤਹਿਜ਼ੀਬ, ਆਪਣਾ ਸੱਭਿਆਚਾਰ ਵਾਪਸ ਮਿਲ ਜਾਵੇ, ਇਹਦੇ ਲਈ ਅਸੀਂ ਕੀ ਕਰ ਸਕਦੇ ਹਾਂ? ਇਹ ਕਦੋਂ ਹੋਵੇਗਾ, ਇਹ ਉਸ ਵਕਤ ਹੋਵੇਗਾ ਜਦੋਂ ਅਸੀਂ ਵੀ ਆਪਣੇ ਪਿੰਡ ਨੂੰ ਵਾਪਸ ਲੈਣ ਲਈ ਮਹਿਮੂਦ ਦਰਵੇਸ਼ ਵਾਂਗ ਜੰਗ ਵਿਚ ਉਤਰੇ ਤੇ ਕਲਮ ਨੂੰ ਸਾਣ 'ਤੇ ਚੜ੍ਹਾਇਆ। ਮਹਿਮੂਦ ਦਰਵੇਸ਼ ਵਾਂਗ ਅਸੀਂ ਵੀ ਦੁਸ਼ਮਣ ਨਾਲ ਲੋਹਾ ਲੈਣਾ ਸ਼ੁਰੂ ਕਰੀਏ। ਹਕੀਕਤ ਵਿਚ ਮਹਿਮੂਦ ਅਤੇ ਸਾਡਾ ਦੁਸ਼ਮਣ ਇਕੋ ਹੀ ਹੈ। ਇਹ ਉਹ ਗੱਲ ਹੈ ਕਿ ਜਿਸ ਕਰਕੇ ਮੈਨੂੰ ਮਹਿਮੂਦ ਚੰਗਾ ਲੱਗਦਾ ਹੈ। ਸ਼ਾਇਦ ਇਹੀ ਗੱਲ ਹੁੰਦਲ ਸਾਹਿਬ ਨੂੰ ਵੀ ਮਹਿਮੂਦ ਦੇ ਨੇੜੇ ਲੈ ਕੇ ਜਾਂਦੀ ਹੈ ਅਤੇ ਸ਼ਾਇਦ ਇਸੇ ਗੱਲ ਨੇ ਹੁੰਦਲ ਸਾਹਿਬ ਨੂੰ ਉਹ ਤਾਕਤ ਦਿੱਤੀ ਕਿ ਉਹ ਦਰਵੇਸ਼ ਨੂੰ ਸਾਡੇ ਵਿਚਕਾਰ ਲੈ ਆਏ। ਕਿਉਂਕਿ ਦਰਵੇਸ਼ ਅਤੇ ਸਾਡਾ ਦੁਸ਼ਮਣ ਇੱਕ ਹੀ ਹੈ ਅਤੇ ਸਾਡੇ ਦੁੱਖ ਇਕੋ ਜਿਹੇ ਹਨ। ਇਸੇ ਲਈ ਸਾਡੀ ਲੜਾਈ ਵੀ ਇਕ ਹੈ ਅਤੇ ਇਸੇ ਕਰਕੇ ਮਹਿਮੂਦ ਦੀਆਂ ਕਵਿਤਾਵਾਂ ਸਿਰਫ਼ ਮਹਿਮੂਦ ਦੀਆਂ ਹੀ ਨਹੀਂ, ਸਾਡੀਆਂ ਵੀ ਹਨ ਅਤੇ ਇਹ ਕਵਿਤਾਵਾਂ ਅੱਜ ਪੰਜਾਬੀ ਜ਼ਬਾਨ ਵਿਚ ਬਾਕਾਇਦਾ ਮੌਜੂਦ ਹਨ। ਇਸ ਤਰ੍ਹਾਂ ਦਰਵੇਸ਼ ਵੀ ਅੱਜ ਸਾਡੇ ਵਿਚਾਲੇ ਮੌਜੂਦ ਹੈ।

ਸਾਡੇ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਮਹਿਮੂਦ ਦੀ ਇਹ ਭਟਕਣ ਇਹ ਮੁਸਾਫਰੀ ਕਿਉਂ ਹੈ ਅਤੇ ਕਦੋਂ ਤੱਕ ਬਣੀ ਰਹੇਗੀ, ਉਸ ਵਕਤ ਤੱਕ ਜਦ ਤੱਕ ਉਸ ਨੂੰ ਆਪਣਾ ਘਰ ਵਾਪਿਸ ਨਹੀਂ ਮਿਲ ਜਾਂਦਾ। ਦਰਵੇਸ਼ ਸਾਨੂੰ ਸਿਖਾਉਂਦਾ ਹੈ ਕਿ ਕਿਸ ਕਦਰ ਦੁਸ਼ਮਣ ਕਵਿਤਾ ਤੋਂ ਡਰਦਾ ਹੈ। ਕਿਉਂਕਿ ਕਵਿਤਾ ਆਜ਼ਾਦੀ ਚਾਹੁੰਦੀ ਹੈ, ਵਾਪਸ ਆਪਣੇ ਪਿੰਡ ਜਾਣਾ ਚਾਹੁੰਦੀ ਹੈ। ਆਪਣੇ ਦੋਸਤਾਂ ਨਾਲ ਮਿਲ ਬੈਠ ਕੇ ਗੱਲਾਂ ਕਰਨਾ ਚਾਹੁੰਦੀ ਹੈ, ਪਰ ਇਹ ਸਭ ਕੁਝ ਏਨਾ ਆਸਾਨ ਨਹੀਂ ਹੈ। ਅਸੀਂ ਫੈਜ਼ ਸਾਹਿਬ ਦੀ ਇਸ ਨਜ਼ਮ ਨਾਲ ਮਹਿਮੂਦ ਦਰਵੇਸ਼ ਦੀ ਤਕਲੀਫ਼ ਨੂੰ ਜ਼ਿਆਦਾ ਆਸਾਨੀ ਨਾਲ ਸਮਝ ਸਕਾਂਗੇ।

ਫ਼ੈਜ਼ ਸਾਹਿਬ ਕਹਿੰਦੇ ਹਨ —

ਮੇਰੇ ਦਿਲ ਮੇਰੇ ਮੁਸਾਫ਼ਿਰ
ਹੂਆ ਫਿਰ ਸੇ ਹੁਕਮ ਸਾਦਿਰ
ਕੇ ਵਤਨ ਬਦਰ ਹੋਂ ਹਮ ਤੁਮ
ਦੇਂ ਗਲੀ ਗਲੀ ਸਦਾਏਂ
ਕਰੇਂ ਰੁਖ ਨਗਰ-ਨਗਰ ਕਾ
ਕੇ ਸੁਰਾਗ ਕੋਈ ਪਾਏਂ
ਕਿਸੀ ਯਾਰ-ਏ-ਨਾਮਬਰ ਕਾ
ਹਰ ਇਕ ਅਜਨਬੀ ਸੇ ਪੂਛੇਂ
ਜੋ ਪਤਾ ਥਾ ਅਪਨੇ ਘਰ ਕਾ
ਸਰ-ਏ-ਕੂ-ਏ ਨਾਸ਼ਨਾਯਾਂ
ਹਮੇ ਦਿਨ ਸੇ ਰਾਤ ਕਰਨਾ
ਕਭੀ ਇਸ ਸੇ ਬਾਤ ਕਰਨਾ
ਕਭੀ ਉਸ ਸੇ ਬਾਤ ਕਰਨਾ
ਤੁਮੇਂ ਕਯਾ ਕਹੂੰ ਕੇ ਕਯਾ ਹੈ
ਸ਼ਬ-ਏ-ਗ਼ਮ ਬੁਰੀ ਬਲਾ ਹੈ
ਹਮੇਂ ਯਹ ਭੀ ਥਾ ਗਨੀਮਤ
ਜੋ ਕੋਈ ਸ਼ੁਮਾਰ ਹੋਤਾ
'ਹਮੇਂ' ਕਯਾ ਬੁਰਾ ਥਾ ਮਰਨਾ
ਅਗਰ ਏਕ ਬਾਰ ਹੋਤਾ

ਮੈਂ ਨਹੀਂ ਜਾਣਦਾ ਕਿ ਪੰਜਾਬੀ ਜ਼ਬਾਨ ਅਤੇ ਪੰਜਾਬੀ ਅਦਬ ਦੇ ਪੈਮਾਨਿਆਂ ਤਹਿਤ ਇਹ ਅਨੁਵਾਦ ਕਿਸ ਨਜ਼ਰ ਨਾਲ ਦੇਖੇ ਜਾ ਰਹੇ ਹਨ। ਮੈਂ ਆਪਣੀ ਛੋਟੀ ਜਿਹੀ ਸਮਝ ਮੁਤਾਬਕ ਕਹਿ ਸਕਦਾ ਹਾਂ ਕਿ ਜੋ ਕੁਝ ਵੀ ਮੈਂ ਇੱਥੇ ਲਿਖਿਆ ਹੈ ਉਹ ਇਸ ਪੁਸਤਕ ਕਰਕੇ ਹੀ ਲਿਖਿਆ ਹੈ। ਇਸ ਵਕਤ ਏਨਾ ਕੁ ਕਹਿਣਾ ਜ਼ਰੂਰੀ ਹੈ ਕਿ ਜੇ ਦੁਨੀਆ ਦੇ ਬੇਹਤਰੀਨ ਸਾਹਿਤ ਨੇ ਪੰਜਾਬੀ ਸਾਹਿਤ ਦਾ ਹਿੱਸਾ ਬਣਨਾ ਹੈ ਤਾਂ ਫਿਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਕੰਮ ਦੀ ਸ਼ੁਰੂਆਤ 'ਹੁੰਦਲ' ਸਾਹਿਬ ਨੇ ਕਰ ਦਿੱਤੀ ਹੈ। ਇਹ ਕੰਮ ਨੀਂਹ ਦੇ ਉਸ ਮਜ਼ਬੂਤ ਪੱਥਰ ਵਾਂਗ ਹੈ ਜਿਸ 'ਤੇ ਅੱਗੋਂ ਦੀ ਇਮਾਰਤ ਖੜ੍ਹੀ ਹੋਣੀ ਬਾਕੀ ਹੈ ਅਤੇ ਇਹ ਇਮਾਰਤ ਬਣਾਉਣ ਦਾ ਕੰਮ ਨਵੀਂ ਪੀੜ੍ਹੀ ਦਾ ਹੈ। ਹੁੰਦਲ ਸਾਹਿਬ ਦੇ ਇਹ ਅਨੁਵਾਦ ਇਸ ਤਰ੍ਹਾਂ ਦੇ ਕੰਮ ਵਿਚ ਲੱਗੇ ਨੌਜਵਾਨਾਂ ਲਈ ਰਹਿਨੁਮਾਈ ਦਾ ਕੰਮ ਕਰਨਗੇ। ਇਹਦੇ ਵਿਚ ਕੋਈ ਦੋ ਰਾਵਾਂ ਨਹੀਂ। ਕਿਸੇ ਵੀ ਜ਼ਰੂਰੀ ਕੰਮ ਦੀ ਸ਼ੁਰੂਆਤ ਉਸ ਬਜ਼ੁਰਗ ਵਾਂਗ ਕਰਨੀ ਚਾਹੀਦੀ ਹੈ, ਜੋ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਹੋਣ ਦੇ



ਬਾਵਜੂਦ ਤੇਸਾ ਉਠਾਉਂਦਾ ਹੈ ਅਤੇ ਪਹਾੜ ਪੁੱਟਣ ਲੱਗ ਜਾਂਦਾ ਹੈ।

ਮੈਂ ਹੁੰਦਲ ਸਾਹਿਬ ਦੀ ਹੀ ਇਸ ਗੱਲ ਨਾਲ ਆਪਣੀ ਗੱਲ ਖ਼ਤਮ ਕਰਦਾ ਹਾਂ।

"ਆਸ ਹੈ ਕਿ ਅਨੇਕਾਂ ਔਂਕੜਾਂ ਦੇ ਬਾਵਜੂਦ ਮੇਰੀ ਇਹ ਕੋਸ਼ਿਸ਼ ਪੰਜਾਬੀ ਪਾਠਕਾਂ ਨੂੰ ਇਸ ਪ੍ਰਤਿਭਾਸ਼ਾਲੀ ਤੇ ਵਚਨਬੱਧ ਕਵੀ ਦੀ ਕਵਿਤਾ ਨਾਲ ਸਾਂਝ ਪਾਉਣ ਵਿਚ ਕਿਸੇ ਹੱਦ ਤੀਕ ਸਹਾਈ ਹੋਵੇਗੀ।"•

135/15 ਚੰਡੀਗੜ੍ਹ ਫੋਨ - 94173-51389

ਹਿੰਦੀ ਕਵਿਤਾ

## ਬੱਤੀ ਸਾਲ ਦੀ ਕੁਆਰੀ ਲੜਕੀ /ਦੇਵਾਸ਼ੂ ਪਾਲ

ਬੱਤੀ ਸਾਲ ਦੀ ਕੁਆਰੀ ਲੜਕੀ
ਦਫ਼ਤਰ ਆਉਂਦੀ ਹੈ ਲੂਨਾ ਉੱਤੇ
ਥੋਹੜੀ ਜਿਹੀ ਮਹਿੰਗੀ ਸਾੜ੍ਹੀ ਪਹਿਨ ਕੇ,
ਥੋਹੜਾ ਜਿਹਾ ਮਹਿੰਗਾ ਪਾਊਡਰ ਲਾ ਕੇ,
ਥੋਹੜੀ ਜਿਹੀ ਮੁਸਕਾਣ ਚਿਹਰੇ 'ਤੇ ਲਿਆ ਕੇ।

ਬੱਤੀ ਸਾਲ ਦੀ ਕੁਆਰੀ ਲੜਕੀ
ਆਪਣੇ ਬਾਰੇ ਜਿੰਨਾ ਨਹੀਂ ਸੋਚਦੀ
ਉਸ ਤੋਂ ਜ਼ਿਆਦਾ
ਉਸ ਦੀ ਮਾਂ ਸੋਚਦੀ ਹੈ
ਉਸ ਦੀ ਸ਼ਾਦੀ ਦੇ ਬਾਰੇ
ਉਸ ਦੇ ਗੁਆਂਢੀ ਸੋਚਦੇ ਨੇ
ਉਸ ਦੇ ਚਰਿੱਤਰ ਬਾਰੇ
ਉਸ ਦੇ ਦਫ਼ਤਰ ਦੇ ਲੋਕ ਸੋਚਦੇ ਨੇ
ਉਸ ਦੇ ਕੁਆਰਪੁਣੇ ਬਾਰੇ।

ਬੱਤੀ ਸਾਲ ਦੀ ਕੁਆਰੀ ਲੜਕੀ
ਸ਼ੀਸ਼ੇ ਦੇ ਸਾਹਮਣੇ ਖਲੋ ਕੇ
ਸੋਚਦੀ ਹੈ
ਕਿ ਉਹ ਸਾਉਲੀ ਕਿਉਂ ਹੈ?
ਕਿ ਉਹ ਕਮਜ਼ੋਰ ਕਿਉਂ ਹੈ?
ਕਿ ਉਸ ਦਾ ਚਿਹਰਾ ਖਿੱਚ ਪਾਊ
ਕਿਉਂ ਨਹੀਂ ਹੈ?
ਕਿ ਕੋਈ ਲੜਕਾ ਉਸ ਨਾਲ ਪਿਆਰ
ਕਿਉਂ ਨਹੀਂ ਕਰਦਾ?
ਕਿ ਉਸ ਦਾ ਪਿਤਾ
ਉਸ ਲਈ ਕੋਈ ਵਰ ਕਿਉਂ ਨਹੀਂ ਲੱਭਦਾ?

ਬੱਤੀ ਸਾਲ ਦੀ ਕੁਆਰੀ ਲੜਕੀ
ਨੀਂਦ ਵਿਚ ਸੁਪਨੇ ਵੇਖਦੀ ਹੈ
ਉਸ ਦੀ ਇੱਜ਼ਤ ਲੁੱਟ ਲਈ ਜਾਂਦੀ ਹੈ
ਇੱਕ ਦਿਨ ਬਾਜ਼ਾਰ ਵਿਚ
ਆਪਣੇ ਆਪ ਹੀ
ਜ਼ਹਿਰ ਖਾ ਕੇ ਆਤਮ-ਹੱਤਿਆ
ਕਰ ਲੈਂਦੀ ਹੈ

ਬੱਤੀ ਸਾਲ ਦੀ ਕੁਆਰੀ ਲੜਕੀ ਦੇ ਸੁਪਨੇ
ਏਨੇ ਭਿਆਨਕ ਕਿਉਂ ਹੁੰਦੇ ਨੇ?

(ਸੰਪਾਦਕ 'ਪਾਲ' ਗਿਆਤਰੀ ਵਿਹਾਰ ਗਲੀ, ਬਿਲਾਗਪੁਰ ਛਤੀਸਗੜ੍ਹ 495001)

## ਬਿਨਾਂ ਟਿੱਪਣੀ ਤੋਂ

ਮੇਰੇ ਪਾਠਕ, ਪ੍ਰਸ਼ੰਸਕ ਅਤੇ ਆਲੋਚਕਾਂ ਨੂੰ ਅਕਸਰ ਪ੍ਰਤੀਤ ਹੁੰਦਾ ਹੈ ਕਿ ਮੈਂ ਲੋਕਾਂ ਦੀ ਬਾਤ ਲੋਕਾਂ ਤੱਕ ਅਪੜਾਉਣ ਵਾਲਾ ਕਵੀ ਹਾਂ। ਕੁਝ ਮੈਨੂੰ ਲੋਕ ਕਵੀ ਕਹਿੰਦੇ ਹਨ, ਕੁਝ ਪ੍ਰਗਤੀਸ਼ੀਲ, ਕੁਝ ਕ੍ਰਾਂਤੀਕਾਰੀ ਤੇ ਕੁਝ ਪੰਜਾਬੀ ਕਾਵਿ ਦਾ (Vanguard) ਮੈਹਰੋਲ ਵੀ ਕਹਿੰਦੇ ਹਨ ਤੇ ਲਹਿਰਾਂ ਦਾ ਕਵੀ।

ਪਰ ਮੈਂ ਕੀ ਹਾਂ, ਮੈਨੂੰ ਆਪ ਨੂੰ ਵੀ ਪਤਾ ਨਹੀਂ। ਮੈਂ ਆਪਣਾ ਦਰਦ ਹੀ ਅਨੁਵਾਦ ਕਰਦਾ ਹਾਂ। ਮੈਂ ਕਵਿਤਾ ਆਪਣੇ ਲਈ ਲਿਖਦਾ ਹਾਂ, ਪਰ ਲੋਕ ਮੇਰੇ ਅੰਦਰ-ਬਾਹਰ ਕਿਤੇ ਨਾ ਕਿਤੇ ਜ਼ਰੂਰ ਰਮੇ ਹੋਏ ਹਨ। ਸ਼ਾਇਦ ਇਸ ਲਈ ਮੇਰੀ ਆਪਣੇ ਲਈ ਲਿਖੀ ਕਵਿਤਾ ਵੀ ਲੋਕਾਂ ਨੂੰ ਆਪਣੀ-ਆਪਣੀ ਲੱਗਦੀ ਹੈ, ਕਿਉਂਕਿ ਮੇਰੀ ਕਵਿਤਾ ਵਿਚ ਉਨ੍ਹਾਂ ਦੇ ਦਰਦ ਦੀ ਇਸੇ ਤਰ੍ਹਾਂ ਹੀ ਹਿੱਸੇਦਾਰੀ ਹੈ, ਜਿਵੇਂ ਕਿਰਸਾਨ ਦੀ ਆਪਣੇ ਲਈ ਬੀਜੀ ਫਸਲ ਵਿਚ ਪਿੰਡ ਤੋਂ ਲੈ ਕੇ ਰਾਜਧਾਨੀ ਤੱਕ ਸਭ ਦਾ ਹਿੱਸਾ ਹੁੰਦਾ ਹੈ।

ਜਦੋਂ ਲੋਕ ਜਾਂ ਪ੍ਰਸ਼ੰਸਕ ਮੈਨੂੰ ਅਜ਼ੀਮ ਸ਼ਾਇਰ ਕਹਿੰਦੇ ਹਨ, ਤਾਂ ਮੈਨੂੰ ਆਪਣਾ-ਆਪ ਨਿਗੂਣਾ ਤੇ ਝੂਠ ਵਿਚ ਘਿਰਿਆ ਪ੍ਰਤੀਤ ਹੁੰਦਾ ਹੈ।

ਅਜੋਕੇ ਕਵੀਆਂ ਵਾਂਗ ਮੈਂ 'ਕਵਿਤਾ ਦੀ ਤਲਾਸ਼' ਨਹੀਂ ਕਰਦਾ ਤੇ ਨਾ ਹੀ ਕਵਿਤਾ ਮੈਨੂੰ ਭਾਲਦੀ ਹੈ, ਕਿਉਂਕਿ ਮੇਰਾ ਹਰ ਸਾਹ ਕਵਿਤਾ ਹੈ।

ਮੈਂ ਅੱਜ ਕੱਲ੍ਹ ਜੁਗਾੜੀਆਂ, ਕਾਵਿ-ਵਪਾਰੀਆਂ ਤੇ ਸਾਹਿਤਕ ਮਦਾਰੀਆਂ ਕਾਰਨ ਉਦਾਸ ਹਾਂ, ਪਰ ਮੇਰੀ ਕਵਿਤਾ ਉਦਾਸ ਨਹੀਂ। ਮੇਰਾ ਸਫ਼ਰ ਅਜੇ ਜਾਰੀ ਹੈ, ਮੀਲ-ਪੱਥਰ ਕੋਲ ਖਲੋ ਕੇ ਉਸ ਨੂੰ ਮੰਜ਼ਿਲ ਨਹੀਂ ਸਮਝਦਾ। ਮੈਂ ਤਾਂ ਹੀ ਕੁਝ ਦਹਾਕੇ ਪਹਿਲਾਂ ਕਿਹਾ ਸੀ—

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ,
ਫਿਰ ਵੀ ਅਸੀਂ ਰੁਕੇ ਨਾ ਸਾਡਾ ਵੀ ਦੇਖ ਜੇਰਾ।

**ਡਾ. ਜਗਤਾਰ**

●●●●●

ਸਤਿਕਾਰਯੋਗ ਸੰਪਾਦਕ, ਚਿਰਾਗ਼ ਤਿਮਾਹੀ

26 ਮਾਰਚ ਦੇ ਨਵਾਂ ਜ਼ਮਾਨਾ ਦੇ ਐਤਵਾਰਤਾ ਅੰਕ ਵਿਚ ਡਾ. ਜਗਤਾਰ ਦੀਆਂ ਚਰਚਿਤ ਕਵਿਤਾਵਾਂ ਪੜ੍ਹੀਆਂ। ਡਾ. ਜਗਤਾਰ ਪੰਜਾਬੀ ਦੇ ਮੰਨੇ ਜਾਂਦੇ ਸਥਾਪਤ ਕਵੀਆਂ ਵਿਚੋਂ ਇਕ ਹਨ। ਉਹਨਾਂ ਦੀਆਂ ਇਹ ਕਵਿਤਾਵਾਂ ਪੜ੍ਹ ਕੇ ਮਨ ਨੇ ਕਿਸੇ ਡੂੰਘੇ ਪ੍ਰਭਾਵ ਨੂੰ, ਪਤਾ ਨਹੀਂ ਕਿਉਂ ਨਹੀਂ ਗ੍ਰਹਿਣ ਕੀਤਾ। ਇਹਨਾਂ ਕਵਿਤਾਵਾਂ ਤੋਂ ਪਹਿਲਾਂ, ਉਹਨਾਂ ਨੇ ਆਪਣੇ ਤੁਆਰਫ ਲਈ ਜਿਹੜੀਆਂ ਲਾਈਨਾਂ ਲਿਖੀਆਂ ਹਨ, ਉਹ ਉਹਨਾਂ ਟੇਢੇ ਢੰਗ ਨਾਲ ਆਪਣੀ ਸਵੈ-ਪ੍ਰਸ਼ੰਸਾ ਹੀ ਕੀਤੀ ਹੈ। ਇਸ ਨਾਲ ਉਹਨਾਂ ਦਾ ਵਿਅਕਤੀਤਵ, ਉਹਨਾਂ ਦੀ ਕਵਿਤਾ ਵੱਲ ਪਿੱਠ ਕਰਕੇ ਖੜ੍ਹਾ ਪ੍ਰਤੀਤ ਹੁੰਦਾ ਹੈ। ਇਕ ਪਾਸੇ ਤਾਂ ਉਹਨਾਂ ਨੂੰ ਆਪਣੇ 'ਪਾਠਕ, ਪ੍ਰਸ਼ੰਸਕ, ਤੇ ਆਲੋਚਕ' ਅਕਸਰ 'ਲੋਕਾਂ ਦੀ ਬਾਤ ਪਾਉਂਦਾ' 'ਪ੍ਰਗਤੀਸ਼ੀਲ' 'ਕ੍ਰਾਂਤੀਕਾਰੀ' 'ਮੈਹਰੋਲ' ਆਦਿ ਵਿਸ਼ੇਸ਼ਣਾਂ ਨਾਲ ਸੰਬੋਧਤ



ਹੁੰਦੇ ਸੁਣਦੇ ਹਨ। ਦੂਜੇ ਪਾਸੇ ਉਹ ਕਹਿੰਦੇ ਹਨ, "ਮੈਂ ਕੀ ਹਾਂ, ਮੈਨੂੰ ਆਪ ਨੂੰ ਵੀ ਪਤਾ ਨਹੀਂ ਹੈ। ਤੀਜੇ ਥਾਂ ਉਹ ਕਹਿੰਦੇ ਹਨ, "ਮੈਨੂੰ ਆਪਣਾ ਆਪ ਨਿਗੂਣਾ ਤੇ ਝੂਠ ਵਿਚ ਘਿਰਿਆ ਪ੍ਰਤੀਤ ਹੁੰਦਾ ਹੈ।" ਇਹ ਤਿੰਨੇ ਇਕ ਦੂਜੇ ਦੇ ਵਿਰੋਧੀ ਧਾਰਨਾਵਾਂ ਹਨ। ਅਕਸਰ ਉਹਨਾਂ ਨੂੰ ਆਪਣੇ ਬਾਰੇ ਆਖੇ ਵਿਸ਼ੇਸ਼ਣਾਂ ਨੂੰ, ਆਪਣੇ ਤੁਆਰਫ਼ ਵਿਚ ਪੇਸ਼ ਕਰਨ ਦੀ ਲੋੜ ਕਿਉਂ ਪੈਂਦੀ ਹੈ? ਕੀ ਇਹ ਸੱਚਮੁਚ ਹੀ ਆਪਣੇ ਆਪ ਨੂੰ ਨਿਗੂਣਾ ਤੇ ਝੂਠ ਵਿਚ ਘਿਰਿਆ ਕਿਉਂ ਮਹਿਸੂਸ ਕਰਦੇ ਹਨ? ਇਸ ਤਰ੍ਹਾਂ ਉਹ ਪ੍ਰਸ਼ੰਸਕਾਂ ਵਲੋਂ ਵਰਤੇ ਵਿਸ਼ੇਸ਼ਣਾਂ ਨੂੰ ਰੱਦ ਵੀ ਕਰਦੇ ਹਨ ਅਤੇ ਉਹਨਾਂ ਦੀ ਕੀਤੀ 'ਖੁਸ਼ਾਮਦ' ਦੀ ਜਾਂ ਮਾਨਤਾ ਨੂੰ ਵੀ ਠੁਕਰਾ ਦਿੰਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਜਗਤਾਰ ਨੂੰ ਹਾਲੇ ਇਹ ਵਿਸ਼ਵਾਸ ਨਹੀਂ ਹੈ ਕਿ ਉਹ ਸੱਚਮੁੱਚ ਹੀ ਵਿਸ਼ੇਸ਼ਣੀ ਸ਼ਬਦਾਂ ਵਾਲਾ ਕਵੀ ਹੈ ਵੀ। ਜਾਂ ਉਹ ਚਾਪਲੂਸਾਂ ਵਿਚ ਘਿਰਿਆ ਹੋਇਆ ਕਵੀ ਹੈ।

ਕਵੀ ਜਗਤਾਰ ਦਾ ਆਪਣੇ ਆਪ ਬਾਰੇ ਅਵਿਸ਼ਵਾਸ, ਉਸ ਦੇ ਵਲੋਂ ਲਿਖੇ, ਇਹਨਾਂ ਸ਼ਬਦਾਂ ਤੋਂ ਵੀ ਜ਼ਾਹਰ ਹੋ ਜਾਂਦਾ ਹੈ, "ਅਜੋਕੇ ਕਵੀਆਂ ਵਾਂਗ ਮੈਂ **ਕਵਿਤਾ ਦੀ ਤਲਾਸ਼** ਨਹੀਂ ਕਰਦਾ ਤੇ ਨਾ ਹੀ ਕਵਿਤਾ ਮੈਨੂੰ ਭਾਲਦੀ ਹੈ। ........ ਮੈਂ ਅੱਜ ਕੱਲ ਜੁਗਾੜੀਆਂ ਕਾਵਿ-ਵਪਾਰੀਆਂ, ਸਾਹਿਤਕ ਮਦਾਰੀਆਂ ਕਾਰਨ ਉਦਾਸ ਹਾਂ। ਪਰ ਮੇਰੀ **ਕਵਿਤਾ ਉਦਾਸ ਨਹੀਂ** ਹੈ।" (ਜ਼ੋਰ ਮੇਰਾ)

ਜਗਤਾਰ ਉਪਰੋਕਤ ਸ਼ਬਦ ਹੋਰ ਕਿਸੇ ਬਾਰੇ ਨਹੀਂ, **"ਕਵਿਤਾ ਦੀ ਤਲਾਸ਼"** ਅਤੇ **"ਉਦਾਸ ਹੋਈ ਕਵਿਤਾ"** ਦੇ ਸਿਰਜਕ ਕਵੀ ਹਰਭਜਨ ਸਿੰਘ ਹੁੰਦਲ ਪ੍ਰਤੀ, ਆਪਣੀਆਂ ਮਾਨਸਿਕ ਗੁੰਝਲਾਂ ਵਿਚੋਂ ਪੈਦਾ ਹੋਈ ਈਰਖਾ ਅਤੇ ਨਫ਼ਰਤ ਕਾਰਨ ਲਿਖ ਰਹੇ ਜਾਪਦੇ ਹਨ। ਇਕ "ਮੈਹਰੈਲ" ਕਵੀ ਤੋਂ ਆਪਣੇ ਸਥਾਪਤ ਸਮਕਾਲੀ ਅਤੇ ਵਧੀਆ ਕਵੀ ਬਾਰੇ ਪ੍ਰਗਟ ਕੀਤੀ ਨਫ਼ਰਤ ਦਾ ਅਕਸਰ ਕੀ ਕਾਰਨ ਹੋ ਸਕਦਾ ਹੈ? ਕੁਝ ਵੀ ਹੈ ਇਹ ਉਹਨਾਂ ਲਈ ਸ਼ੋਭਾ ਨਹੀਂ ਦਿੰਦਾ। ਕਿਸੇ ਕਵੀ, ਲੇਖਕ ਸਗੋਂ ਆਮ ਵਿਅਕਤੀ ਵਿਚ, ਹੋਰਨਾਂ ਗੁਣਾਂ ਤੋਂ ਬਿਨਾਂ, ਨਿਰਮਾਣਤਾ ਦਾ ਹੋਣਾ, ਨੈਤਿਕ ਗੁਣਾਂ ਦੇ ਪੱਖੋਂ ਵੀ ਜ਼ਰੂਰੀ ਹੈ। ਅਫ਼ਸੋਸ ਹੈ ਕਿ ਸਾਡਾ ਕਵੀ ਡਾ. ਜਗਤਾਰ ਇਸ ਪੱਖੋਂ ਪੁੱਜ ਕੇ ਗਰੀਬ ਨਜ਼ਰ ਆਉਂਦਾ ਹੈ।

ਜਿੱਥੋਂ ਤਾਈਂ **"ਉਦਾਸ ਹੋਈ ਕਵਿਤਾ"** ਸੰਗ੍ਰਹਿ ਦੀ ਗੱਲ ਹੈ, ਉਹ ਅਤਿਵਾਦ ਦੇ ਕੁਲਹਿਣੇ ਸਮਿਆਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਮੇਰਾ ਵਿਚਾਰ ਹੈ, ਜਗਤਾਰ ਨੇ ਇਹ ਪੜ੍ਹੀ ਤੱਕ ਨਹੀਂ ਹੋਵੇਗੀ। ਜੇ ਪੜ੍ਹੀ ਹੋਈ ਹੁੰਦੀ ਤਾਂ ਉਹ ਅਤਿਵਾਦੀ ਦੌਰ ਵਿਚ ਲਹੂ-ਲੁਹਾਨ ਹੋਏ ਪੰਜਾਬ ਦੇ ਲੋਕਾਂ ਦੇ ਦਰਦਾਂ, ਕਸ਼ਟਾਂ, ਕੀਰਨਿਆਂ, ਟੁੱਟੇ ਦਿਲਾਂ, ਲੱਥੇ ਸੁਹਾਗਾਂ, ਵਿਧਵਾਵਾਂ, ਯਤੀਮਾਂ ਆਦਿ ਦੀਆਂ ਆਹਾਂ ਨੂੰ ਵਿਅਕਤ ਕਰਦੀ **"ਉਦਾਸ ਹੋਈ ਕਵਿਤਾ"** ਦਾ ਕਦੇ ਇਸ ਤਰ੍ਹਾਂ ਤ੍ਰਿਸਕਾਰ ਕਰਦੇ ਹੋਏ ਮਖੌਲ ਨਾ ਉਡਾਉਂਦਾ। ਇਹ ਫਿਰ ਡੂੰਘੇ ਦੁੱਖ ਅਤੇ ਅਫਸੋਸ ਵਾਲੀ ਗੱਲ ਹੈ ਜਿਸ ਦੀ ਜਗਤਾਰ ਤੋਂ ਆਸ ਨਹੀਂ ਕੀਤੀ ਜਾ ਸਕਦੀ ਸੀ।

ਕਵਿਤਾ ਤੋਂ ਬਿਨਾਂ ਹਰਭਜਨ ਸਿੰਘ ਹੁੰਦਲ ਨੇ ਬਿਹਤਰੀਨ ਵਾਰਤਕ ਵੀ ਲਿਖੀ ਹੈ।

ਜੇਕਰ ਹੁੰਦਲ ਦੀ ਵਾਰਤਕ ਨਾਲ, ਜਗਤਾਰ ਵਲੋਂ 'ਚਰਚਿਤ ਕਵਿਤਾਵਾਂ' ਤੋਂ ਪਹਿਲਾਂ ਤੁਅਰਫ਼ੀ ਨੋਟ ਦੀ ਵਾਰਤਕ ਦੀ ਤੁਲਨਾ ਕਰਨੀ ਹੋਵੇ ਤਾਂ ਜਗਤਾਰ ਕਿਸੇ ਥਾਂ ਵੀ ਨਹੀਂ ਟਿਕਦਾ ਹੈ।

ਅੰਤ ਵਿਚ ਮੈਂ ਕਵੀ ਜਗਤਾਰ ਨੂੰ ਇਹ ਬੇਨਤੀ ਕਰਨੀ ਚਾਹਾਂਗਾ ਕਿ ਉਸ ਲਈ ਸਮਕਾਲੀ ਕਵੀਆਂ ਪ੍ਰਤੀ, ਉਹ ਭਾਵੇਂ ਕੋਈ ਵੀ ਹੋਵੇ, ਅਜਿਹੇ ਵਿਚਾਰ ਰੱਖਣੇ, ਉਹ ਵੀ ਲੁਕ ਕੇ, ਉਸ ਨੂੰ ਵੱਡਾ ਕਵੀ ਸਿੱਧ ਹੋਣ ਦੇ ਰਾਹ ਵਿਚ ਰੁਕਾਵਟ ਹੋਵੇਗਾ। ਉਹ ਭਾਵੇਂ, ਅਜਿਹੀਆਂ ਰੁਕਾਵਟਾਂ ਵੱਲ ਧਿਆਨ ਨਾ ਦੇ ਰਹੇ ਹੋਣ। ਇਹ ਕਹਿਣਾ ਜਾਂ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਇਹ ਤੁਆਰਫ਼ੀ ਨੋਟ ਜਗਤਾਰ ਨੇ ਕਿਸ ਵਿਸਮਾਦੀ ਜਾਂ ਅਰਧ ਅਵਸਥਾ ਵਿਚ ਲਿਖਿਆ ਹੈ।      ਸ਼ੁਭ ਚਿੰਤਕ

ਨੋਟ :- ਡਾ. ਜਗਤਾਰ ਦੀ ਇਸ ਟਿੱਪਣੀ ਵਿਰੁੱਧ ਭੇਜਿਆ ਗਿਆ ਸੂਫ਼ੀ ਜੀ ਦਾ ਨੋਟ, ਸੰਪਾਦਕ ਨਵਾਂ ਜ਼ਮਾਨਾ ਨੇ ਕੱਟ ਵੱਢ ਕੇ ਛਾਪਿਆ ਸੀ। ਅਸੀਂ ਇਹ ਨੋਟ ਪੂਰੇ ਦਾ ਪੂਰਾ ਛਾਪ ਰਹੇ ਹਾਂ।      -ਸੰਪਾਦਕ

**(ਸੂਫ਼ੀ ਅਮਰਜੀਤ, ਪਿੰਡ ਤੇ ਡਾਕ. ਬੱਸੀਆਂ , ਜਿਲ੍ਹਾ ਲੁਧਿਆਣਾ-14032)**

ਨਵਾਂ ਤੇ ਅਨੂਠਾ ਪ੍ਰਯੋਗ
ਸੁਲੱਖਣ ਸਰਹੱਦੀ ਵਲੋਂ
**ਇੱਕੋ ਬਹਿਰ, ਇੱਕੋ ਕਾਫੀਆ-ਰਦੀਫ ਵਿੱਚ**
160 ਗ਼ਜ਼ਲਾਂ (1261 ਸ਼ਿਅਰਾਂ) ਦੀ ਪੁਸ਼ਤਕ
**"ਬੇੜੀਆਂ ਦਾ ਪੁਲ"**
**ਪ੍ਰਕਾਸ਼ਕ**
**ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ**

## ਪਾਕਿਸਤਾਨੀ ਪੰਜਾਬੀ ਕਵਿਤਾ ਵਿਸ਼ੇਸ਼ ਅੰਕ

ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ ਤੋਂ ਬਾਅਦ ਜਨਵਰੀ-ਮਾਰਚ 2007 ਵਿਚ ਚਿਰਾਗ਼ ਤਿਮਾਹੀ ਦਾ ਪਾਕਿਸਤਾਨੀ ਪੰਜਾਬੀ ਕਵਿਤਾ ਵਿਸ਼ੇਸ਼ ਅੰਕ ਕੱਢਿਆ ਜਾਵੇਗਾ। ਅਸੀਂ ਪਾਕਿਸਤਾਨ ਦੇ ਕਵੀ ਮਿੱਤਰਾਂ ਨੂੰ ਆਪਣੀਆਂ ਸੱਜਰੀਆਂ ਤੇ ਚੋਣਵੀਆਂ ਰਚਨਾਵਾਂ ਭੇਜਣ ਲਈ ਬੇਨਤੀ ਕਰਦੇ ਹਾਂ।

**- ਸੰਪਾਦਕੀ ਮੰਡਲ**





## ਜਰਵਾਣਿਆਂ ਖਿਲਾਫ਼ ਆਵਾਜ਼ "ਇੱਕ ਲੱਪ ਲਾਵਾ"

ਹਰਮਿੰਦਰ ਸਿੰਘ ਕੋਹਾਰਵਾਲਾ ਦੀਆਂ ਗ਼ਜ਼ਲਾਂ ਮਾਨਵੀ ਜੀਵਨ ਦੀਆਂ ਵਿਸੰਗਤੀਆਂ ਅਤੇ ਅੰਤਰ ਵਿਰੋਧਾਂ ਨੂੰ ਪ੍ਰਕਾਸ਼ ਵਿਚ ਲਿਆਉਂਦੀਆਂ ਹਨ। ਗ਼ਜ਼ਲਾਂ ਦੇ ਮਾਧਿਅਮ ਦੁਆਰਾ ਉਹ ਸਾਡੀ ਦੁਨੀਆ ਦੇ ਸ਼ਕਤੀ ਕੇਂਦਰਾਂ ਨੂੰ ਝੰਜੋੜਦਾ ਹੈ ਅਤੇ ਵੰਗਾਰਦਾ ਹੈ। ਇਉਂ ਇਹ ਗ਼ਜ਼ਲਾਂ ਉਸਦੀ ਪ੍ਰਗਤੀਸ਼ੀਲ ਸੋਚ ਦੇ ਬੁਨਿਆਦੀ ਪਹਿਲੂਆਂ ਨੂੰ ਬੜੀ ਸ਼ਿੱਦਤ ਨਾਲ ਉਭਾਰਦੀਆਂ ਹਨ। ਉਪਰੋਕਤ ਸਤਰਾਂ ਗ਼ਜ਼ਲ ਦੇ ਸੁਪ੍ਰਸਿੱਧ ਚਿੰਤਕ ਪ੍ਰੋ. ਬ੍ਰਹਮ ਜਗਦੀਸ਼ ਸਿੰਘ ਨੇ ਹਰਮਿੰਦਰ ਸਿੰਘ ਕੋਹਾਰਵਾਲਾ ਦੀ ਸ਼ਾਇਰੀ ਦੀ ਹੁਣੇ ਹੁਣੇ ਛਪੀ ਪੁਸਤਕ 'ਇਕ ਲੱਪ ਲਾਵਾ' ਦੀ ਭੂਮਿਕਾ ਵਿਚ ਲਿਖੀਆਂ ਹੋਈਆਂ ਹਨ। ਇਹ ਪੁਸਤਕ ਕੁਕਨੂਸ ਪ੍ਰਕਾਸ਼ਨ ਜਲੰਧਰ ਨੇ ਬਹੁਤ ਖ਼ੂਬਸੂਰਤ ਅੰਦਾਜ਼ ਵਿਚ ਛਾਪੀ ਹੈ। ਪੁਸਤਕ ਵਿਚ ਕਵਿਤਾਵਾਂ ਵੀ ਹਨ ਪ੍ਰੰਤੂ ਮੇਰੇ ਵਾਸਤੇ ਇਸ ਵਿਚਲੀਆਂ ਸ਼ਾਨਦਾਰ ਗ਼ਜ਼ਲਾਂ ਜਿਨ੍ਹਾਂ ਦੀ ਗਿਣਤੀ 30 ਹੈ, ਹੀ ਵਿਚਾਰ ਅਧੀਨ ਹਨ।

ਪੰਜਾਬੀ ਗ਼ਜ਼ਲ ਦੀ ਪ੍ਰਗਤੀ ਅਤੇ ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦ ਸਮਕਾਲੀ ਹੋਣ ਕਰਕੇ ਸਾਡੇ ਪ੍ਰਗਤੀਸ਼ੀਲਤਾ ਨਾਲ ਜੁੜੇ ਸ਼ਾਇਰਾਂ ਨੇ ਦਸਮੇਸ਼ੀ ਸੁਰ ਦੀਆਂ ਗ਼ਜ਼ਲਾਂ ਦਾ ਰਸਤਾ ਚੁਣਿਆ ਸੀ। ਹਰਮਿੰਦਰ ਕੋਹਾਰਵਾਲਾ ਦੀ ਪੀੜ੍ਹੀ ਦੇ ਪੰਜਾਬੀ ਗ਼ਜ਼ਲਕਾਰਾਂ ਸਾਹਮਣੇ ਜਿੱਥੇ ਗ਼ਜ਼ਲ ਦਾ ਰੂਪਾਕਾਰ ਆਵੱਸ਼ਕ ਸੀ ਉਥੇ ਜਰਵਾਣਾਸ਼ਾਹੀ ਦੇ ਖਿਲਾਫ਼ ਨਿੱਸਲ ਪਏ ਲੋਕ-ਸ਼ਕਤੀ ਕੇਂਦਰਾਂ ਨੂੰ ਵੀ ਹਿਲਾ ਕੇ ਸ਼ੋਸ਼ਣ ਕਰਨ ਦੀ ਅੰਤ੍ਰੀਵਤਾ ਸੀ। ਇਹਨਾਂ ਗ਼ਜ਼ਲਕਾਰਾਂ ਦੇ ਸਾਹਮਣੇ ਅਜੋਕੇ ਤੇ ਕਥਿਤ ਭਾਵਬੋਧ ਦੇ ਆਧਾਰ ਉੱਤੇ ਕੇਵਲ ਸ਼ਾਇਰ ਬਣਨ ਦੀ ਲਾਲਸਾ ਨਹੀਂ ਸੀ, ਸਗੋਂ ਗ਼ਜ਼ਲ ਤਾਂ ਇਹਨਾਂ ਯੋਧਿਆਂ ਲਈ ਸਾਹਿਤ ਦਾ ਇਕ ਮਾਧਿਅਮ ਮਾਤਰ ਸੀ।

ਹਰਮਿੰਦਰ ਸਿੰਘ ਕੋਹਾਰਵਾਲਾ ਅਧਿਆਪਕ ਜਥੇਬੰਦੀਆਂ ਦੇ ਮੋਰਚੇ ਉੱਤੇ 30 ਸਾਲ ਤੋਂ ਵੱਧ ਅਰਸੇ ਤੱਕ ਸਿਪਾਹੀ ਰਿਹਾ। ਇਸ ਝਰੋਖੇ ਰਾਹੀਂ ਉਸ ਨੇ ਸਥਾਨਿਕ ਰਾਜਨੀਤੀ ਤੋਂ ਸੰਸਾਰ ਰਾਜਨੀਤੀ ਤੱਕ ਦਾ ਅੱਖਾਂ ਨਾਲ ਵਰਤਾਰਾ ਵੇਖਿਆ ਹੈ। ਜਥੇਬੰਦੀਆਂ ਤੋਂ ਬਿਨਾਂ ਕੋਈ ਮਸਲਾ ਹੱਲ ਨਹੀਂ ਹੋ ਸਕਦਾ, ਇਸ ਪ੍ਰਤੀ ਸ਼ਾਇਰ ਕਹਿੰਦਾ ਹੈ "ਕਿਸਮਤਾਂ ਦੇ ਭੇਤ ਸੀ ਜਦ ਪਾ ਲਿਆ, ਹਾਣੀਆਂ ਨੇ ਹੋਣੀਆਂ ਨੂੰ ਢਾਹ ਲਿਆ।" ਆਮ ਕਰਕੇ ਜੁਝਾਰ ਸੁਰ ਦੇ ਸ਼ਿਅਰਾਂ ਵਿਚ ਦੁਹਰਾਉ ਆ ਜਾਂਦਾ ਰਿਹਾ ਹੈ ਪ੍ਰੰਤੂ ਹਰਮਿੰਦਰ ਨੇ ਆਪਣੇ ਵਿਸ਼ੇ ਨੂੰ ਨਵੀਂ ਬਿੰਬਾਵਲੀ ਅਤੇ ਸ਼ਬਦਾਵਲੀ ਨਾਲ ਸੁਹਜਮੁਖੀ ਵਿਸਤਾਰ ਦਿੱਤਾ ਹੈ। ਉਸਦੇ ਬਹੁਤ ਸਾਰੇ ਸ਼ਿਅਰ ਦਿਲ ਨੂੰ ਟੁੰਬਦੇ ਹਨ ਜਿਵੇਂ - 'ਮੇਘ ਜੇ ਤੂੰ ਬਰਸਣਾ ਨਹੀਂ ਹਟ ਪਰੇ, ਚਾਨਣੀ ਦੇ ਰੂਬਰੂ ਤਾਂ ਰਹਿਣ ਦੇ', 'ਸਰਸਵਤੀ ਕੀ ਸੋਚੇਗੀ ਉਸ ਵੇਲੇ ਜਦ, ਅਕਲ ਦੇ ਅੰਨ੍ਹੇ ਵਿੱਦਿਆ ਦੀ ਪਤ ਰੋਲਣਗੇ', ਤਰਜਾਂ ਥੱਲੇ ਦਮ ਘੁੱਟਦਾ ਹੈ ਬਾਣੀ ਦਾ, ਪਰ ਸ਼ਰਧਾ ਵਿਚ

ਕਿੱਥੇ ਦਰਦ ਪਛਾਣੀਂਦਾ', ਜੂਨ ਉੱਤਮ ਕਿਸ ਤਰ੍ਹਾਂ ਹੈ ਆਦਮੀ, ਜ਼ਿੰਦਗੀ ਦਾ ਜੇ ਮਜ਼ਾ ਹੀ ਕਿਰਕਿਰਾ' ਆਦਿ।

ਹਰਮਿੰਦਰ ਸਿੰਘ ਕੋਹਾਰਵਾਲਾ ਇਕ ਵਧੀਆ ਅਤੇ ਸਫ਼ਲ ਸ਼ਾਇਰ ਹੈ। ਉਸਦੀ ਸ਼ਾਇਰੀ ਆਡਾਂ ਦੇ ਪਾਣੀਆਂ ਵਰਗੀ ਤਰਿਪਤੀ ਦਾ ਅੰਮ੍ਰਿਤ ਹੈ। ਗ਼ਜ਼ਲ ਖੇਤਰ ਵਿਚ ਰਾਤੋ ਰਾਤ ਸਥਾਪਤੀ ਦੇ ਧੁੰਦੂਕਾਰੇ ਨੇ ਇਸ ਪਾਸੇ ਤਾਂ ਊਲ ਜਲੂਲ ਸ਼ਾਇਰੀ ਨੂੰ ਲੋਕਾਂ ਸਾਹਮਣੇ ਪਰੋਸ ਕੇ ਬੇਸੁਆਦੀ ਕੀਤੀ ਹੈ ਦੂਜੇ ਪਾਸੇ ਕੋਹਾਰਵਾਲਾ ਵਰਗੇ ਸ਼ਾਇਰਾਂ ਨੂੰ ਅਣਗੌਲਿਆਂ ਕੀਤਾ ਹੈ। ਜੀਵਨ ਦੀਆਂ ਵਿਸੰਗਤੀਆਂ ਅਤੇ ਜ਼ਿੰਦਗੀ ਦੀਆਂ ਬੇੜੀਆਂ ਟੁੱਕਣੀਆਂ ਹਰਮਿੰਦਰ ਦੀਆਂ ਗ਼ਜ਼ਲਾਂ ਵਿਚ ਜਿੱਥੇ ਜੁਝਾਰੂ ਸੁਰ ਹੈ ਉਥੇ ਅੰਤਾਂ ਦਾ ਉਹ ਦਰਦ ਵੀ ਹੈ, ਜੋ ਅਜੇ ਤੱਕ ਅਣਕਹਿਆ ਹੈ। ਸ਼ਾਇਰ ਰੂਪਕ ਪੱਖੋਂ ਸੂਰਮਾ ਹੈ।

## ਮਰਾਤਬੇ ਵਾਲੀ ਸ਼ਾਇਰੀ 'ਮੈਂ ਮੁਹਾਜਰ ਹਾਂ'

ਚੇਤਨਾ ਪ੍ਰਕਾਸ਼ਨ ਲੁਧਿਆਣਾ ਵਲੋਂ ਛਾਪੀ ਪ੍ਰੌੜ ਗ਼ਜ਼ਲਕਾਰ ਸੁਭਾਸ਼ ਕਲਾਕਾਰ ਦੀ 81 ਸ਼ਾਨਦਾਰ ਗ਼ਜ਼ਲਾਂ ਨਾਲ ਸੁਸੱਜਤ ਪੁਸਤਕ 'ਮੈਂ ਮੁਹਾਜਰ ਹਾਂ' ਦੀ ਕੀਮਤ 100 ਰੁਪਏ ਹੈ।

ਪੰਜਾਬੀ ਵਿਚ ਇਕੱਲੀ ਗ਼ਜ਼ਲ ਲਿਖ ਕੇ ਇਕ ਲੇਖਕ ਦੇ ਤੌਰ ਉੱਤੇ ਆਪਣੀ ਪਛਾਣ ਬਣਾਉਣੀ ਬੇਹੱਦ ਮੁਸ਼ਕਿਲ ਹੈ। ਪਰ ਇਸ ਬੰਦੇ ਨੇ ਆਪਣੇ ਸਿਰੜ ਅਤੇ ਸਿਦਕ ਨਾਲ ਐਸਾ ਕਰ ਵਿਖਾਇਆ ਹੈ। ਸੁਭਾਸ਼ ਨੂੰ ਗਰੀਬੀ ਨੇ ਕਈਆਂ ਦਾ ਵਜ਼ੀਫਾ ਖਾਰ ਬਣਾਈ ਰੱਖਿਆ। ਪਰ ਧਨ ਉਹ ਹੈ ਜਿਸ ਨੇ ਗਾਲਿਬ ਵਾਂਗ ਵਜ਼ੀਫਾਖੋਰੀ ਵਿਚ ਵੀ ਆਪਣਾ ਅਹਿਸਾਸ ਨਹੀਂ ਮਰਨ ਦਿੱਤਾ। ਫਾਕਾਮਸਤੀ ਤੇ ਸ਼ਾਇਰਾਂ ਵਾਲੀ ਮਟਰਗਸ਼ਤੀ ਨੇ ਉਸਨੂੰ ਸ਼ਾਇਰੀ ਦੇ ਸੱਚ ਨਾਲ ਗੂੜ੍ਹਾ ਹੀ ਕੀਤਾ।

ਵੇਖਣ ਨੂੰ ਭਾਵੇਂ ਸੁਭਾਸ਼ ਰਵਾਇਤੀ ਸ਼ਾਇਰ ਲੱਗਦਾ ਹੈ ਪਰ ਫੇਰ ਵੀ ਕਿਤੇ ਕਿਤੇ ਉਹ ਉੱਚ ਪਾਏ ਦੇ ਜਦੀਦ ਅਤੇ ਜ਼ਿੰਦਗੀ ਮੱਤੇ ਸ਼ਿਅਰ ਕਹਿ ਜਾਂਦਾ ਹੈ। ਮਿਸਾਲ ਲਈ ਜਦ ਉਹ ਇਹ ਸ਼ਿਅਰ ਕਹਿੰਦਾ ਹੈ ਤਾਂ ਉਸਦੀ ਕਲਮ ਚੁੰਮਣ ਨੂੰ ਜੀ ਕਰਦਾ ਹੈ। ਗੁਲਚੀਨਾਂ ਦਾ ਜ਼ਿਕਰ ਕਰੋ ਨਾ ਰਾਹ ਵਿਚ ਕੰਡੇ ਬੀਜ ਗਏ, ਉਸਦਾ ਜ਼ਿਕਰ ਕਰੋ ਜੋ ਰਾਤੀਂ ਰਾਹ ਵਿਚ ਦੀਵੇ ਬਾਲ ਗਿਆ' ਜਾਂ 'ਰਾਤ ਵਾਲਿਓ ਕੱਲ ਦਾ ਸੂਰਜ ਮੇਰਾ ਵੀ ਹੈ, ਸਿਆਹ ਰਾਤ ਦੇ ਪਿੱਛੇ ਖੜ੍ਹਾ ਸਵੇਰਾ ਵੀ ਹੈ' ਅਤੇ 'ਭਲਾ ਕਰਜ਼ੇ ਦਿਆਂ ਪੱਖਿਆਂ ਕਦੇ ਮੁੜਕਾ ਸੁਕਾਇਆ ਏ?' ਤ੍ਰੇਲੀ ਨਾਲ ਮੇਰਾ ਜਿਸਮ ਸਾਰਾ ਠਰ ਗਿਆ ਯਾਰੋ' ਉਂਝ ਸੁਭਾਸ਼ ਕਲਾਕਾਰ ਸ਼ਾਇਰੀ ਵਿਚ ਵਿਅੰਗ ਨੂੰ ਡਾਢੀ ਕਲਾ ਨਾਲ ਪੇਸ਼ ਕਰਦਾ ਹੈ ਅਤੇ ਇਹ ਉਸਦੀ ਪ੍ਰਾਪਤੀ ਹੈ। ਉਸ ਕੋਲ ਸ਼ਿਅਰ ਦੀ ਕਲਪਨਾ ਅਤੇ ਕਮਾਲ ਦੀ ਸ਼ਬਦ ਜੜ੍ਹਤ ਹੈ।

ਸੁਭਾਸ਼ ਕਲਾਕਾਰ ਦੀਆਂ ਸਮੁੱਚੀਆਂ ਗ਼ਜ਼ਲਾਂ ਵਿਚ ਘੱਟੋ ਘੱਟ 13 ਕਿਸਮਾਂ ਦੇ ਬਹਿਰ ਹਨ, ਪਰ ਇਕੱਲੇ ਰਮਲ ਵਿਚ 21 ਗ਼ਜ਼ਲਾਂ ਹਨ। ਸ਼ਿਵ ਵਾਲੇ (ਮੈਨੂੰ ਤੇਰਾ ਸ਼ਬਾਬ ਲੈ ਬੈਠਾ) ਖਫੀਫ ਬਹਿਰ ਵਿਚ 12 ਗ਼ਜ਼ਲਾਂ ਅਤੇ ਮੁਤਦਾਰਿਕ (5 ਫੇਲੁਨ+ਫੇ) ਵਿਚ 17



ਗ਼ਜ਼ਲਾਂ, ਸੱਤ ਫੇਲੁਨ ਪਲੱਸ ਫੇ ਵਿਚ ਉਸਨੇ 7 ਗ਼ਜ਼ਲਾਂ, ਹਜ਼ਿਜ ਬਹਿਰ ਵਿਚ ਸੱਤ ਗ਼ਜ਼ਲਾਂ, 6 ਫੇਲੁਨਫੇ ਵਿਚ 1 ਗ਼ਜ਼ਲ, ਜ਼ਦੀਦ ਮੁਸੱਕਸ ਸਾਲਿਮ ਬਹਿਰ ਵਿਚ ਇਕ ਗ਼ਜ਼ਲ, ਮੁਤਦਾਰਿਕ ਮੁਸੱਮਨ ਮਕਤੂਰ ਵਿਚ 2 ਗ਼ਜ਼ਲਾਂ, ਮੁਜਤਸ ਮੁਸੱਮਨ ਮਖ਼ਬੂਨ ਮਹਿਫੂਜ਼ ਮਕਤੂਅ ਬਹਿਰ ਵਿਚ ਛੇ ਗ਼ਜ਼ਲਾਂ, ਮੁਜਾਰਿਆਂ ਮੁਸੱਮਨ ਮਹਿਕੂਫ ਬਹਿਰ ਵਿਚ ਦੋ ਗ਼ਜ਼ਲਾਂ, ਪ੍ਰੰਤੂ ਬਹੁਤ ਸਾਰੇ ਔਖੇ ਬਹਿਰ ਮਹਿਜ਼ ਉਸਨੇ ਬਹਿਰ ਵਖਰੇਵੇਂ ਵਾਸਤੇ ਹੀ ਲਏ ਹਨ। ਯਾਦ ਰੱਖਣਾ ਚਾਹੀਦਾ ਹੈ ਕਿ ਬਹਿਰ ਪੂਰਤੀ ਸ਼ਾਇਰੀ ਨਹੀਂ ਹੁੰਦੀ ਸਗੋਂ ਰੂਹ ਵਿਚ ਰਮੇ ਬਹਿਰ ਹੀ ਡੂੰਘੇ ਪ੍ਰਵਚਨਾਂ ਦੇ ਵਾਹਕ ਬਣ ਸਕਦੇ ਹਨ।

ਭਾਵੇਂ ਅੱਜ ਪੰਜਾਬੀ ਗ਼ਜ਼ਲ ਵਿਚ ਬਾਹਰੀ ਭਾਸ਼ਾਵਾਂ ਦੇ ਸ਼ਬਦਾਂ ਨੂੰ ਜੀ ਆਇਆਂ ਆਖਣਾ ਬਣਦਾ ਹੈ, ਕਿਉਂਕਿ ਜਿਉਂ-ਜਿਉਂ ਅਹਿਸਾਸ ਦੀ ਪੇਸ਼ਕਾਰੀ ਬਰੀਕ ਹੋਵੇਗੀ, ਉਸ ਲਈ ਨਵੇਂ ਸ਼ਬਦ ਵੀ ਜ਼ਰੂਰੀ ਹਨ। ਪ੍ਰੰਤੂ ਸੁਭਾਸ਼ ਖਿੱਚ ਧੂਹ ਕੇ ਫਾਰਸੀ ਦੇ ਸ਼ਬਦ ਵਰਤਦਾ ਹੈ। ਜਿਵੇਂ ਖੁਸ਼ ਜਮਾਲਾਂ, ਤੌਕ, ਮੁਨੱਵਰ, ਜ਼ਰਫ, ਇੰਸ਼ਾਅੱਲਾ, ਖੁਰਸ਼ੀਦ ਤਨਕੀਦ, ਮੁਰੱਵਤ, ਬਸਾਰਤ, ਹਮਜ਼ਾਦ, ਤਵਾਫ, ਹਮਸਾਇਸੀ ਆਦਿ। ਉਹ ਸ਼ਬਦਾਂ ਦੇ ਵਜ਼ਨ ਪੰਜਾਬੀ ਸੁਰ ਲਹਿਰੀ ਦੇ ਬਿਲਕੁਲ ਉਲਟ ਹੀ ਬੰਨ੍ਹਦਾ ਹੈ ਜੋ ਗਲਤ ਹੈ ਜਿਵੇਂ ਮਿਲਣ - ਮਿ+ਲਣ, ਜ਼+ਹਿਰ, ਬ+ਣਨਗੇ, ਕ+ਦਮ, ਕ+ਰਨ, ਬ+ਹੁਤ, ਅ+ਗਰ, ਸ+ਫਰ ਆਦਿ। ਉਸ ਦੇ ਕਈ ਸ਼ਿਅਰਾਂ ਵਿਚ ਸਕਤੇ ਹਨ। ਕਈ ਬਹਿਰ ਰਲ ਗੱਡ ਹਨ, ਮਿਸਾਲ ਲਈ 27 ਸਫੇ ਵਾਲੀ ਗ਼ਜ਼ਲ ਦਾ ਮਤਲਾ ਤਾਂ ਹਜ਼ਿਜ ਮਕਫੂਫ ਮਹਿਜੂਫ ਵਿਚ ਹੈ ਪ੍ਰੰਤੂ ਬਾਕੀ ਸ਼ਿਅਰਾਂ ਦੇ ਪਹਿਲੇ ਮਿਸਰੇ ਹਜ਼ਿਜ ਸਾਲਮ ਵਿਚ ਹਨ। ਪੁਸਤਕ ਦੀ ਚੌਥੀ ਗ਼ਜ਼ਲ ਦਾ ਦੂਜਾ ਸ਼ਿਅਰ ਬਹਿਰੋਂ ਡਿੱਗਾ ਹੋਇਆ ਹੈ। ਕੁਲ ਮਿਲਾ ਕੇ ਸੁਭਾਸ਼ ਕਲਾਕਾਰ ਦੀ ਇਹ ਗ਼ਜ਼ਲ ਪੁਸਤਕ ਪੜ੍ਹਨ ਯੋਗ ਹੈ। • **ਸੁਲੱਖਣ ਸਰਹੱਦੀ**

## ਮੋਤੀਆਂ ਵਰਗੇ ਅੱਖਰ - ਨਵੀਂ ਵਿਧਾ ਦੀ ਪਛਾਣ

ਪੰਜਾਬੀ ਪੱਤਰਕਾਰੀ ਦੀ ਉਮਰ ਮਸਾਂ ਸਵਾ ਕੁ ਸੌ ਸਾਲ ਦੀ ਹੈ। ਆਧੁਨਿਕ ਕਿਸਮ ਦੀ ਪੰਜਾਬੀ ਪੱਤਰਕਾਰੀ ਦੀ ਉਮਰ ਇਸ ਦਾ ਚੌਥਾ ਕੁ ਹਿੱਸਾ ਹੀ ਹੋਣੀ ਹੈ। ਇਸ ਦੌਰਾਨ ਪੰਜਾਬੀ ਦੇ ਦੈਨਿਕ ਅਖ਼ਬਾਰਾਂ ਦੇ ਸੰਪਾਦਕਾਂ ਤੇ ਪਾਠਕਾਂ ਦੋਹਾਂ ਦਾ ਵਾਹ ਘੱਟ ਜਾਂ ਵੱਧ ਅੰਗ੍ਰੇਜ਼ੀ ਅਖਬਾਰਾਂ ਨਾਲ ਵੀ ਰਿਹਾ ਹੈ। ਤੁਲਨਾਤਮਕ ਸਾਹਿਤ ਸਿਧਾਂਤ ਦਾ ਵਿਵੇਕ ਦੱਸਦਾ ਹੈ ਕਿ ਅਜਿਹੇ ਸਿੱਧੇ ਤੇ ਸਮਾਨਾਂਤਰ ਸੰਪਰਕ ਕਾਰਨ ਇਕ ਭਾਸ਼ਾ ਦੂਜੀ ਉੱਤੇ ਅਕਸਰ ਹੀ ਗਹਿਰੇ ਪ੍ਰਭਾਵ ਪਾਣ ਦੇ ਸਮਰੱਥ ਹੁੰਦੀ ਹੈ। ਅਜਿਹੇ ਪ੍ਰਭਾਵਾਂ ਦੇ ਜੜ੍ਹ ਫੜਨ ਤੇ ਮੌਲਣ ਵਿਗਸਣ ਦੇ ਅਵਸਰ ਵੀ ਅਜਿਹੀ ਸਥਿਤੀ ਵਿਚ ਭਰਪੂਰ ਰੂਪ ਵਿਚ ਪ੍ਰਾਪਤ ਹੁੰਦੇ ਹਨ। ਪੰਜਾਬੀ ਦੇ ਦੈਨਿਕ ਅਖ਼ਬਾਰਾਂ ਵਿਚ ਅੰਗ੍ਰੇਜ਼ੀ ਅਖ਼ਬਾਰਾਂ ਵਾਂਗ ਸੰਪਾਦਕੀ ਪੰਨੇ ਉੱਤੇ 'ਮਿਡਲ' ਵਰਗੇ ਕਾਲਮ ਦਾ ਜਨਮ ਇਸੇ ਕਿਸਮ ਦੇ ਪ੍ਰਭਾਵਾਂ ਦਾ ਸਿੱਟਾ ਹੈ। ਇਸ ਕਾਲਮ ਨੂੰ ਕਿਸੇ ਨੇ 'ਵਿਚਕਾਰਲਾ' ਕਿਹਾ ਕਿਸੇ ਨੇ 'ਤਰਦੇ ਤਰਦੇ', ਕਿਸੇ 'ਉੱਡਦੀ

ਨਜ਼ਰ' ਕਿਸੇ ਨੇ 'ਅੱਧ ਵਿਚਾਲੇ' ਤੇ ਕਿਸੇ ਨੇ ਨਿੱਤ ਨਵੇਂ ਕਿਸੇ ਸ਼ੀਰਸ਼ਕ ਨਾਲ ਸਜਾਇਆ, ਪਰ ਲਗਭਗ ਹਰ ਸੰਪਾਦਕ ਨੇ ਇਸ ਦੀ ਕਦਰ ਕੀਮਤ ਤੇ ਉਪਯੋਗਤਾ ਨੂੰ ਪਛਾਣਿਆ। ਇਸ ਨਾਲ ਇਸ ਕਾਲਮ ਨੂੰ ਲਿਖਣ ਵਾਸਤੇ ਨਵੇਂ ਤੇ ਪੁਰਾਣੇ ਲੇਖਕਾਂ ਨੇ ਨਿਰੰਤਰ ਉੱਦਮ ਕੀਤੇ। ਇਸ ਨਾਲ ਪੰਜਾਬੀ ਵਿਚ ਇਕ ਨਵੀਂ ਸਾਹਿਤਕ ਵਿਧਾ ਦਾ ਜਨਮ ਹੋਇਆ ਹੈ।

ਇਸ ਨਵੀਂ ਵਿਧਾ ਦੇ ਵਿਧੀਵਤ ਜਨਮ, ਇਸ ਦੇ ਮੋਢੀ, ਪ੍ਰੇਰਕ ਕਾਰਨਾਂ ਤੇ ਇਸ ਦੇ ਕਾਵਿ ਸ਼ਾਸਤਰ ਬਾਰੇ ਗੱਲ ਦੇ ਆਸਾਰ ਬਣਦੇ ਨਜ਼ਰ ਆ ਰਹੇ ਹਨ। ਇਸ ਵਿਚ ਛਪਣ ਵਾਲੀਆਂ ਲਿਖਤਾਂ ਕੇਵਲ ਤਤਕਾਲੀਨ ਜਾਂ ਅਲਪਕਾਰੀ ਪਠਨ-ਸਾਮੱਗਰੀ ਕਹਿ ਕੇ ਪਾਸੇ ਕਰਨ ਵਾਲੀ ਸ਼ੈਅ ਨਹੀਂ ਰਹਿ ਗਈਆਂ। ਹਰਭਜਨ ਸਿੰਘ ਹੁੰਦਲ ਨੇ "ਮੋਤੀਆਂ ਵਰਗੇ ਅੱਖਰ" ਵਿਚ ਇਸ ਨਵੀਂ ਸਾਹਿਤਕ ਵਿਧਾ ਅਧੀਨ ਰਚੀਆਂ ਆਪਣੀਆਂ ਅੱਸੀ ਦੇ ਕਰੀਬ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਕੇ ਇਸ ਸਾਹਿਤਕ ਵਿਧਾ ਦੇ ਕਾਵਿ-ਸ਼ਾਸਤਰ ਦੀ ਪਛਾਣ ਵਾਸਤੇ ਆਧਾਰ ਬਣਾ ਦਿੱਤਾ ਹੈ। ਕਿਸੇ ਵੀ ਵਿਧਾ ਦੇ ਕਾਵਿ-ਸ਼ਾਸਤਰ ਦਾ ਨਿਰਮਾਣ ਉਸ ਵਿਧਾ ਦੀ ਪਛਾਣ ਅਤੇ ਇਸ ਨੂੰ ਪਛਾਣ ਬਖਸ਼ਣ ਵਾਲੀਆਂ ਗੌਰਵਮਈ ਰਚਨਾਵਾਂ ਦੀ ਭਰਪੂਰ ਮਾਤਰਾ ਵਿਚ ਰਚਨਾ ਉਪਰੰਤ ਹੀ ਸੰਭਵ ਹੁੰਦਾ ਹੈ। ਅਜਿਹੇ ਯਤਨ ਲਈ ਸਚਮੁੱਚ ਹੀ ਪੰਜਾਬੀ ਦੇ ਕੁਝ ਸਫਲ 'ਮਿਡਲ' 'ਮੋਤੀਆਂ ਵਰਗੇ ਅੱਖਰ' ਪੁਸਤਕ ਵਿਚ ਪ੍ਰਾਪਤ ਹਨ। ਹੁੰਦਲ ਨੇ ਇਨ੍ਹਾਂ ਦਾ ਸੰਕਲਨ ਇਸ ਵਿਧਾ ਦੀ ਸਚੇਤ ਪਛਾਣ ਨਾਲ ਹੀ ਕੀਤਾ ਹੈ।

ਹੁੰਦਲ ਦੁਆਰਾ ਲਗਭਗ ਦਸ ਵਰ੍ਹਿਆਂ ਵਿਚ ਲਿਖੇ ਗਏ ਇਹ ਮਿਡਲ ਵਿਸ਼ਾਲ ਤੇ ਬਹੁਰੰਗੀ ਅਨੁਭਵ ਵਾਲੇ ਸੰਘਰਸ਼ਸ਼ੀਲ ਜੀਵਨ ਵਿਚੋਂ ਆਪਣੇ ਨਾਲ ਜਾਂ ਆਪਣੇ ਆਲੇ-ਦੁਆਲੇ ਵਾਪਰੀ ਕਿਸੇ ਘਟਨਾ, ਦੁਰਘਟਨਾ, ਅਨੁਭਵ ਜਾਂ ਉਸ ਦੁਆਰਾ ਛੋੜੀ ਕਿਸੇ ਯਾਦ ਨੂੰ ਅਧਾਰ ਬਿੰਦੂ ਬਣਾ ਕੇ ਪਾਠਕ ਨੂੰ ਸੰਤੁਲਿਤ ਸਵੱਛ ਤੇ ਸੁਚੱਜੀ ਜ਼ਿੰਦਗੀ ਜੀਣ ਲਈ ਨਿਰਉਚੇਚ ਸੇਧ ਦੇਣ ਦਾ ਯਤਨ ਕਰਦੇ ਹੋਏ, ਪਾਠਕ ਦੀ ਸੁਹਜ ਭੁੱਖ ਦੀ ਪੂਰਤੀ ਕਰਦੇ ਹਨ। ਮੈਨੂੰ ਲੱਗਦਾ ਹੈ ਕਿ ਇਸ ਨਵੀਂ ਵਿਧਾ ਦੇ ਪ੍ਰੇਰਕ ਕਾਰਨਾਂ, ਉਦੇਸ਼ਾਂ ਅਤੇ ਵਿਭਿੰਨ ਵਿਸਤਾਰਾਂ ਦੀ ਇਹੀ, ਸਟੀਕ ਪਰਿਭਾਸ਼ਾ ਬਣਦੀ ਹੈ। 'ਮੋਤੀਆਂ ਵਰਗੇ ਅੱਖਰ' ਪੁਸਤਕ ਦੇ ਨਿਕਟ ਅਧਿਐਨ ਦੁਆਰਾ ਇਨ੍ਹਾਂ ਮੂਲ ਸਥਾਪਨਾਵਾਂ ਦੀ ਪੁਸ਼ਟੀ ਹੁੰਦੀ ਹੈ ਤੇ ਇਨ੍ਹਾਂ ਵਿਚ ਨਵੇਂ ਵਿਸਤਾਰ ਜੁੜਦੇ ਨਜ਼ਰ ਆਉਂਦੇ ਹਨ।

ਮਿਡਲ ਵਿਚ ਗੱਲ ਨਿੱਕੀ ਜਿਹੀ ਨਿਜੀ ਘਟਨਾ ਤੋਂ ਆਰੰਭ ਕਰਕੇ ਉਸ ਦੇ ਰੌਚਕ ਬਿਆਨ ਨਾਲ ਕੋਈ ਮਹੱਤਵਪੂਰਨ ਅੰਤਰ-ਦ੍ਰਿਸ਼ਟੀ ਪੇਸ਼ ਕਰਨ ਦੀ ਮਿਸਾਲ ਇਸ ਸੰਗ੍ਰਹਿ ਦੇ ਪਹਿਲੇ ਹੀ ਮਿਡਲ 'ਮਾਂ-ਬੋਲੀ ਦਾ ਕਮਾਲ' ਵਿਦਾ ਵੇਖੀ ਜਾ ਸਕਦੀ ਹੈ। ਭੋਪਾਲ ਵਿਚ ਸਰਬ ਭਾਰਤੀ ਜਨਵਾਦੀ ਲੇਖਕ ਸੰਘ ਦੇ ਇਕੱਠ ਵਿਚ ਹੁੰਦਲ ਸਾਹਿਬ ਪਹਿਲਾਂ ਆਪਣੀ ਗੱਲ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਦੇ ਸੁਮੇਲ ਨਾਲ ਕਰਨੀ ਚਾਹੁੰਦਾ ਹੈ ਪਰ ਸਵਾਦ ਨਹੀਂ ਆਉਂਦਾ। ਫਿਰ ਉਹ ਆਪਣੀ ਗੱਲ ਆਪਣੀ ਜ਼ੁਬਾਨ ਪੰਜਾਬੀ ਵਿਚ ਕਹਿੰਦਾ ਹੈ ਤਾਂ ਹਾਲ ਤਾੜੀਆਂ ਨਾਲ ਗੂੰਜ ਉੱਠਦਾ ਹੈ। ਇਹ ਕਮਾਲ ਆਪਣੀ ਮਾਂ ਬੋਲੀ ਦਾ ਹੈ। ਬਚਪਨ ਦੇ ਦਿਨ ਵਿਚ ਅਧਿਆਪਕ ਦੁਆਰਾ ਦਿੱਤੇ ਉਤਸ਼ਾਹ ਦਾ ਪ੍ਰੇਰਕ ਪ੍ਰਸੰਗ ਹੈ ਜੋ



ਅਜੋਕੇ ਅਧਿਆਪਕਾਂ ਲਈ ਮਾਰਗ ਦਰਸ਼ਕ ਬਣ ਸਕਦਾ ਹੈ। 'ਬਿੱਲੀ ਤੇ ਬਾਹਮਣੀ' ਸ਼ੀਰਸ਼ਕ ਆਪਣੇ ਆਪ ਵਿਚ ਹੀ ਆਕਰਸ਼ਕ ਹੈ ਜੋ ਪਾਠਕ ਨੂੰ ਪੂਰੇ ਬਿਰਤਾਂਤ ਨੂੰ ਪੜ੍ਹਨ ਲਈ ਉਤਸੁਕਤਾ ਪੈਦਾ ਕਰਦਾ ਹੈ। ਅਜਿਹੀ ਉਤਸੁਕਤਾ ਜਗਾਣ ਵਾਲੇ ਸ਼ੀਰਸ਼ਕ ਕਿਸੇ ਵੀ ਸਫਲ ਮਿਡਲ ਦੀ ਪਹਿਲੀ ਲੋੜ ਹੁੰਦੇ ਹਨ। ਇਸ ਮਿਡਲ ਵਿਚ ਘਟਨਾ ਇਕ ਬਿੱਲੀ ਦੁਆਰਾ ਮਾਰੀ ਕਿਸੀ ਕੁਕੜੀ ਦੀ ਹੈ। ਜਿਸ ਬਾਰੇ ਬਾਹਮਣੀ ਬਹੁਤ ਸੁੱਚ ਭਿੱਟ ਮੰਨਦੀ ਹੈ। 'ਨਾਨਕੇ ਪਿੰਡ ਦਾ ਅਸਰ' ਪੰਜਾਬ ਵਿਚ ਨਾਨਕਿਆਂ ਦੇ ਮਾਣ ਦੀ ਮਿੱਥ ਨੂੰ ਦ੍ਰਿੜ੍ਹ ਕਰਵਾਂਦਾ ਮਿਡਲ ਹੈ। 'ਯੂਰਪ ਦੀਆਂ ਸੜਕਾਂ' ਇੰਗਲੈਂਡ ਤੇ ਆਪਣੇ ਦੇਸ਼ ਦੀਆਂ ਸੜਕਾਂ ਬਾਰੇ ਇਕ ਤੁਲਨਾਤਮਕ ਜਾਇਜ਼ਾ ਪੇਸ਼ ਕਰਦਾ ਹੈ। 'ਮੇਰੇ ਪਿੰਡ ਦੀ ਲਏ ਨਾ ਸਾਰ ਕੋਈ' ਸ਼ੀਰਸ਼ਕ ਨਾਲ ਲਿਖੇ ਮਿਡਲ ਵਿਚ ਹੁੰਦਲ ਨੇ ਆਪਣੇ ਪਿੰਡ ਦੇ ਆਧਾਰ ਉੱਤੇ ਪੰਜਾਬ ਦੇ ਹਰ ਪਿੰਡ ਦੇ ਸਾਦਾ ਲੋਹ ਲੋਕਾਂ ਦੇ ਸੁਭਾਅ ਅਤੇ ਸਮੱਸਿਆਵਾਂ ਗ੍ਰਸਿਤ ਜੀਵਨ ਵੱਲ ਧਿਆਨ ਆਕਰਸ਼ਿਤ ਕੀਤਾ ਹੈ।

ਹੁੰਦਲ ਦੇ ਮਿਡਲ ਲੇਖਕ ਦੀ ਪਸੰਦ ਨਾਪਸੰਦ ਬਾਰੇ ਹਲਕੇ ਫੁਲਕੇ ਅੰਦਾਜ਼ ਵਿਚ ਗੱਲ ਕਰਦੇ ਹਨ। ਉਸ ਦੇ ਸ਼ੌਕ, ਜੀਵਨ ਉਦੇਸ਼ ਤੇ ਰੁਝੇਵੇਂ ਇਨ੍ਹਾਂ ਵਿਚ ਇਸ ਪ੍ਰਕਾਰ ਪੇਸ਼ ਹੁੰਦੇ ਹਨ ਕਿ ਪਾਠਕ ਨੂੰ ਆਪ ਮੁਹਾਰੇ ਇਨ੍ਹਾਂ ਤੋਂ ਕੋਈ ਉਸਾਰੂ ਸੇਧ ਮਿਲੇ। 'ਕਰ ਲਿਆ ਆਰਾਮ' ਨਾਮ ਦਾ ਮਿਡਲ ਵਿਹਲੇ ਸਮੇਂ ਨੂੰ ਵਧੀਆ ਪੁਸਤਕਾਂ ਪੜ੍ਹਨ ਵਾਸਤੇ ਵਰਤਣ ਦਾ ਸੁਝਾਅ ਦਿੰਦਾ ਹੈ। ਵਧੀਆਂ ਪੁਸਤਕਾਂ ਦੀ ਖੋਜ, ਹਰ ਘਰ, ਹਰ ਮਿੱਤਰ ਦੀ ਬੈਠਕ ਵਿਚ ਉਸਨੂੰ ਰਹਿੰਦੀ ਹੈ। 'ਦੇਸ਼ ਹੋਵੇ ਭਾਵੇਂ ਪ੍ਰਦੇਸ' ਇਨ੍ਹਾਂ ਆਸਰੇ ਉਹ ਹੋਰ ਸਭ ਕੁਝ ਭੁੱਲ ਸਕਦਾ ਹੈ। ਉਸ ਦੀ ਇਹ ਆਦਤ ਸ਼ਾਇਦ ਮੇਰੇ ਵਿਚ ਵੀ ਖਬਤ ਦੀ ਹੱਦ ਤੱਕ ਹੈ। ਕਿਤਾਬਾਂ, ਲੇਖਕਾਂ, ਲਿਖਤਾਂ ਬਾਰੇ ਮਿਡਲ ਹੁੰਦਲ ਅਕਸਰ ਲਿਖਦਾ ਹੈ। ਵਿਆਹ ਵਿਚ ਬੀ ਦਾ ਲੇਖਾ, ਲੇਖਕਾਂ ਦਾ ਸਮਾਗਮ ਤੇ ਸੜਦੀਆਂ ਕਿਤਾਬਾਂ, ਮਾਣ ਸਨਮਾਨ ਕਿ ਅਪਮਾਨ, ਕਵਿਤਾ ਇਕ ਚੰਚਲ ਨਾਰੀ ਹੈ ਪਰ ਵਾਰਤਕ? , ਸੰਪਾਦਕੀ ਕਰਨ ਦੀ ਪਹਿਲੀ ਪ੍ਰੀਖਿਆ, ਗਿੱਲ ਦਾ ਗਿਲਾ, ਪੁਰਾਣੇ ਖ਼ਤਾਂ ਨੂੰ ਫਰੋਲਦਿਆਂ, ਯਾਰਾਂ ਦੀ ਸ਼ਰਾਰਤ ਤੇ ਕਵਿਤਾ, ਕਵਿਤਾ ਵਿਚੋਂ ਕਵਿਤਾ, ਗੁਲਾਬ ਦੀ ਫਸਲ, ਕਵਿਤਾ ਦੀ ਰਚਨਾ ਤੇ ਕੀਤੇ ਕੰਮ ਦੀ ਤਸੱਲੀ ਜਹੇ ਮਿਡਲ ਸਾਹਿਤ, ਲੇਖਣ, ਲੇਖਕ ਤੇ ਲਿਖਤ ਦੇ ਮਹੱਤਵਪੂਰਨ ਸਰੋਕਾਰਾਂ ਬਾਰੇ ਸੋਚਣ ਲਈ ਮਜਬੂਰ ਕਰਦੇ ਹਨ। ਸਾਹਿਤ ਦੀ ਸਾਹਿਤਕਤਾ, ਸਾਰਥਕਤਾ, ਪ੍ਰਤੀਬਧਤਾ, ਉਦੇਸ਼, ਜਨ-ਸਾਧਾਰਨ ਵਿਚ ਇਸ ਦੀ ਸਵੀਕ੍ਰਿਤੀ ਦੇ ਆਧਾਰ, ਸਿਰਜਣਾ ਦੇ ਪ੍ਰੇਰਕ ਤੱਤ, ਸਾਹਿਤ ਤੇ ਸਾਹਿਤਕਾਰ ਨੂੰ ਸੌੜੇ ਨਿਜੀ ਉਦੇਸ਼ਾਂ ਲਈ ਵਰਦਾਨ ਤੇ ਸਿਆਸੀ ਪੈਂਤੜੇ ਤੇ ਪ੍ਰਲੋਭਨ ਜਿਹੇ ਮੁੱਦੇ ਬੜੇ ਹਲਕੇ ਫੁਲਕੇ ਤਰੀਕੇ ਨਾਲ ਉਪਰੋਕਤ ਮਿਡਲਾਂ ਵਿਚ ਉਠਾਏ ਗਏ ਹਨ।

ਸਮਾਜ ਵਿਚ ਵਿਆਪਤ ਭ੍ਰਿਸ਼ਟਾਚਾਰ ਧਰਮ ਦੇ ਨਾਂ ਉੱਤੇ ਹੁੰਦਾ ਦੰਭ, ਸੰਪ੍ਰਦਾਇਕ ਜਾਂ ਜੰਗਬਾਜ਼ ਸੋਚ ਕਾਰਨ ਆਮ ਆਦਮੀ ਦਾ ਹੁੰਦਾ ਘਾਣ, ਮਿਹਨਤ, ਸਮਾਜ ਸੁਧਾਰ ਤੇ ਸੰਘਰਸ਼ ਦੀ ਪ੍ਰੇਰਨਾ ਉੱਤੇ ਵੀ ਹੁੰਦਲ ਨੇ ਕਈ ਮਿਡਲ ਲਿਖੇ ਹਨ। ਇਹ ਮਿਡਲ ਅਨਿਆਂ, ਭ੍ਰਿਸ਼ਟਾਚਾਰ, ਧੱਕੇ ਤੇ ਦੰਭ ਵਿਰੁੱਧ ਲੜਨ ਲਈ ਬਲ ਦਿੰਦੇ ਹਨ। 'ਵਜ਼ੀਰ ਦੀ ਧੀ' ਵਿਚ ਚੇਤੰਨ ਤੇ ਨਿਡਰ ਲੋਕਾਂ ਦਾ ਏਕਾ ਹੰਕਾਰੀ ਹੋਈ ਵਜ਼ੀਰ ਦੀ ਧੀ ਨੂੰ ਪੈਰੋਂ ਕੱਢ ਦਿੰਦਾ ਹੈ।

'ਕੰਮ ਕਰਦੇ ਹੱਥ' ਕਿਰਤ ਦੇ ਸਤਿਕਾਰ ਨੂੰ ਦ੍ਰਿੜ ਕਰਵਾਉਣ ਵਾਲੀ ਰਚਨਾ ਹੈ। 'ਮਾਂ ਮਿੱਟੀ ਦੀ ਖ਼ੁਸ਼ਬੂ' ਵਿਚ ਦੇਸ਼ ਦੀ ਸੰਪ੍ਰਦਾਇਕ ਵੰਡ ਸਮੇਂ ਜੱਦੀ ਪੁਸ਼ਤੀ ਘਰ ਘਾਟ ਤੋਂ ਵਿਛੜੇ ਬੰਦੇ ਦਾ ਆਪਣੀ ਮਿੱਟੀ ਨਾਲ ਡੁਲ੍ਹ ਡੁਲ੍ਹ ਪੈਂਦਾ ਮੋਹ ਸਾਡੇ ਵਿਚੋਂ ਕਿਸੇ ਦਾ ਵੀ ਮੋਹ ਹੋ ਸਕਦਾ ਹੈ। 'ਸੌ ਗੰਢੇ ਤੇ ਸੌ ਛਿੱਤਰ ਵੀ' ਤੇ 'ਹੁਕਮ ਮੰਨ ਕੇ ਸੱਜਣਾ ਪਿਆਰਿਆਂ ਦਾ' ਜਿਹੇ ਮਿਡਲ ਐਮਰਜੈਂਸੀ ਸਮੇਂ ਹੁੰਦਲ ਵਲੋਂ ਕੱਟੀ ਜੇਲ੍ਹ ਦੇ ਖੱਟੇ ਮਿੱਠੇ, ਅਨੁਭਵਾਂ ਦਾ ਚਿਤਰਨ ਕਰਦੇ ਹਨ। 'ਮਾਣ ਸਨਮਾਨ ਕਿ ਅਪਮਾਨ' ਅਤੇ 'ਅਸੀਂ ਵੀ ਉਦਘਾਟਨ ਕੀਤਾ' ਜਿਹੇ ਮਿਡਲ ਲੇਖਕ ਨੂੰ ਸੰਕੀਰਨ ਉਦੇਸ਼ਾਂ ਦੀ ਪੂਰਤੀ ਲਈ ਵਰਤੇ ਜਾਣ ਦੀ ਸੰਭਾਵਨਾ ਤੋਂ ਸੁਚੇਤ ਕਰਦੇ ਹਨ। ਸੜ ਗਏ ਟਰਾਂਸਫਾਰਮਰ ਦੀ ਵਿਥਿਆ, ਕਿੱਸਾ ਇਕ ਐਲਬਮ ਦਾ ਤੇ ਥਾਣੇਦਾਰ ਦਾ, ਠੱਗੀ ਮਾਰਨ ਦੇ ਨਵੇਂ-ਨਵੇਂ ਢੰਗ, ਕਿੱਸਾ ਗੁਪਤ ਰਿਪੋਰਟਾਂ ਦਾ, ਮੇਰਾ ਕੀ ਕਸੂਰ ਹੈ, ਪੰਚਾਇਤ ਚੋਣਾਂ ਤੇ ਵਜ਼ੀਰ ਦੇ ਅੜਿੱਕੇ, ਗੁੰਡੇ ਸਿਪਾਹੀ ਦਾ ਕਲਿਆਣ, ਮਹਾਰਾਜ ਦੀ ਮਿਹਰ ਤੇ ਉਤਲੀ ਕਮਾਈ, ਗਿਆਨ ਗੋਸ਼ਟੀ ਤੇ ਗੁਰੂ ਕਾ ਲੰਗਰ ਵਰਗੇ ਮਿਡਲ ਜੀਵਨ ਦੇ ਵਿਭਿੰਨ ਖੇਤਰਾਂ ਵਿਚ ਹੋ ਰਹੇ ਭ੍ਰਿਸ਼ਟਾਚਾਰ ਦੇ ਡੰਬ 'ਤੇ ਰੰਗ ਬਿਰੰਗੇ ਚਿੱਤਰ ਉਜਾਗਰ ਕਰਦੇ ਹਨ।

ਹੁੰਦਲ ਨੇ ਦੇਸ਼ ਵੰਡ ਦਾ ਸੰਤਾਪ ਭੋਗਿਆ ਹੈ। ਉਸ ਦੇ ਪਿਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਗਰਮ ਮੈਂਬਰ ਰਹੇ ਹਨ। ਉਹ ਆਪ ਨਿਰੰਤਰ ਅਨਿਆਂ ਵਿਰੁੱਧ ਸੰਘਰਸ਼ਸ਼ੀਲ ਰਿਹਾ ਹੈ। ਉਸ ਦੇ ਮਾਤਾ ਪਿਤਾ ਤੇ ਉਹ ਆਪ ਉਜਾੜੇ ਦੀ ਮਾਰ ਉਪਰੰਤ ਕਿਰਤ ਤੇ ਮਿਹਨਤ ਆਸਰੇ ਮੁੜ ਆਪਣੇ ਪੈਰਾਂ ਉੱਤੇ ਖਲੋਤੇ ਹਨ। ਉਸ ਦਾ ਸੁਹਿਰਦ, ਸੰਵੇਦਨਸ਼ੀਲ ਤੇ ਮੂੰਹ ਫੱਟ ਸੁਭਾਅ, ਜੀਵਨ ਨੂੰ ਸਮਝਣ ਮਾਨਣ ਦੀ ਉਸ ਦੀ ਜਗਿਆਸਾ ਤੇ ਲੋਚਾਂ, ਉਸ ਦੀ ਘੁਮੱਕੜ ਬਿਰਤੀ, ਸਿਆਸੀ ਤੇ ਯੂਨੀਅਨਿਸਟ ਸਰਗਰਮੀਆਂ ਦਾ ਸਿੱਧਾ ਅਨੁਭਵ, ਵਿਸ਼ਾਲ ਅਧਿਐਨ ਤੇ ਨਿਰੰਤਰ ਪੇਂਡੂ ਵਾਸੇ ਕਾਰਨ ਪੰਜਾਬ ਦੀ ਮਿੱਟੀ ਤੇ ਮਾਨਸਿਕਤਾ ਦੀ ਪਛਾਣ ਹੁੰਦਲ ਦੀ ਵਾਰਤਕ ਦੀ ਡੂੰਘੀ ਸੰਰਚਨਾ ਨੂੰ ਅਨੇਕਾਂ ਦਿਸ਼ਾਵਾਂ ਵਾਲਾ ਗੌਰਵਮਈ ਧਰਾਤਲ ਪ੍ਰਦਾਨ ਕਰਦੇ ਹਨ।

'ਮੋਤੀਆਂ ਵਰਗੇ ਅੱਖਰ' ਵਿਚ ਸੰਕਲਿਤ ਮਿਡਲ ਵਿਸ਼ਿਆਂ ਦੀ ਵੰਨ-ਸੁਵੰਨਤਾ, ਆਪਣੇ ਹਲਕੇ ਫੁਲਕੇ ਅੰਦਾਜ਼, ਨਿਜੀ ਅਨੁਭਵ ਦੀਆਂ ਛੋਹਾਂ, ਪਾਠਕ ਨਾਲ ਸਹਿਜ ਸੰਬੰਧ ਸਥਾਪਤ ਕਰਨ ਦੀ ਆਪਣੀ ਸਮਰੱਥਾ ਅਤੇ ਜੀਵਨ ਲਈ ਉਸਾਰੂ ਸੇਧ ਜਿਹੇ ਗੁਣਾਂ ਦੇ ਧਾਰਨੀ ਹੋਣ ਦੇ ਨਾਲ-ਨਾਲ ਰੌਚਕ ਅਤੇ ਪੜ੍ਹਨਯੋਗ ਹਨ। ਇਨ੍ਹਾਂ ਨਾਲ ਪੰਜਾਬੀ ਪੱਤਰਕਾਰੀ ਦੇ ਵਿਕਸਿਤ ਹੋਣ ਨਾਲ ਉੱਭਰੀ ਮਿਡਲ ਦੀ ਸਾਹਿਤਕ ਵਿਧਾ ਨੂੰ ਮਜ਼ਬੂਤ ਪਛਾਣ ਮਿਲੀ ਹੈ। ਇਸ ਦਾ ਕਾਵਿ-ਸ਼ਾਸਤਰ ਨਿਰਧਾਰਿਤ ਕਰਨ ਲਈ ਜ਼ਮੀਨ ਮਿਲੀ ਹੈ। ਲੋੜ ਹੈ ਕਿ ਸਾਹਿਤ ਜਾਂ ਪੱਤਰਕਾਰੀ ਦੇ ਖੇਤਰ ਦਾ ਕੋਈ ਖੋਜਾਰਥੀ ਇਸ ਸੰਕਲਨ ਦਾ ਵਿਸਤ੍ਰਿਤ ਅਧਿਐਨ ਉਸੇ ਗੰਭੀਰਤਾ ਨਾਲ ਕਰੇ ਜਿਸ ਦਾ ਇਹ ਹੱਕਦਾਰ ਹੈ। ਇਹ ਨਿਬੰਧ ਇਸ ਦਿਸ਼ਾ ਵਿਚ ਮੁੱਢਲੇ ਯਤਨ ਵਜੋਂ ਨਿੱਗਰ ਆਧਾਰ ਭੂਮੀ ਬਣ ਸਕਦੇ ਹਨ। • – ਡਾ. ਕੁਲਦੀਪ ਸਿੰਘ ਧੀਰ



# West Punjab Stories in the East

Chiragh ..... special issue on Pakistani short story, edited by Harbhajan Singh Hundal, Talwinder Singh pp 100; price Indian Rs. 20. published from pind Fattu Chak, Post Office Dhilwan, district Kapurthala.

This is the 55th issue of the quarterly Chiragh, edited by a senior leftist poet, writer and teacher, Harbhajan Singh Hundal who migrated from the Faisalabad colonized areas in 1947 and settled in East Punjab. He was born in present-day Pakistan and had witnessed the hard labour put in by the settlers in bringing under plough the barren tracts abandoned by the original people of the area after the river Ravi and Chenab changed their courses.

Hundal's most memorable days of childhood and youth were spent in this part of the Sandal Bar. From this place his elder uncle had marched to Nankana Sahib to free Gurdawaras from the Hindu Mahant, who with the connivance of the Britist officers, killed more than one hundred Sikh volunteers inside the Gurdawara Janam Asthan. Hundal's uncle was in that Shaheedi jattha and was martyred, according to th sikh faith. That was the story narrated by Hundal himself when he first visited Nankana Sahib during Ayub's time, followed by many more visits thereafter as a pilgrim.

He also published a collection of travelogues some two years ago. He is one of those Punjabi writers who have been pleading the cause of friendship between Pakistan and India, particularly

between the two Punjabs. Hundal also wrote a long poem on Punjab and connected it with Shah Muhammad's Jangnama-i-Hind-Punjab .... an epic on the rise and fall of Ranjit Singh's Lahore darbar.

With that background, Harbhajan Singh Hundal has been producing Punjabi Writings from Pakistan in almost every issue of Chiragh and now comes a full issue on selected Punjabi short stories from this side of the border. It is apparent that Hundal has taken keen interest in the selection of the 15 stories, published with the author's postal addresses and phone numbers, so as to help readers in East Punjab establish, contact with the writers in Pakistan.

Among the seniors, Hundal has selected only four, those by Anwar Ali, Husain Shahid, Afzal Tauseef and Ashiq Raheel. This indicates that he has deliberately dropped those seniors whose pieces he has been including in the past. Among the youngers, he includes Karamat Ali Mughal, Khalid Mahmood Dhaliwal, Zubair Ahmad, Ashiq, Jamil Ahmad Pal, Ghulam Hussain Sajid, Mir Tanha Yusufi and Dr. Saeed Bhutta.

We have a good number of women short story writers, but from amongst them he has included only two Afzal Tauseef and Khawar Raja. The magazine carries an advertisement of an anthology of stories from western Punjab, edited by Talvinder Singh, The title is Sanjhi Peerr (Comman Pain). One hopes that this effort will be well-received in our Punjab also.

**Shafkat Tanvir Mirza of Lahore**



# ਪੁਸਤਕ ਪ੍ਰਾਪਤੀ

1. ਧੁੰਦ ਵਿਚ ਬਲਦੇ ਚਿਰਾਗ਼ (ਕਹਾਣੀਆਂ) ਹਾਕਮ ਸਿੰਘ ਗਾਲਿਬ, ਪੰਨੇ 104, ਮੁੱਲ 110/- ਉਡਾਨ ਪਬਲੀਕੇਸ਼ਨਜ਼ ਮਾਨਸਾ
2. ਸੋਜ਼ੇ ਨਿਹਾਂ (ਚੋਣਵੇਂ ਸ਼ਿਅਰ) ਗਿੱਲ ਮੋਰਾਂਵਾਲੀ ਪੰਨੇ 103, ਮੁੱਲ 100/- ਵਰਤਮਾਨ ਪ੍ਰਕਾਸ਼ਨ, ਦਿੱਲੀ
3. ਸਮਰਪਿਤ (ਕਵਿਤਾ) ਗੁਰਨਾਮ ਢਿੱਲੋਂ, ਪੰਨੇ 92, ਮੁੱਲ 60/- ਕੁਕਨੁਸ ਪ੍ਰਕਾਸ਼ਨ, ਜਲੰਧਰ
4. ਖ਼ਿਆਲ ਖ਼ੁਸ਼ਬੋ ਜਿਹਾ (ਗ਼ਜ਼ਲਾਂ) ਬੂਟਾ ਸਿੰਘ ਚੌਹਾਨ ਪੰਨੇ 64, ਮੁੱਲ 100/- ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
5. ਕੀ ਲਿਖਾਂ ਕਵਿਤਾ (ਕਵਿਤਾਵਾਂ) ਡਾ. ਸ਼ਿਆਮ ਸੁੰਦਰ ਦੀਪਤੀ, ਪੰਨੇ 96, ਮੁੱਲ 120/- ਪ੍ਰੇਰਣਾ ਪ੍ਰਕਾਸ਼ਨ ਅੰਮ੍ਰਿਤਸਰ।
6. ਅੱਗ ਨਾਲ ਖੇਡਦਿਆਂ (ਕਵਿਤਾਵਾਂ) ਸੁਰਿੰਦਰ ਰਾਮਪੁਰੀ, ਪੰਨੇ 80, ਮੁੱਲ 100/- ਸਵਿੱਤਰੀ ਪ੍ਰਕਾਸ਼ਨ, ਰਾਮਪੁਰ ਲੁਧਿਆਣਾ
7. ਮੈਨੂੰ ਖੰਡਰ ਹੀ ਰਹਿਣ ਦਿਓ (ਕਵਿਤਾਵਾਂ) ਸੁਰਿੰਦਰ ਢਿੱਲੋ, ਪੰਨੇ 80 ਮੁੱਲ 50/- ਕੁਕਨੁਸ ਪ੍ਰਕਾਸ਼ਨ ਜਲੰਧਰ
8. ਕਿਣਕੇ ਦੀ ਕਾਇਨਾਤ (ਕਵਿਤਾਵਾਂ) ਸੁਰਿੰਦਰਜੀਤ ਕੌਰ ਪੰਨੇ 119, ਮੁੱਲ 125/- ਲੋਕ ਰੰਗ ਪ੍ਰਕਾਸ਼ਨ ਲੁਧਿਆਣਾ
9. ਸ਼ੇਖ਼ ਦਪਹਿਰੀ (ਕਵਿਤਾਵਾਂ) ਅਮਨਦੀਪ, ਪੰਨੇ 100, ਮੁੱਲ 60/- ਪ੍ਰਗੀਤ ਪ੍ਰਕਾਸ਼ਨ ਮੁਹਾਲੀ
10. ਫੁੱਲ ਬਣੇ ਅੰਗਿਆਰ (ਕਵਿਤਾ) ਭੁਪਿੰਦਰ ਸੱਗੂ, ਪੰਨ 80, ਮੁੱਲ 100/- ਨੈਸ਼ਨਲ ਬੁੱਕ ਸ਼ਾਪ ਚਾਂਦਨੀ ਚੌਂਕ ਦਿੱਲੀ-6
11. ਪੌਣਾ ਆਦਮੀ (ਕਹਾਣੀਆਂ) ਬੀ. ਐਸ. ਬੀਰ ਪੰਨੇ 84, ਮੁੱਲ 30/- ਮਹਿਰਮ ਪਬਲੀਕੇਸ਼ਨ, ਨਾਭਾ
12. ਤੇਰਾ ਅੰਬਰਾਂ 'ਚ ਨਾਂ ਲਿਖਿਆ (ਕਵਿਤਾਵਾਂ) ਕੁਲਵੰਤ ਸਿੰਘ ਗਰੇਵਾਲ, ਪੰਨੇ 204, ਮੁੱਲ 200/ - ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ।
13. ਕਾਮਰੇਡ ਹਰਨਾਮ ਸਿੰਘ ਚਮਕ (ਜੀਵਨੀ ਤੇ ਰਚਨਾ) ਪੰਨੇ 88, ਮੁੱਲ 30/- ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ, ਲੇਖਕ ਬਲਬੀਰ ਲੌਂਗੋਂਵਾਲ
14. ਜੁਝਾਰੂ ਸ਼ਬਦ (ਕਵਿਤਾ) ਬਲਵੀਰ ਲੌਂਗੋਵਾਲ, ਪੰਨੇ 35, ਮੁੱਲ 5/- ਇਨਕਲਾਬੀ ਸਾਹਿਤ ਕੇਂਦਰ, ਪੰਜਾਬ
15. ਧੁਆਂਖੇ ਪਲ (ਕਵਿਤਾ) ਬਲਵੀਰ ਚੰਦ ਲੌਂਗੋਵਾਲ ਪੰਨੇ 53, ਮੁੱਲ 10/- ਪ੍ਰਗਤੀ ਵਿਚਾਰ ਮੰਚ ਲੌਂਗੋਵਾਲ
16. ਚਾਨਣ ਦੇ ਕਾਤਲ (ਨਾਵਲ) ਬਲਵੀਰ ਚੰਦ ਲੌਂਗੋਵਾਲ, ਪੰਨ 96 ਮੁੱਲ 20/- ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
17. ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ (ਜੀਵਨੀ) ਬਲਵੀਰ ਚੰਦ ਲੌਂਗੋਵਾਲ, ਪੰਨੇ 48, ਮੁੱਲ 20/- ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

18. ਸੰਗਰੂਰ ਜ਼ਿਲ੍ਹੇ ਦੇ ਸ਼ਹੀਦ ਅਤੇ ਦੇਸ਼ ਭਗਤ (ਇਤਿਹਾਸ) ਬਲਵੀਰ ਲੌਂਗੋਵਾਲ ਪੰਨੇ 120/- ਕੀਮਤ 50/- ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ
19. ਇਹ ਜੈਕਪਾਟ ਮੇਰਾ ਹੈ (ਕਵਿਤਾਵਾਂ) ਬੀ. ਐਸ. ਬੀਰ, ਪੰਨੇ 132, ਮੁੱਲ 140/- ਆਰਸੀ ਪਬਲਿਸ਼ਰਜ ਦਿੱਲੀ
20. ਨਦੀ ਨੂੰ ਵਹਿਣਾ ਪਿਆ (ਲੰਮੀ ਕਵਿਤਾ) ਅਮਰਜੀਤ ਘੁੰਮਣ, ਪੰਨੇ 96 ਮੁੱਲ 125/- ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ
21. ਵਾ-ਵਰੋਲਿਆਂ ਵਿਚ ਘਿਰੀ ਹੋਂਦ (ਕਵਿਤਾਵਾਂ) ਬਲਵੀਰ ਪਰਵਾਨਾ ਪੰਨੇ 120 ਮੁੱਲ 80/- ਚੇਤਨਾ ਪ੍ਰਕਾਸ਼ਨ ਲੁਧਿਆਣਾ
22. ਨਵੀਆਂ ਪੁਰਾਣੀਆਂ ਯਾਦਾਂ (ਯੂ. ਕੇ. ਦਾ ਸਫਰਨਾਮਾ) ਪ੍ਰੋ. ਆਸ਼ਕ ਰਹੀਲ ਪੰਨੇ 208 ਮੁੱਲ 200/ - ਗੁਲਸ਼ਨ ਅਦਬ ਪਬਲੀਕੇਸ਼ਨਜ਼ ਸੰਤ ਨਗਰ ਲਾਹੌਰ
23. ਹੰਝੂਆਂ ਦੇ ਹਾਰ (ਗ਼ਜ਼ਲਾਂ, ਗੀਤ) ਤਰਸੇਮ ਸਿੰਘ ਸਫ਼ਰੀ ਪੰਨੇ 104, ਮੁੱਲ 140/- ਦੀਪਕ ਪਬਲਿਸ਼ਰਜ ਜਲੰਧਰ
24. ਤੇ ਰੋਮ ਜਝਦਾ ਰਿਹਾ (ਨਾਟਕ) ਸੋਮਪਾਲ ਹੀਰਾ ਪੰਨੇ 88, ਮੁੱਲ 100/-, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ
25. ਦਰਦ ਮਜੀਠੀ (ਕਵਿਤਾ) ਦਰਸ਼ਨ ਬੁੱਟਰ, ਪੰਨੇ 96 ਮੁੱਲ 100/- ਚੇਤਨਾ ਪ੍ਰਕਾਸ਼ਨ ਲੁਧਿਆਣਾ
26. ਅਨੁਸਰਨ (ਆਲੋਚਨਾ) ਡਾ. ਤੇਜਵੰਤ ਮਾਨ, ਪੰਨੇ 160 ਮੁੱਲ 200/- ਲਿਟਰੇਚਰ ਹਾਊਸ ਅੰਮ੍ਰਿਤਸਰ
27. ਤੇਰੀ ਭਾਲ ਵਿਚ (ਗ਼ਜ਼ਲਾਂ) ਪਵਨ ਕੁਮਾਰ ਸੋਨੀ ਸਫੇ 74 ਮੁੱਲ 70/- ਨਵੀਨ ਪ੍ਰਕਾਸ਼ਨ ਅੰਮ੍ਰਿਤਸਰ।


ਕਵਿਤਾ ਦੇ ਅਨੁਵਾਦ ਦੇ ਖੇਤਰ ਵਿਚ
ਹਰਭਜਨ ਸਿੰਘ ਹੁੰਦਲ ਦੇ ਦੋ ਹੋਰ ਸੰਜੀਦਾ ਯਤਨ

**ਪਾਬਲੋ ਨੇਰੂਦਾ - ਚੋਣਵੀਂ ਕਵਿਤਾ - ਭਾਗ ਦੂਜਾ**
ਪੰਨੇ 270 ਮੁੱਲ 300/-

**ਨਾਜ਼ਿਮ ਹਿਕਮਤ - ਚੋਣਵੀਂ ਕਵਿਤਾ - ਭਾਗ ਦੂਜਾ**
ਪੰਨੇ 275, ਮੁੱਲ 300/-
ਫੋਨ : 011-22451046

**ਮਨਪ੍ਰੀਤ ਪ੍ਰਕਾਸ਼ਨ**
16/16 ਗੀਤਾ ਕਾਲੋਨੀ ਪਹਿਲੀ ਮੰਜ਼ਿਲ ਦਿੱਲੀ-31




# ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦਾ ਤੁਰ ਜਾਣਾ



ਪੰਜਾਬ ਦੀ ਪ੍ਰਸਿੱਧ ਗਾਇਕਾ ਸੁਰਿੰਦਰ ਕੌਰ ਦਾ ਤੁਰ ਜਾਣਾ ਇਤਿਹਾਸ ਦੇ ਇੱਕ ਮਹੱਤਵਪੂਰਨ ਕਾਂਡ ਦਾ ਅੰਤ ਹੋ ਜਾਣ ਦੇ ਬਰਾਬਰ ਹੈ। ਸੰਗੀਤ ਦੇ ਖੇਤਰ ਵਿਚ ਪਾਈਆਂ ਉਸ ਦੀਆਂ ਪੈੜਾਂ ਉੱਤੇ ਤੁਰਨਾ ਆਸਾਨ ਕਾਰਜ ਨਹੀਂ ਹੋਵੇਗਾ। ਉਹ ਪੰਜਾਬ ਦੀ ਰੂਹ, ਪੰਜਾਬ ਦੀ ਭੋਏਂ, ਇਸ ਦੀ ਸੁਗੰਧੀ ਨੂੰ ਸਮਝਣ ਵਾਲੀ ਸ਼ਖਸੀਅਤ ਤੇ ਸੱਚੀ-ਸੁੱਚੀ ਔਰਤ ਸੀ। ਸਿਹਤਮੰਦ ਸੰਗੀਤ ਦੀ ਗਾਇਕੀ ਦੀ ਪਰੰਪਰਾ ਨੂੰ ਉਸ ਦੇ ਤੁਰ ਜਾਣ ਬਾਅਦ ਜੀਵੰਤ ਰੱਖਣਾ, ਅਜਿਹਾ ਸਵਾਲ ਹੈ, ਜਿਸ ਦਾ ਜਵਾਬ ਲੱਭਣਾ ਸੌਖਾ ਨਹੀਂ। ਸੰਗੀਤ ਦੇ ਇਕ ਸੁਨਹਿਰੀ ਯੁੱਗ ਦੇ ਅੰਤ ਹੋ ਜਾਣ ਦੇ ਦੁੱਖ ਵਿਚ ਅਸੀਂ ਵੀ ਸ਼ਾਮਿਲ ਹਾਂ।

-ਸੰਪਾਦਕੀ ਮੰਡਲ


## ਭਲਾ ਇਹ ਕੁਕਨੁਸ ਪ੍ਰਕਾਸ਼ਨ ਕੀ ਬਲਾ ਹੋਈ?

150 ਕਿਤਾਬਾਂ ਦੇ ਪੂਰੇ ਸੈੱਟ ਦੀ ਕੀਮਤ : 2500 ਰੁਪਏ
ਜੀਵਨ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ

ਤੁਹਾਡੀ ਪਸੰਦ ਦੀਆਂ ਗਿਆਰਾਂ ਸੌ ਰੁਪਏ ਦੇ ਮੁੱਲ ਦੀਆਂ ਕਿਤਾਬਾਂ ਸਿਰਫ਼ ਪੰਜ ਸੌ ਰੁਪਏ ਵਿਚ ਪਾਠਕਾਂ ਲਈ ਵਿਸ਼ੇਸ਼ ਰਿਆਇਤ : 40% ਤੋਂ 70% ਤੱਕ।
ਵਧੇਰੇ ਜਾਣਕਾਰੀ ਲਈ ਪੰਜ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਸੂਚੀ ਮੰਗਵਾਓ

## ਕੁਕਨੁਸ ਦਾ 'ਚਲਦਾ ਫਿਰਦਾ ਕਿਤਾਬ ਘਰ'

ਤੁਹਾਡੇ ਘਰ ਤਕ ਕਿਤਾਬਾਂ ਪਹੁੰਚਾਉਣ ਲਈ ਵਚਨਬੱਧ ਹੈ।

ਐਨ. ਐਮ. 451, ਮੁਹੱਲਾ ਕਰਾਰ ਖਾਂ, ਜਲੰਧਰ
ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ, ਜਲੰਧਰ
ਫੋਨ : 2214028, 98140-55411
(ਸਹਿਯੋਗ ਰਾਸ਼ੀ ਮਨੀਆਰਡਰ ਜਾਂ ਡਿਮਾਂਡ ਡਰਾਫਟ ਰਾਹੀਂ ਹੀ ਭੇਜੀ ਜਾਏ)

Chirag Quarterly July-Sept. 2006
Registered with the Registrar of News-Papers of India No. PUN-PUN 0 2276/AL/TC94

ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਿਲ

ਅਮਰ ਪ੍ਰੀਤ
ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ– (O) 01852-222927
(R) 98140-75265
(Fax) 225327